ਗੁਰ-ਸੰਦੇਸ਼



ਡਾ. ਰਤਨ ਸਿੰਘ ਜੱਗੀ

ਗੁਰ-ਸੰਦੇਸ਼

ਡਾ. ਰਤਨ ਸਿੰਘ ਜੱਗੀ

ਸਿੰਘ ਬ੍ਰਦਰਜ਼
ਅੰਮ੍ਰਿਤਸਰ

GUR-SANDESH

(An interpretation of the Divine Sermons of the Sikh Gurus)

by

DR. RATTAN SINGH JAGGI

ISBN 81-7205-016-X

ਪਹਿਲੀ ਵਾਰ ਮਾਰਚ 1991

ਦੂਜੀ ਵਾਰ ਨਵੰਬਰ 2002

ਮੁੱਲ : 80-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 98, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com


Website : www.singhbrothers.com

ਪ੍ਰਿੰਟਰਜ਼ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਵਿਸ਼ੇ-ਸੂਚੀ

ਗੁਰ-ਸੰਦੇਸ਼



ਡਾ. ਰਤਨ ਸਿੰਘ ਜੱਗੀ

ਪ੍ਰਵੇਸ਼

ਮੱਧ ਯੁੱਗ ਦੇ ਭਾਰਤੀ ਇਤਿਹਾਸ ਵਿਚ ਪੰਜਾਬ ਦੇ ਭਗਤੀ ਅੰਦੋਲਨ ਦਾ ਵਿਸ਼ੇਸ਼ ਸਥਾਨ ਹੈ, ਕਿਉਂਕਿ ਗੁਰੂ ਸਾਹਿਬਾਨ ਨੇ ਉਸ ਯੁੱਗ ਦੇ ਪੁਰਾਣੇ ਅਤੇ ਨਿਰਾਰਥਕ ਜੀਵਨ-ਮੁੱਲਾਂ ਨੂੰ ਨਕਾਰਿਆ ਅਤੇ ਯੁੱਗ ਦੀਆਂ ਪਰਿਸਥਿਤੀਆਂ ਅਨੁਸਾਰ ਨਵੇਂ ਮੁੱਲਾਂ ਦੀ ਸਥਾਪਨਾ ਕੀਤੀ ਤਾਂ ਜੁ ਮਨੁੱਖ ਚੰਗੇ ਕਰਮਾਂ ਵਿਚ ਮਗਨ ਹੋਵੇ ਅਤੇ ਇਸ ਸੰਸਾਰ ਵਿਚ ਰਹਿੰਦਾ ਹੋਇਆ, ਇਸ ਦੇ ਮਾਇਕ ਪ੍ਰਪੰਚ ਤੋਂ ਬੇਲਾਗ ਰਹੇ। ਸਾਤਵਿਕ ਰੁਚੀਆਂ ਦਾ ਵਿਕਾਸ ਕਰਨਾ, ਜਾਤਿ ਭੇਦ-ਭਾਵ ਤੋਂ ਉੱਚਾ ਉਠਣਾ, ਸਦ-ਕਰਮਾਂ ਵਿਚ ਲੀਨ ਹੋਣਾ, ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ; ਇਹ ਗੁਰਮਤਿ ਦੇ ਮੂਲ ਆਧਾਰਕ ਮੁੱਲ ਹਨ। ਇਨ੍ਹਾਂ ਮੁੱਲਾਂ ਅਨੁਸਾਰ ਜੀਵਨ ਜੀਣ ਨਾਲ ਹਰ ਕਿਸੇ ਦਾ ਅਧਿਆਤਮਿਕ ਭਵਿੱਖ ਨਿਸਚੇ ਹੀ ਸੁਧਰਦਾ ਹੈ। ਇਨ੍ਹਾਂ ਮੁੱਲਾਂ ਦਾ ਅੱਜ ਵੀ ਅਰਥ ਹੈ ਅਤੇ ਇਨ੍ਹਾਂ ਦੀ ਭਾਵਨਾ ਦੀ ਪ੍ਰਸੰਗਿਕਤਾ ਸਦੀਵੀ ਹੈ।

ਗੁਰਬਾਣੀ ਪੜ੍ਹਨ ਅਤੇ ਵਿਚਾਰਨ ਵੱਲ ਮੈਂ ਪਿਛਲੇ ੪੦ ਸਾਲਾਂ ਤੋਂ ਰੁਚਿਤ ਹਾਂ। ਇਸ ਸੰਬੰਧ ਵਿਚ ਜਿਥੇ ਅਨੇਕਾਂ ਪੁਸਤਕਾਂ ਦੀ ਰਚਨਾ ਕੀਤੀ ਹੈ, ਉਥੇ ਸਮੇਂ ਸਮੇਂ ਅਖ਼ਬਾਰਾਂ/ਰਸਾਲਿਆਂ ਲਈ ਨਿੱਕੇ ਨਿੱਕੇ ਲੇਖ ਵੀ ਲਿਖਦਾ ਰਿਹਾ ਹਾਂ। ਉਨ੍ਹਾਂ ਵਿੱਚੋਂ ੩੧ ਲੇਖਾਂ ਨੂੰ ਇਸ ਪੁਸਤਕ ਵਿਚ ਸੰਕਲਿਤ ਕੀਤਾ ਹੈ। ਇਨ੍ਹਾਂ ਲੇਖਾਂ ਵਿਚ ਕੋਈ ਨਾ ਕੋਈ ਗੁਰ-ਸੰਦੇਸ਼ ਹੈ, ਜਿਸ ਅਨੁਰੂਪ ਜੀਵਨ ਨੂੰ ਢਾਲਣ ਨਾਲ ਹਰ ਇਕ ਮਨੁੱਖ ਦਾ ਕਲਿਆਣ ਹੋ ਸਕਦਾ ਹੈ, ਕਿਉਂਕਿ ਇਹ ਸਭ ਲਈ ਸਾਂਝੇ ਸੰਦੇਸ਼ ਹਨ ਅਤੇ ਇਨ੍ਹਾਂ ਦੀ ਅੱਜ ਦੇ ਯੁੱਗ ਵਿਚ ਵੀ ਪੂਰੀ ਸਾਰਥਕਤਾ ਹੈ। ਮੇਰੀ ਇਹੀ ਇੱਛਾ ਇਸ ਸੰਗ੍ਰਹਿ ਨੂੰ ਸਾਕਾਰ ਰੂਪ ਦੇਣ ਦੀ ਭੂਮਿਕਾ ਨਿਭਾ ਰਹੀ ਹੈ।

ਆਸ ਹੈ ਸੂਝਵਾਨ ਪਾਠਕ ਪੜ੍ਹ ਕੇ ਲਾਭ ਉਠਾਉਣ ਦੀ ਖੇਚਲ ਕਰਨਗੇ।

ਰਤਨ ਸਿੰਘ ਜੱਗੀ

੪੧੯੩, ਅਰਬਨ ਅਸਟੇਟ-II,
ਪਟਿਆਲਾ-੨

ਗੁਰ-ਸੰਦੇਸ਼



ਡਾ. ਰਤਨ ਸਿੰਘ ਜੱਗੀ

ਮੂਲ-ਮੰਤ੍ਰ ਦਾ ਸਰੂਪ

ਗੁਰਬਾਣੀ ਵਿਚ 'ਮੂਲ-ਮੰਤ੍ਰ' ਦਾ ਵਿਸ਼ੇਸ਼ ਅਤੇ ਪ੍ਰਮੁਖ ਸਥਾਨ ਹੈ। ਇਹ ਪੂਰੇ ਜਾਂ ਸੰਖਿਪਤ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ੫੬੭ ਵਾਰ ਵਰਤਿਆ ਗਿਆ ਹੈ। ਹਰ ਰਾਗ, ਹਰ ਬਾਣੀ ਦੇ ਆਰੰਭ ਵਿਚ ਇਹ ਦਰਜ ਹੈ। ਇਸ ਲਈ ਇਸ ਦਾ ਮਹੱਤਵ ਸਵੈ-ਸਿੱਧ ਹੈ। ਇਹ ਦੋ ਸ਼ਬਦਾਂ ਦਾ ਸੰਯੁਕਤ ਰੂਪ ਹੈ। ਪਹਿਲੇ ਸ਼ਬਦ 'ਮੂਲ' ਦਾ ਅਰਥ ਹੈ 'ਜੜ੍ਹ'। ਗੁਰਵਾਕ ਹੈ: "ਮੂਲ ਬਿਨਾ ਸਾਖਾ ਕਤ ਆਹੈ॥"[1] ਇਸ ਤੋਂ ਭਾਵ ਮੁਢ ਜਾਂ ਆਦਿ ਅਤੇ ਆਧਾਰ ਜਾਂ ਬੁਨਿਆਦ ਵੀ ਲਿਆ ਜਾ ਸਕਦਾ ਹੈ। ਦੂਜੇ ਸ਼ਬਦ 'ਮੰਤ੍ਰ' ਦਾ ਨਿਰੁਕਤ ਅਨੁਸਾਰ ਅਰਥ ਹੈ 'ਜੋ ਮਨਨ ਕਰੀਏ, ਉਹ ਮੰਤ੍ਰ ਹੈ'। ਮੰਤ੍ਰ ਅਸਲ ਵਿਚ ਉਹ ਸ਼ਬਦ ਜਾਂ ਸ਼ਬਦ-ਸਮੂਹ ਹੈ ਜਿਸ ਨਾਲ ਕਿਸੇ ਦੇਵਤਾ ਜਾਂ ਇਸ਼ਟ-ਦੇਵ ਦੀ ਸਿੱਧੀ ਜਾਂ ਅਲੌਕਿਕ ਸ਼ਕਤੀ ਦੀ ਪ੍ਰਾਪਤੀ ਹੋਵੇ। ਗੁਰੂ ਅਰਜਨ ਦੇਵ ਜੀ ਅਨੁਸਾਰ:

ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ॥੩॥੨੮॥

(ਪੰਨਾ ੩੭੭)

ਇਸ ਤਰ੍ਹਾਂ 'ਮੂਲ-ਮੰਤ੍ਰ' ਤੋਂ ਭਾਵ ਹੈ—ਬੁਨਿਆਦੀ ਮੰਤ੍ਰ, ਆਧਾਰ-ਭੂਤ ਮੰਤ੍ਰ।

ਗੁਰੂ ਨਾਨਕ ਦੇਵ ਜੀ ਨੇ 'ਮੂਲ-ਮੰਤ੍ਰ' ਪਦ ਨੂੰ ਸਪੱਸ਼ਟ ਕਰਦਿਆਂ ਫ਼ੁਰਮਾਇਆ ਹੈ ਕਿ ਹਰਿ ਦਾ ਨਾਮ ਹੀ ਮੂਲ-ਮੰਤ੍ਰ ਹੈ, ਇਹੀ ਸਾਰਿਆਂ ਰਸਾਂ ਦਾ ਸੋਮਾ ਹੈ ਤੇ ਇਸੇ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ:

ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥੫॥ *(ਪੰਨਾ ੧੦੪੦)*

ਸਿਖ ਧਰਮ-ਸਾਧਨਾ ਵਿਚ 'ਮੂਲ-ਮੰਤ੍ਰ' ਵੱਲ ਸੰਕੇਤ ਕਰਦਿਆਂ ਭਾਈ ਗੁਰਦਾਸ ਜੀ ਨੇ ਛੇਵੀਂ ਵਾਰ ਵਿਚ ਕਿਹਾ ਹੈ—"ਸਤਿ ਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣੁ ਪਰਵਾਣੈ॥" ਇਸ ਤੋਂ ਭਾਵ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਆਇਆ ਵਸਤੂ-ਨਿਰਦੇਸ਼ਾਤਮਕ ਮੰਗਲਾਚਰਣ—"ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥" ਹੀ ਮੂਲ-ਮੰਤ੍ਰ ਹੈ। *ਪੁਰਾਤਨ ਜਨਮਸਾਖੀ* ਦੀ ੪੭ਵੀਂ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਮੰਤ੍ਰ ਦੇ ਪਾਠ ਕਰਨ ਦੀ ਮਹੱਤਵ ਸਥਾਪਨਾ ਕੀਤੀ ਹੈ।

ਮੂਲ-ਮੰਤ੍ਰ ਵਿਚ ਕੁਲ ਇਕ ਅੱਖਰ ਅਤੇ ੧੩ ਸ਼ਬਦ ਹਨ। ਇਸ ਵਿਚ ਸਿਖ

---

1. ਭੈਰਉ ਮ: ੫, ਪੰਨਾ ੧੧੪੯.

ਧਰਮ ਦੇ ਸਿਧਾਂਤਾਂ ਦਾ ਬੀਜ ਰੂਪ ਸਮੋਇਆ ਹੋਇਆ ਹੈ। ਇਹ ਭਾਵੇਂ ਜਪੁਜੀ ਦੇ ਆਰੰਭ ਵਿਚ ਆਇਆ ਹੈ, ਪਰ ਇਹ ਜਪੁਜੀ ਦਾ ਅੰਗ ਨਹੀਂ, ਸੁਤੰਤਰ ਭਾਵ ਅਭਿਵਿਅਕਤੀ (Expression) ਹੈ। ਇਸ ਵਿਚਲੇ ਪਰਮਾਤਮਾ ਦੇ ਸਰੂਪ ਅਤੇ ਪ੍ਰਾਪਤੀ-ਸਾਧਨ ਦੀ ਵਿਆਖਿਆ ਪਹਿਲਾਂ ਜਪੁਜੀ ਵਿਚ ਹੋਈ ਹੈ ਅਤੇ ਫਿਰ ਸੰਪੂਰਣ ਗੁਰਬਾਣੀ ਵਿਚ ਹੋਈ ਹੈ। ਇਸ ਵਿਚ ਪਰਮ-ਤੱਤ ਦੇ ਜਿਸ ਦਾਰਸ਼ਨਿਕ ਸਰੂਪ ਦੀ ਗੱਲ ਕਹੀ ਗਈ ਹੈ, ਉਸਦੀ ਪ੍ਰਾਪਤੀ ਗੁਰੂ ਦੀ ਕਿਰਪਾ ਦੁਆਰਾ ਦੱਸ ਕੇ ਦਾਰਸ਼ਨਿਕਤਾ ਦਾ ਭਾਵਾਤਮਕਤਾ ਨਾਲ ਸੰਜੋਗ ਕਰ ਦਿੱਤਾ ਗਿਆ ਹੈ। ਅਸਲ ਵਿਚ, ਇਸ ਵਿਚਲੇ ਸਾਰੇ ਸ਼ਬਦ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਿਕ ਧਾਰਨਾ ਨੂੰ ਸਪੱਸ਼ਟ ਕਰਦੇ ਹਨ।

'ਓਅੰਕਾਰ' ਸ਼ਬਦ ਬ੍ਰਹਮ ਜਾਂ ਪਰਮਾਤਮਾ ਦਾ ਵਾਚਕ ਹੈ। ਗੁਰੂ ਨਾਨਕ ਦੇਵ ਜੀ ਨੇ ਪਰਮ-ਸੱਤਾ ਦੀਆਂ ਸਾਰੀਆਂ ਸ਼ਕਤੀਆਂ ਦਾ ਆਰੋਪਣ ਇਸ ਵਿਚ ਕੀਤਾ ਹੈ। 'ਓਅੰਕਾਰ' ਨਾਂ ਦੀ ਬਾਣੀ ਵਿਚ ਗੁਰੂ ਜੀ ਨੇ ਕਿਹਾ ਹੈ ਕਿ ਓਅੰਕਾਰ ਤੋਂ ਬ੍ਰਹਮਾ ਦੀ ਉਤਪਤੀ ਹੋਈ ਹੈ। ਓਅੰਕਾਰ ਦਾ ਹੀ ਉਸ ਨੇ ਚਿੰਤਨ ਕੀਤਾ ਹੈ। ਓਅੰਕਾਰ ਤੋਂ ਹੀ ਯੁਗਾਂ, ਪਰਬਤਾਂ, ਵੇਦਾਂ ਦੀ ਰਚਨਾ ਹੋਈ ਹੈ। ਇਸ ਸ਼ਬਦ ਰਾਹੀਂ ਹੀ ਮਨੁੱਖ ਦਾ ਉੱਧਾਰ ਸੰਭਵ ਹੈ। ਇਹੀ ਤਿੰਨਾਂ ਲੋਕਾਂ ਦਾ ਮੂਲ-ਆਧਾਰ ਹੈ:

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥
ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥
ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥੧॥

(ਪੰਨੇ ੯੨੯-੩੦)

ਉਪਨਿਸ਼ਦਕ ਪਰੰਪਰਾ ਵਾਲੇ ਓਅਮ੍ ਜਾਂ ਓਅੰਕਾਰ ਤੋਂ ਪਹਿਲਾਂ '੧' ਅੰਕ ਦੀ ਵਰਤੋਂ ਕਰ ਕੇ ਗੁਰੂ ਜੀ ਨੇ ਇਸ ਬਾਰੇ ਆਪਣੇ ਇੱਛਤ ਭਾਵ ਨੂੰ ਸਪੱਸ਼ਟ ਕਰ ਦਿੱਤਾ ਹੈ। ਓਅਮ੍ ਸ਼ਬਦ ਦੇ ਤ੍ਰਿਮਾਤ੍ਰਿਕ ਜਾਂ ਪਲੁਤ ਹੋਣ ਕਾਰਣ ਸੰਸਕ੍ਰਿਤ ਵਿਦਵਾਨਾਂ ਨੇ ਇਸ ਨੂੰ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦਾ ਸੰਯੁਕਤ ਪ੍ਰਤੀਕ ਮੰਨ ਕੇ ਤ੍ਰਿਦੇਵ ਸੰਕਲਪ ਦੀ ਸਥਾਪਨਾ ਕੀਤੀ ਹੈ। ਅਰਥਾਂ ਦੇ ਵਿਸਤਾਰ ਜਾਂ ਸੰਕੋਚ ਤੋਂ ਬਚਣ ਲਈ ਗੁਰੂ ਜੀ ਨੇ '੧' ਅੰਕ ਦੀ ਵਰਤੋਂ ਕਰ ਕੇ ਹਰ ਪ੍ਰਕਾਰ ਦੇ ਸ਼ੰਕੇ ਖ਼ਤਮ ਕਰ ਦਿੱਤੇ ਹਨ।

ਇਕ ਓਅੰਕਾਰ ਸਭ ਤੋਂ ਨਿਰਾਲਾ ਅਤੇ ਵਿਲੱਖਣ ਤੱਤ ਹੈ। ਇਹ ਅਮਰ ਅਤੇ ਅਜੂਨੀ ਹੈ, ਇਸ ਦੀ ਕੋਈ ਜਾਤਿ ਨਹੀਂ, ਨਾ ਹੀ ਸੰਸਾਰਿਕ ਪ੍ਰਪੰਚ ਦਾ ਜਾਲ ਇਸ ਨੂੰ ਵੱਸ ਕਰ ਸਕਦਾ ਹੈ, ਇਹ ਅਗੰਮ ਅਤੇ ਅਗੋਚਰ ਹੈ, ਨਾ ਇਸ ਦਾ ਕੋਈ ਰੂਪ ਹੈ ਨਾ ਹੀ ਕੋਈ ਰੇਖਾ, ਖੋਜਣ 'ਤੇ ਇਹ ਘਟ ਘਟ ਵਿਆਪਤ ਮਿਲਦਾ ਹੈ:

ਏਕਮ ਏਕੰਕਾਰੁ ਨਿਰਾਲਾ ॥
ਅਮਰੁ ਅਜੋਨੀ ਜਾਤਿ ਨ ਜਾਲਾ ॥
ਅਗਮ ਅਗੋਚਰੁ ਰੂਪੁ ਨ ਰੇਖਿਆ ॥
ਖੋਜਤ ਖੋਜਤ ਘਟਿ ਘਟਿ ਦੇਖਿਆ ॥ *(ਪੰਨਾ ੮੩੮)*

'ਸਤਿਨਾਮੁ' ਦਾ ਅਰਥ *ਮਹਾਨ ਕੋਸ਼* ਅਨੁਸਾਰ ਤਿੰਨ ਕਾਲ ਵਿਚ ਇਕ-ਰਸ ਹੋਣ ਵਾਲਾ ਪ੍ਰਸਿੱਧ ਪਾਰਬ੍ਰਹਮ ਹੈ। 'ਨਾਮ' ਇਥੇ ਇਦੰਤਾ ਬੋਧਕ ਹੈ, ਜਿਵੇਂ ਹਰਿਨਾਮ, ਰਾਮਨਾਮ। ਸੰਸਕ੍ਰਿਤ ਦੀ ਅਸ੍ ਧਾਤੂ ਤੋਂ ਨਿਕਲੇ ਹੋਣ ਕਾਰਣ 'ਸਤਿ' ਜਾਂ 'ਸੱਚ' ਦਾ ਸ਼ਾਬਦਿਕ ਅਰਥ ਹੈ—ਸਦਾ ਵਿਦਮਾਨ ਰਹਿਣ ਵਾਲਾ। ਸੰਸਾਰ ਨਾਸ਼ਮਾਨ ਹੈ, ਇਸ ਲਈ ਅਸਤਿ ਹੈ। ਪਰਮ-ਸੱਤਾ ਚੂੰਕਿ ਸਦੀਵੀ ਹੈ, ਸਥਾਈ ਹੈ, ਇਸ ਲਈ ਸਤਿ ਹੈ। ਇਸ ਤਰ੍ਹਾਂ 'ਸਤਿ' ਸ਼ਬਦ ਪਾਰਬ੍ਰਹਮ ਦਾ ਵਾਚਕ ਹੈ। 'ਸਤਿ' ਅਥਵਾ 'ਸੱਚ' ਦੇ ਇਸ ਅਰਥ ਨੂੰ ਗੁਰਬਾਣੀ ਵਿਚ ਕਈਆਂ ਥਾਵਾਂ 'ਤੇ ਸਪੱਸ਼ਟ ਕੀਤਾ ਗਿਆ ਹੈ। ਜਪੁਜੀ ਦੇ ਪਹਿਲੇ ਸਲੋਕ ਤੋਂ ਇਲਾਵਾ ੨੭ਵੀਂ ਪਉੜੀ ਵਿਚ ਵੀ ਲਿਖਿਆ ਹੈ:

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥...੨੭॥ *(ਪੰਨਾ ੬)*

ਬਸੰਤ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ "ਤੇਰਾ ਸਚੁ ਨਾਮੁ ਪਰਮੇਸਰਾ॥" ਕਹਿ ਕੇ ਇਸ ਦੇ ਪਾਰਬ੍ਰਹਮ ਸੂਚਕ ਹੋਣ ਦੀ ਪੁਸ਼ਟੀ ਕੀਤੀ ਹੈ। ਗੁਰੂ ਰਾਮਦਾਸ ਜੀ ਨੇ ਮਨ ਨੂੰ ਸੰਬੋਧਨ ਕਰਦਿਆਂ ਸਤਿਨਾਮ ਦੇ ਜਾਪ[1] ਲਈ ਤਾਕੀਦ ਕੀਤੀ ਹੈ, ਕਿਉਂਕਿ ਅਜਿਹੇ ਨਾਮ ਦੀ ਆਰਾਧਨਾ ਨਾਲ ਲੋਕ-ਪਰਲੋਕ ਸੁਖਾਲੇ ਹੋ ਜਾਂਦੇ ਹਨ:

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥
ਹਲਤਿ ਪਲਤਿ ਮੁਖ ਊਜਲ ਹੋਈ ਹੈ,
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ਰਹਾਉ॥...੧੨॥ *(ਪੰਨਾ ੬੭੦)*

ਗੁਰੂ ਅਰਜਨ ਦੇਵ ਜੀ ਨੇ ਸਤਿਨਾਮ ਨੂੰ ਅਧਿਕ ਸ੍ਰੇਸ਼ਟ ਅਤੇ ਪੁਰਾਤਨ ਮੰਨਦੇ ਹੋਏ ਕਿਹਾ ਹੈ:

ਕਿਰਤਮ ਨਾਮ ਕਥੇ ਤੇਰੇ ਜਿਹਬਾ॥
ਸਤਿ ਨਾਮੁ ਤੇਰਾ ਪਰਾ ਪੂਰਬਲਾ॥...੨੦॥ *(ਪੰਨਾ ੧੦੮੩)*

'ਕਰਤਾ ਪੁਰਖੁ' ਸ਼ਬਦ ਵੀ ਪਰਮ-ਸੱਤਾ ਲਈ ਵਰਤੇ ਗਏ ਹਨ। *ਰਿਗ ਵੇਦ* ਦੇ 'ਪੁਰਸ਼ ਸੂਕਤ' ਵਿਚ ਸੰਪੂਰਨ ਜਗਤ ਨੂੰ ਪੁਰਸ਼ ਦੇ ਰੂਪਕ ਦੁਆਰਾ ਰੂਪਮਾਨ ਕੀਤਾ ਗਿਆ ਹੈ। ਉਪਨਿਸ਼ਦਾਂ ਵਿਚ ਪੁਰਸ਼ ਨੂੰ ਸਭ ਤੋਂ ਪਰੇ ਮੰਨਿਆ ਗਿਆ ਹੈ। ਸਾਂਖਵਾਦੀਆਂ ਨੇ ਪੁਰਸ਼ ਦੇ ਨਾਲ ਪ੍ਰਕ੍ਰਿਤੀ ਨੂੰ ਵੀ ਸੁਤੰਤਰ ਤੱਤ ਵਜੋਂ ਸਥਾਪਿਤ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਪ੍ਰਕ੍ਰਿਤੀ ਨੂੰ ਕੋਈ ਸੁਤੰਤਰ ਮਹੱਤਵ ਨਹੀਂ ਦਿੱਤਾ, ਸਗੋਂ ਉਸ ਨੂੰ ਪ੍ਰਭੂ ਨਿਰਮਿਤ ਮੰਨਿਆ ਹੈ:

ਕੁਦਰਤਿ ਕਰਿ ਕੈ ਵਸਿਆ ਸੋਇ॥...੧॥੪॥ *(ਪੰਨਾ ੮੩)*

---

੧. ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਗੁਰ-ਮੰਤ੍ਰ ਜਾਪ 'ਸਤਿਨਾਮ' (ਸਦਾ-ਥਿਰ ਰਹਿਣ ਵਾਲਾ) ਸੱਚਾ ਨਾਮ ਵਾਹਿਗੁਰੂ ਹੈ:
ਵਾਹਿਗੁਰੂ ਗੁਰਮੰਤ੍ਰ ਹੈ, ਜਪਿ ਹਉਮੈ ਖੋਈ॥ *(ਵਾਰ ੧੩, ਪਉੜੀ ੨)*

ਸਪੱਸ਼ਟ ਹੈ ਕਿ ਪਰਮਾਤਮਾ ਸ੍ਰਿਸ਼ਟੀ ਦਾ ਕਰਤਾ ਜਾਂ ਨਿਰਮਾਤਾ ਖ਼ੁਦ ਹੈ ਅਤੇ ਉਹ ਪੁਰਖ ਰੂਪ ਹੈ:

ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ॥ *(ਪੰਨਾ ੧੩੮)*

ਇਥੇ 'ਪੁਰਖੁ' ਸ਼ਬਦ ਪੁਲਿੰਗ ਸੂਚਕ ਨਹੀਂ, ਸਗੋਂ ਵਿਉਤਪੱਤੀ ਮੂਲਕ ਅਰਥਾਂ ਅਨੁਸਾਰ ਸਰਬ ਭਰਪੂਰ ਜਾਂ ਸਰਬ-ਵਿਆਪਕ ਹੈ, ਕਿਉਂਕਿ ਗੁਰੂ ਨਾਨਕ ਦੇਵ ਜੀ ਅਨੁਸਾਰ ਪਾਰਬ੍ਰਹਮ ਨਾ ਇਸਤ੍ਰੀ ਹੈ, ਨਾ ਪੁਰਸ਼। ਉਸ ਬਾਰੇ ਇਸ ਪ੍ਰਕਾਰ ਦਾ ਨਿਰਣਾ ਕਰ ਸਕਣ ਦੇ ਕੋਈ ਵੀ ਸਮਰੱਥ ਨਹੀਂ। ਤਿੰਨੋਂ ਲੋਕ—ਸੁਰ, ਨਰ, ਨਾਥ ਸਭ ਉਸ ਦੀ ਸ਼ਰਨ ਵਿਚ ਹਨ:

ਸੁੰਨ ਮੰਡਲ ਇਕੁ ਜੋਗੀ ਬੈਸੇ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥
ਤ੍ਰਿਭਵਣ ਜੋਤਿ ਰਹੇ ਲਿਵ ਲਾਈ॥ ਸੁਰਿ ਨਰ ਨਾਥ ਸਚੇ ਸਰਣਾਈ॥੪॥
(ਪੰਨਾ ੬੮੫)

'ਨਿਰਭਉ' ਸ਼ਬਦ ਵੀ ਪਾਰਬ੍ਰਹਮ ਦੀ ਵਿਸ਼ਿਸ਼ਟਤਾ ਦਾ ਸੂਚਕ ਹੈ। ਨਿਰਭਉ ਤੋਂ ਭਾਵ ਹੈ—ਭੈ-ਰਹਿਤ, ਭੈ-ਅਤੀਤ, ਭੈ ਦੀਆਂ ਪ੍ਰਭਾਵਕ ਸੀਮਾਵਾਂ ਤੋਂ ਪਰੇ। ਜਿਸ ਨੂੰ ਕਿਸੇ ਦਾ ਭੈ ਹੋਵੇ, ਉਹ ਭੈ-ਯੁਕਤ ਹੈ, ਭੈ-ਮੁਕਤ ਜਾਂ ਭੈ-ਰਹਿਤ ਨਹੀਂ। 'ਆਸਾ ਦੀ ਵਾਰ' ਵਿਚ ਪਰਮਾਤਮਾ ਦੇ ਭੈ ਵਿਚ ਸਾਰੀ ਸ੍ਰਿਸ਼ਟੀ-ਪ੍ਰਕ੍ਰਿਆ ਸੰਚਾਲਿਤ ਹੈ। ਇਹ ਭੈ, ਅਸਲ ਵਿਚ ਸਾਰੀ ਸ੍ਰਿਸ਼ਟੀ ਦਾ ਪ੍ਰਬੰਧਕੀ ਵਿਧਾਨ ਹੈ। ਉਂਜ ਗੁਰਬਾਣੀ ਅਨੁਸਾਰ ਪਾਰਬ੍ਰਹਮ ਭੈ-ਦਾਇਕ ਭਗਵਾਨ ਨਹੀਂ, ਪ੍ਰੇਮ ਕਰਨ ਵਾਲਾ ਪ੍ਰੀਤਮ ਹੈ। ਉਹ ਖ਼ੁਦ ਭੈ ਦੇ ਪ੍ਰਭਾਵ ਤੋਂ ਪਰੇ ਹੈ, ਉਹ ਕਿਸੇ ਦਾ ਜਵਾਬਦੇਹ ਨਹੀਂ:

ਨਿਰਭਉ ਸੋ ਸਿਰਿ ਨਾਹੀ ਲੇਖਾ॥
ਆਪਿ ਅਲੇਖੁ ਕੁਦਰਤਿ ਹੈ ਦੇਖਾ॥
ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ॥੧੨॥
(ਪੰਨਾ ੧੦੪੨)

ਗੁਰੂ ਰਾਮਦਾਸ ਜੀ ਨੇ ਕਿਹਾ ਕਿ ਉਸ ਨਿਰਭਉ ਪਰਮਾਤਮਾ ਦੀ ਆਰਾਧਨਾ ਕਰਨ ਵਾਲੇ ਵੀ ਭੈ-ਮੁਕਤ ਹੋ ਜਾਂਦੇ ਹਨ:

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ,
ਤਿਨ ਕਾ ਭਉ ਸਭੁ ਗਵਾਸੀ॥...੩॥੧॥ *(ਪੰਨਾ ੧੧)*

'ਨਿਰਵੈਰੁ' ਤੋਂ ਭਾਵ ਹੈ, ਜਿਸ ਦਾ ਕਿਸੇ ਪ੍ਰਤਿ ਵੈਰ ਨਾ ਹੋਵੇ, ਜੋ ਵੈਰ ਤੋਂ ਪਰੇ ਹੈ। ਮੂਲ-ਮੰਤ੍ਰ ਅਨੁਸਾਰ ਪਰਮਾਤਮਾ ਨਿਰਵੈਰ ਹੈ। ਜੋ ਪਰਮਾਤਮਾ ਨਿਰਭਉ ਹੈ ਅਤੇ ਜਿਸ ਉਪਰ ਕਿਸੇ ਹੋਰ ਦਾ ਡਰ ਨਹੀਂ, ਉਸ ਦਾ ਕਿਸੇ ਨਾਲ ਦਵੰਦ ਵੀ ਨਹੀਂ ਹੋ ਸਕਦਾ, ਇਸ ਲਈ ਵੈਰ ਭਾਵ ਦੇ ਵਿਕਸਿਤ ਹੋਣ ਦਾ ਕਾਰਣ ਹੀ ਉਪਲਬਧ ਨਹੀਂ, ਕਿਉਂਕਿ ਵੈਰ ਦੇ ਮੂਲ ਵਿਚ ਬਰਾਬਰੀ ਜਾਂ ਸ਼ਰੀਕੇ ਦੀ ਭਾਵਨਾ ਹੁੰਦੀ ਹੈ।

ਗੁਰਬਾਣੀ ਵਿਚ ਅਨੇਕ ਥਾਵਾਂ 'ਤੇ ਪਰਮਾਤਮਾ ਦੇ ਨਿਰਵੈਰ ਹੋਣ ਦੀ ਗੱਲ ਕਹੀ ਗਈ ਹੈ:

ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ॥...੪॥੩॥ *(ਪੰਨਾ ੫੯੬)*

ਉਹ ਮਿਹਰਵਾਨ, ਦਿਆਲੂ, ਪ੍ਰਤਿਸ਼ਠਾ ਪ੍ਰਦਾਨ ਕਰਨ ਵਾਲਾ ਪਰਮਾਤਮਾ ਕਿਸੇ ਦਾ ਵੈਰੀ ਨਹੀਂ ਹੈ:

ਆਪੇ ਮਿਹਰ ਦਇਆਪਤਿ ਦਾਤਾ ਨਾ ਕਿਸੈ ਕੋ ਬੈਰਾਈ ਹੇ॥੧੧॥
(ਪੰਨਾ ੧੦੨੨)

ਗੁਰੂ ਅਰਜਨ ਦੇਵ ਜੀ ਅਨੁਸਾਰ:

ਤੂੰ ਨਿਰਵੈਰੁ ਸੰਤ ਤੇਰੇ ਨਿਰਮਲ॥
ਜਿਨ ਦੇਖੇ ਸਭ ਉਤਰਹਿ ਕਲਮਲ॥...੪॥੪੯॥ *(ਪੰਨਾ ੧੦੮)*

'ਅਕਾਲ ਮੂਰਤਿ' ਤੋਂ ਭਾਵ ਹੈ, ਜਿਸ ਦੀ ਮੂਰਤ, ਅਰਥਾਤ ਸਰੂਪ, ਕਾਲ ਤੋਂ ਰਹਿਤ ਹੈ, ਭਾਵ, ਕਾਲ ਤੋਂ ਪਰੇ ਹੈ, ਤ੍ਰਿਕਾਲ ਬਾਧਿਤ ਨਹੀਂ। ਸਪੱਸ਼ਟ ਹੈ ਕਿ ਮੂਲ-ਮੰਤ੍ਰ ਅਨੁਸਾਰ ਪਰਮਾਤਮਾ ਦਾ ਸਰੂਪ ਕਾਲ ਦੇ ਪ੍ਰਭਾਵ ਤੋਂ ਹਰ ਤਰ੍ਹਾਂ ਮੁਕਤ ਹੈ। ਸੋਰਠਿ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਉਹ ਪਰਮਾਤਮਾ:

ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ॥...੧॥੬॥
(ਪੰਨਾ ੫੯੭)

ਮਾਰੂ ਰਾਗ ਵਿਚ ਵੀ ਗੁਰੂ ਜੀ ਨੇ ਦੱਸਿਆ ਹੈ ਕਿ ਪਰਮਾਤਮਾ ਅਕਾਲ ਪੁਰਖ ਹੈ। ਉਸ ਦੇ ਸਿਰ ਉਪਰ ਕਾਲ ਦਾ ਸ਼ਾਸਨ ਨਹੀਂ ਹੈ, ਉਹ ਅਲਖ, ਅਗੰਮ ਅਤੇ ਨਿਰਲੇਪ ਹੈ:

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ॥
ਤੂ ਪੁਰਖੁ ਅਲੇਖ ਅਗੰਮ ਨਿਰਾਲਾ॥...੩॥ *(ਪੰਨਾ ੧੦੩੮)*

ਗੁਰੂ ਅਰਜਨ ਦੇਵ ਜੀ ਦੀ ਵੀ ਸਥਾਪਨਾ ਹੈ ਕਿ ਉਸ ਅਕਾਲ ਮੂਰਤਿ ਸਰੂਪੀ ਪਰਮਾਤਮਾ ਦਾ ਕਦੇ ਵੀ ਵਿਨਾਸ਼ ਨਹੀਂ ਹੁੰਦਾ:

ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ॥...੭॥ *(ਪੰਨਾ ੧੦੮੨)*

'ਅਜੂਨੀ' ਸੰਸਕ੍ਰਿਤ ਦੇ 'ਅਯੋਨਿ' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਅਰਥ ਹੈ ਜੋ ਜੂਨ ਵਿਚ ਨਹੀਂ ਆਉਂਦਾ, ਜੋ ਅਜਨਮਾ ਹੈ, ਜੋ ਜਨਮ ਧਾਰਨ ਨਹੀਂ ਕਰਦਾ। ਜੋ ਜਨਮ ਲੈਂਦਾ ਹੈ, ਉਹ ਮਰਦਾ ਹੈ। ਮਰਨ ਵਾਲਾ ਪਹਿਲਾਂ ਜਨਮ ਜ਼ਰੂਰ ਲੈਂਦਾ ਹੈ। ਪਰਮਾਤਮਾ ਅਯੋਨਿਜ ਹੈ। ਸੋਰਠਿ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਪਾਰਬ੍ਰਹਮ ਦਾ ਸਰੂਪ ਸਪੱਸ਼ਟ ਕਰਦਿਆਂ ਉਸ ਨੂੰ 'ਅਜੋਨੀ' ਦੱਸਿਆ ਹੈ:

ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ,
ਘਟ ਭੀਤਰਿ ਦੇਖੁ ਮੁਰਾਰੀ ਜੀਉ॥੨॥੮॥ *(ਪੰਨਾ ੫੯੭)*

ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਨੂੰ ਜੂਨ (ਜਨਮ) ਵਿਚ ਨਾ ਆਉਣ ਵਾਲਾ ਕਿਹਾ ਹੈ:

ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ॥...
ਤੇਰਾ ਰੂਪੁ ਨ ਜਾਈ ਲਖਿਆ ਕਿਉ ਤੁਝਹਿ ਧਿਆਵਹੀ॥ *(ਪੰਨਾ ੧੦੯੫)*

'ਸੈਭੰ' ਵੀ ਪਰਮਾਤਮਾ ਦਾ ਵਾਚਕ ਸ਼ਬਦ ਹੈ। ਇਹ ਸੰਸਕ੍ਰਿਤ ਦੇ 'ਸ੍ਵਯੰਭੂ' ਦਾ ਤਦਭਵ ਰੂਪ ਹੈ ਅਤੇ ਇਸ ਤੋਂ ਭਾਵ ਹੈ ਆਪਣੇ ਆਪ ਹੋਣ ਵਾਲਾ, ਜੋ ਆਪਣੇ ਅਸਤਿਤਵ ਨੂੰ ਆਪ ਧਾਰਨ ਕਰਦਾ ਹੈ, ਕਿਸੇ ਦੁਆਰਾ ਨਿਰਮਿਤ ਨਹੀਂ ਹੁੰਦਾ। ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ ਹੀ ਪਰਮਾਤਮਾ ਦੇ ਇਸ ਸਰੂਪ ਨੂੰ ਹੋਰ ਉਘਾੜ ਦਿੱਤਾ ਹੈ ਕਿ ਨਾ ਉਹ ਪਰਮਾਤਮਾ ਸਥਾਪਿਤ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਸਿਰਜਿਆ ਜਾ ਸਕਦਾ, ਉਹ ਆਪਣੇ ਆਪ ਹੀ ਹੋਂਦ ਵਿਚ ਆਉਣ ਵਾਲਾ ਹੈ:

ਥਾਪਿਆ ਨ ਜਾਇ ਕੀਤਾ ਨ ਹੋਇ॥
ਆਪੇ ਆਪਿ ਨਿਰੰਜਨੁ ਸੋਇ॥...੫॥ *(ਪੰਨਾ ੨)*

ਇਸ ਸਥਾਪਨਾ ਦੀ ਪੁਸ਼ਟੀ ਗੁਰਬਾਣੀ ਵਿਚ ਅਨੇਕ ਥਾਵਾਂ 'ਤੇ ਹੋਈ ਹੈ।

'ਗੁਰ-ਪ੍ਰਸਾਦਿ' ਤੋਂ ਭਾਵ ਹੈ, ਗੁਰੂ ਦੀ ਕ੍ਰਿਪਾ ਦੁਆਰਾ। ਮੂਲ-ਮੰਤ੍ਰ ਵਿਚ ਵਰਣਿਤ ਸਰੂਪ ਵਾਲੇ ਪਾਰਬ੍ਰਹਮ ਨਾਲ ਮੇਲ ਗੁਰੂ ਦੀ ਕ੍ਰਿਪਾ, ਮਿਹਰ ਜਾਂ ਨਦਰ ਦੁਆਰਾ ਸੰਭਵ ਹੋ ਸਕਦਾ ਹੈ। ਗੁਰੂ ਜੀ ਨੇ ਹਰ ਪ੍ਰਕਾਰ ਦੇ ਭਰਮਾਂ ਦਾ ਨਿਵਾਰਣ ਕਰਦਿਆਂ ਕਿਹਾ ਹੈ:

ਗੁਰ ਪਰਸਾਦੀ ਹਰਿ ਪਾਈਐ ਮਤੁ ਕੋ ਭਰਮਿ ਭੁਲਾਹਿ॥...੪੭॥ *(ਪੰਨਾ ੯੩੬)*

ਜਾਂ

ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ॥੧॥
(ਪੰਨਾ ੩੫੩)

ਇਸ ਤਰ੍ਹਾਂ ਮੂਲ-ਮੰਤ੍ਰ ਵਿਚ ਪਰਮਾਤਮਾ ਦੇ ਸਿਧਾਂਤਿਕ ਸਰੂਪ ਨੂੰ ਸਪੱਸ਼ਟ ਕਰਦੇ ਹੋਏ ਉਸ ਦੀ ਪ੍ਰਾਪਤੀ ਨੂੰ ਭਾਵਨਾ ਦੇ ਖੇਤਰ ਦਾ ਵਿਸ਼ਾ ਦੱਸ ਕੇ ਰਹੱਸਵਾਦੀ ਪਿਛੋਕੜ ਪ੍ਰਦਾਨ ਕੀਤੀ ਗਈ ਹੈ।

ਸਪੱਸ਼ਟ ਹੈ ਕਿ ਗੁਰਬਾਣੀ ਵਿਚ ਮੂਲ-ਮੰਤ੍ਰ ਦੀ ਅਨੇਕ ਪ੍ਰਕਾਰ ਨਾਲ ਵਿਸਤ੍ਰਿਤ ਵਿਆਖਿਆ ਹੋਈ ਮਿਲਦੀ ਹੈ। ਸੱਚ ਪੁੱਛੋ ਤਾਂ ਗੁਰਬਾਣੀ ਦਾ ਵਿਸ਼ਾ ਹੈ, ਪਰਮਾਤਮਾ ਦਾ ਗੁਣ-ਗਾਣਾ। ਉਸੇ ਗੁਣ-ਗਾਣ ਲਈ ਗੁਰੂ ਸਾਹਿਬਾਨ ਦੇ ਅੰਤਰ-ਆਤਮੇ ਗਿਆਨ ਦੀ ਅਭਿਵਿਅਕਤੀ ਹੋਈ ਹੈ। ਉਸ ਪਰਮਾਤਮਾ ਦੇ ਸਰੂਪ ਦਾ ਮੂਲ-ਰੂਪ ਇਸ ਮੰਤ੍ਰ ਵਿਚ ਨਿਹਿਤ ਹੈ, ਜੋ ਸਾਰੀ ਗੁਰਬਾਣੀ ਵਿਚ ਅਧਿਕ ਵਿਸਤਾਰ ਪਾ ਕੇ ਸਪੱਸ਼ਟ ਹੋਇਆ ਹੈ।

•

ਭਈ ਪਰਾਪਤਿ ਮਾਨੁਖ ਦੇਹੁਰੀਆ

ਮਨੁੱਖ ਨੂੰ ਪ੍ਰਾਣੀਆਂ ਦੀਆਂ ਸਾਰੀਆਂ ਜੂਨਾਂ ਵਿੱਚੋਂ ਸ੍ਰੇਸ਼ਠ ਮੰਨਿਆ ਗਿਆ ਹੈ। ਇਸ ਸ੍ਰੇਸ਼ਠ ਜੂਨ ਨੂੰ ਪ੍ਰਾਪਤ ਕਰਨ ਲਈ ਪ੍ਰਾਣੀ ਦੇ ਪੂਰਬਲੇ ਕਰਮ ਸਹਾਇਕ ਹੁੰਦੇ ਹਨ। ਇਹ ਜੂਨ ਕਿਸੇ ਭਾਗਾਂ ਵਾਲੇ ਨੂੰ ਪ੍ਰਾਪਤ ਹੁੰਦੀ ਹੈ, ਨਹੀਂ ਤਾਂ ਪ੍ਰਾਣੀ ਆਵਾਗਵਣ ਦੇ ਚੱਕਰ ਵਿਚ ਭਟਕਦਾ ਰਹਿੰਦਾ ਹੈ। ਇਸ ਜੂਨ ਨੂੰ ਪ੍ਰਾਪਤ ਕਰ ਕੇ ਹੀ ਕੋਈ ਪ੍ਰਾਣੀ ਧੰਨ ਹੋ ਸਕਦਾ ਹੈ ਅਤੇ ਇਸ ਨੂੰ ਸਫਲਾ ਕਰ ਕੇ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ, ਕਿਉਂਕਿ ਹੋਰ ਕਿਸੇ ਜੂਨ ਦੁਆਰਾ ਮੁਕਤੀ ਸੰਭਵ ਨਹੀਂ ਹੈ।

ਸਿਖ ਧਰਮ ਵਿਚ ਭਗਤੀ ਦੀ ਭਾਵਨਾ ਨੂੰ ਵਿਕਸਿਤ ਕਰਨ ਲਈ ਮਨੁੱਖ ਜੂਨ ਦਾ ਬੁਨਿਆਦੀ ਮਹੱਤਵ ਹੈ। ਇਸ ਤੋਂ ਬਿਨਾਂ ਭਗਤੀ ਸੰਭਵ ਨਹੀਂ, ਨਾ ਹੀ ਭਗਤੀ ਨਾਲ ਸੰਬੰਧਿਤ ਕੋਈ ਹੋਰ ਕਾਰਵਾਈ ਚੱਲ ਸਕਦੀ ਹੈ। ਮਨੁੱਖੀ ਸਰੀਰ ਪ੍ਰਾਪਤ ਕਰਨ ਉਪਰੰਤ ਹੀ ਸਾਧਕ ਭਾਉ-ਭਗਤੀ ਵਿਚ ਲੀਨ ਹੋ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਾਨਵ ਜਨਮ ਨੂੰ ਦੁਰਲੱਭ ਮੰਨਿਆ ਹੈ:

ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥...੧॥ *(ਪੰਨਾ ੭੫੧)*

ਅਤੇ ਪਰਮਾਤਮਾ ਨੂੰ ਮਿਲਣ ਦਾ, ਉਸ ਵਿਚ ਲੀਨ ਹੋਣ ਦਾ, ਸੰਸਾਰਿਕ ਪ੍ਰਪੰਚ ਤੋਂ ਮੁਕਤੀ ਪ੍ਰਾਪਤ ਕਰਨ ਦਾ ਅਵਸਰ ਵੀ ਇਸ ਜਨਮ ਵਿਚ ਹੀ ਸੁਲੱਭ ਹੈ:

ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ ॥...੧॥੧੭॥ *(ਪੰਨਾ ੨੦)*

ਇਹ ਜਨਮ ਅਸਲ ਵਿਚ ਅਮੋਲਕ ਹੈ, ਦੁਰਲੱਭ ਹੈ। ਜੇ ਇਸ ਜਨਮ ਵਿਚ ਮਨੁੱਖ ਉਚਿਤ ਕਰਮ ਨਹੀਂ ਕਰਦਾ ਤਾਂ ਇਹ ਵਿਅਰਥ ਜ਼ਾਇਆ ਹੋ ਜਾਂਦਾ ਹੈ। ਪ੍ਰਾਣੀ ਨੂੰ ਆਵਾਗਵਣ ਦੇ ਬੜੇ ਲੰਮੇ ਚੱਕਰ ਵਿਚ ਘੁੰਮਣ ਉਪਰੰਤ ਪ੍ਰਾਪਤ ਹੋਣ ਵਾਲੇ ਇਸ ਜਨਮ ਨੂੰ ਵਿਅਰਥ ਵਿਚ ਨਹੀਂ ਗਵਾਉਣਾ ਚਾਹੀਦਾ। ਗੁਰੂ ਅਮਰਦਾਸ ਜੀ ਨੇ ਕਿਹਾ ਹੈ ਕਿ ਮਾਨਵ ਜਨਮ ਦੁਰਲੱਭ ਵਸਤੂ ਹੈ ਅਤੇ ਪੂਰਬਲੇ ਜਨਮਾਂ ਦੇ ਸ਼ੁਭ ਕਰਮਾਂ ਦੇ ਫਲ ਵਜੋਂ ਹੀ ਇਹ ਪ੍ਰਾਪਤ ਹੁੰਦਾ ਹੈ। ਇਸ ਦੁਆਰਾ ਹੀ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੈ:

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ ॥
ਪੂਰੈ ਭਾਗਿ ਸਤਿਗੁਰੁ ਮਿਲੈ ਹਰਿ ਨਾਮੁ ਧਿਆਇ ॥੬॥੨॥ *(ਪੰਨਾ ੫੬੫)*

ਸੰਤ ਕਬੀਰ ਜੀ ਦਾ ਵੀ ਮਤ ਹੈ ਕਿ ਇਹ ਜਨਮ ਦੁਰਲੱਭ ਹੈ, ਬਾਰ ਬਾਰ ਪ੍ਰਾਪਤ ਨਹੀਂ ਹੁੰਦਾ। ਇਸ ਵਿਚ ਖੁੰਝਣ ਨਾਲ ਵਿਅਕਤੀ ਬਿਰਛ ਤੋਂ ਡਿੱਗੇ ਹੋਏ ਪੱਕੇ ਫਲ ਵਰਗਾ ਹੈ, ਜੋ ਫਿਰ ਕਦੇ ਡਾਲੀ ਨਾਲ ਨਹੀਂ ਲੱਗ ਸਕਦਾ:

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥੩੦॥

(ਪੰਨਾ ੧੩੬੬)

ਗੋਸੁਆਮੀ ਤੁਲਸੀ ਦਾਸ ਦਾ ਵੀ ਮਤ ਹੈ ਕਿ ਮਨੁੱਖੀ ਸਰੀਰ ਪ੍ਰਾਪਤ ਕੀਤੇ ਬਿਨਾਂ ਵੇਦ-ਪਾਠ ਜਾਂ ਭਜਨ ਸੰਭਵ ਨਹੀਂ ਹੈ—'ਤਨ ਬਿਨ ਭਜਨ ਬੇਦ ਨਹਿੰ ਬਰਨਾ।' ਗੁਰੂ ਅਰਜਨ ਦੇਵ ਜੀ ਨੇ ਸਪੱਸ਼ਟ ਕਿਹਾ ਹੈ ਕਿ ਇਹ ਜੋ ਮਾਨਵ ਦੇਹ ਪ੍ਰਾਪਤ ਹੋਈ ਹੈ, ਇਹੀ ਵਾਸਤਵ ਵਿਚ ਗੋਬਿੰਦ ਨੂੰ ਮਿਲਣ ਦਾ ਸੁਅਵਸਰ ਹੈ:

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ *(ਪੰਨਾ ੧੨)*

ਅਸਲ ਵਿਚ ਇਹ ਸਰੀਰ ਨਿਰਾ ਪੰਜ-ਭੌਤਿਕ ਪਿੰਡ ਨਹੀਂ, ਇਸ ਵਿਚ ਪਰਮਾਤਮਾ ਦਾ ਨਿਵਾਸ ਹੈ, ਇਸ ਵਿਚ ਉਸ ਦੀ ਜੋਤਿ ਬਿਰਾਜਮਾਨ ਹੈ:

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ, ਤਿਸੁ ਮਹਿ ਰਾਖੀ ਜੋਤਿ ਅਪਾਰ॥...੪॥੫॥

(ਪੰਨਾ ੧੨੫੬)

ਸੋ ਸਪੱਸ਼ਟ ਹੈ ਕਿ ਮਨੁੱਖਾ ਜਨਮ ਨੂੰ ਗੁਰੂ ਸਾਹਿਬਾਨ ਅਤੇ ਹੋਰ ਸੰਤਾਂ-ਭਗਤਾਂ ਨੇ ਦੁਰਲੱਭ ਮੰਨ ਕੇ ਇਸ ਦੀ ਚੰਗੀ ਵਰਤੋਂ ਕਰਨ 'ਤੇ ਬਲ ਦਿੱਤਾ ਹੈ, ਤਾਂ ਜੁ ਵਿਅਕਤੀ ਇਸ ਦਾ ਪੂਰਾ ਪੂਰਾ ਲਾਭ ਉਠਾ ਸਕੇ ਅਤੇ ਆਪਣਾ ਅਧਿਆਤਮਿਕ ਭਵਿੱਖ ਉਜਲਾ ਕਰ ਸਕੇ।

ਸਿਖ ਧਰਮ ਵਿਚ ਮਾਨਵ ਜਨਮ ਨੂੰ ਸਫਲਾ ਬਣਾਉਣ ਲਈ ਤਿੰਨ ਗੱਲਾਂ ਉੱਤੇ ਬਲ ਦਿੱਤਾ ਗਿਆ ਹੈ—ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਛਕਣਾ। ਨਾਮ ਜਪਣਾ ਇਕ ਪ੍ਰਕਾਰ ਦੀ ਆਤਮਿਕ ਰਹਿਤ ਹੈ। ਇਸ ਨਾਲ ਵਿਅਕਤੀ ਆਪਣੇ ਮਨ ਨੂੰ ਟਿਕਾਂਦਾ ਹੈ, ਇਧਰ ਉਧਰ ਭਟਕਣ ਤੋਂ ਵਰਜਦਾ ਹੈ। ਚਿਤ-ਬਿਰਤੀ ਦੇ ਟਿਕਣ ਨਾਲ ਵਿਅਕਤੀ ਦਾ ਮਨ ਸਾਫ਼ ਹੁੰਦਾ ਹੈ ਅਤੇ ਉਹ ਸ਼ੁਧ ਮਨ ਨਾਲ ਹਰਿ-ਭਗਤੀ ਵਿਚ ਲੀਨ ਹੁੰਦਾ ਹੋਇਆ ਆਪਣੇ ਕਰਤੱਵ ਨੂੰ ਨਿਭਾਂਦਾ ਹੈ। ਪਰ ਇਹ ਨਾਮ ਜਪਣਾ ਕੋਈ ਅਜਿਹੀ ਸਾਧਨਾ ਨਹੀਂ, ਜਿਸ ਵਿਚ ਵਿਅਕਤੀ ਨੂੰ ਸੰਸਾਰ ਤੋਂ ਅਲੱਗ ਥਲੱਗ ਹੋਣਾ ਪੈਂਦਾ ਹੈ, ਸਗੋਂ ਸੰਸਾਰ ਵਿਚ ਰਹਿੰਦਾ ਹੋਇਆ ਆਪਣਾ ਅਧਿਆਤਮਿਕ ਕਾਰਜ ਨਿਭਾਂਦਾ ਹੈ।

ਭਾਰਤ ਦਾ ਅਧਿਆਤਮਿਕ ਇਤਿਹਾਸ ਇਸ ਗੱਲ ਦਾ ਸਾਖੀ ਹੈ ਕਿ ਆਮ ਤੌਰ 'ਤੇ ਭਗਤੀ ਕਰਨ ਵਾਲੇ ਸੰਤ, ਭਗਤ ਸੰਸਾਰਿਕਤਾ ਤੋਂ ਹਟ ਕੇ, ਵੀਤਰਾਗੀ ਹੋ ਕੇ ਸੰਨਿਆਸੀ ਬਿਰਤੀ ਧਾਰਨ ਕਰ ਲੈਂਦੇ ਸਨ। ਉਹ ਸਮਾਜ ਤੋਂ ਵੱਖਰਾ ਵੱਖਰਾ ਅਨੁਭਵ ਕਰਦੇ ਸਨ, ਪਰ ਸਿਖ ਧਰਮ ਵਿਚ ਸੰਨਿਆਸੀ ਬਿਰਤੀ ਨੂੰ ਕਿਸੇ ਪ੍ਰਕਾਰ ਦਾ ਕੋਈ ਮਹੱਤਵ ਨਹੀਂ ਦਿੱਤਾ ਗਿਆ, ਸਗੋਂ ਸਮਾਜ ਵਿਚ ਰਹਿ ਕੇ, ਕਿਰਤ ਕਰਨ 'ਤੇ ਬਲ ਦਿੱਤਾ ਗਿਆ ਹੈ। ਗ੍ਰਿਹਸਥ ਧਰਮ ਦੀ ਪਾਲਣਾ ਲਈ ਕੋਈ ਨਾ ਕੋਈ ਉੱਦਮ ਕਰਨਾ ਬਹੁਤ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਨੇ ਜਿਸ ਨਵੀਂ ਸਾਧਨਾ ਬਿਰਤੀ ਦਾ ਆਰੰਭ ਕੀਤਾ, ਉਸ ਦਾ ਮਨੋਰਥ ਕਰਮਹੀਨ ਅਨੁਯਾਈਆਂ ਦਾ ਕੋਈ ਨਵਾਂ ਸੰਪਰਦਾਇ ਬਣਾਉਣਾ ਨਹੀਂ ਸੀ। ਸੰਸਾਰਿਕ ਧੰਧਿਆਂ ਤੋਂ ਮੁਖ ਮੋੜਨ ਅਤੇ ਸੰਨਿਆਸ ਲੈਣ ਵਾਲੀ ਗੱਲ ਉਹ ਪਸੰਦ

ਨਹੀਂ ਕਰਦੇ ਸਨ। ਸਮਾਜ ਵਿੱਚੋਂ ਭਾਂਜਵਾਦੀ ਬਿਰਤੀ ਨੂੰ ਖ਼ਤਮ ਕਰਨ ਅਤੇ ਸਮਾਜ ਵਿਚ ਉਸਾਰੂ ਬਿਰਤੀ ਨੂੰ ਜਨਮ ਦੇਣ ਲਈ ਉਨ੍ਹਾਂ ਨੇ ਕਿਰਤ ਦੇ ਸਿਧਾਂਤ ਉੱਤੇ ਬਲ ਦਿੱਤਾ। ਉਹ ਮਨੁੱਖੀ ਜੀਵਨ ਨੂੰ ਗਤੀਸ਼ੀਲ ਰੱਖਣਾ ਚਾਹੁੰਦੇ ਸਨ, ਉਹ ਆਪਣੀ ਭਗਤੀ ਸਾਧਨਾ ਨੂੰ ਜੀਵਨਮਈ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਦੇ ਹਰ ਅਨੁਯਾਈ ਲਈ ਕਿਰਤ ਕਰਨਾ ਲਾਜ਼ਮੀ ਸੀ। ਇਸ ਸੰਬੰਧ ਵਿਚ ਉਨ੍ਹਾਂ ਦੀ ਸਪੱਸ਼ਟ ਸਥਾਪਨਾ ਹੈ :

> **ਘਾਲਿ ਖਾਇ ਕਿਛੁ ਹਥਹੁ ਦੇਇ॥**
> **ਨਾਨਕ ਰਾਹੁ ਪਛਾਣਹਿ ਸੇਇ॥੧॥੨੨॥** *(ਪੰਨਾ ੧੨੪੫)*

ਇਨ੍ਹਾਂ ਤੁਕਾਂ ਤੋਂ ਕਿਰਤ ਕਮਾਈ ਦੀ ਵਰਤੋਂ ਦਾ ਸੰਕੇਤ ਮਿਲਦਾ ਹੈ। ਕਿਰਤ ਕਰ ਕੇ ਸੰਪਤੀ ਨਹੀਂ ਬਣਾਉਣੀ, ਨਾ ਹੀ ਧਨ ਨੂੰ ਇਕੱਠਾ ਕਰਨਾ ਹੈ, ਸਗੋਂ ਆਪਣੀ ਲੋੜ ਤੋਂ ਜੋ ਵੱਧ ਹੈ, ਉਸ ਨੂੰ ਲੋੜਵੰਦਾਂ ਵਿਚ ਵੰਡਣਾ ਹੈ। ਅਜਿਹਾ ਕਰਨ ਵਾਲਾ ਵਿਅਕਤੀ ਹੀ ਪਰਮਾਤਮਾ ਦੇ ਦੁਆਰ 'ਤੇ ਮਾਣ ਪ੍ਰਾਪਤ ਕਰ ਸਕਦਾ ਹੈ। ਇਸ ਪ੍ਰਕਾਰ ਦੇ ਅਸੂਲ ਉੱਤੇ ਕਾਇਮ ਹੋਇਆ ਸਮਾਜ ਹੀ ਕਲਿਆਣ-ਮੁਖੀ ਹੋ ਸਕਦਾ ਹੈ, ਕਿਉਂਕਿ ਵੰਡ ਛਕਣ ਨਾਲ ਮਨੁੱਖ ਮਨੁੱਖ ਦੇ ਨੇੜੇ ਆਉਂਦਾ ਹੈ, ਸਮਾਜਿਕਤਾ ਦਾ ਬੋਧ ਵਧਦਾ ਹੈ, ਸਮਾਨਤਾ ਦੀ ਭਾਵਨਾ ਪਰਪੱਕ ਹੁੰਦੀ ਹੈ। ਇਹ ਬਿਰਤੀ ਦਾਨ ਤੋਂ ਭਿੰਨ ਹੈ। ਦਾਨ ਵਿਚ ਦਾਨੀ ਦੇ ਅੰਦਰ ਹਉਮੈ ਦਾ ਪ੍ਰਵੇਸ਼ ਹੁੰਦਾ ਹੈ। ਦੂਜੇ ਪਾਸੇ ਦਾਨ ਲੈਣ ਵਾਲਾ ਆਪਣੇ ਆਪ ਨੂੰ ਤੁੱਛ ਸਮਝਦਾ ਹੈ। ਇਸ ਨਾਲ ਭਿਖਿਆ ਬਿਰਤੀ ਦਾ ਵਿਕਾਸ ਹੁੰਦਾ ਹੈ। ਸਮਾਜ ਦਾਨੀ ਅਤੇ ਭਿਖਾਰੀ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ। ਦਾਨੀ ਭਿਖਾਰੀਆਂ ਨੂੰ ਨੀਵੇਂ ਹੋਣ ਦਾ ਇਹਸਾਸ ਕਰਾਂਦਾ ਹੈ। ਲੋਕਾਂ ਵਿਚ ਵਿਥ ਵਧਦੀ ਹੈ, ਮਨੁੱਖ ਮਨੁੱਖ ਤੋਂ ਦੂਰ ਹੁੰਦਾ ਹੈ। ਇਸ ਤਰ੍ਹਾਂ ਮਨੁੱਖਾ ਜਨਮ ਪ੍ਰਾਪਤ ਕਰ ਕੇ ਵੀ ਵਿਅਰਥ ਵਿਚ ਜ਼ਾਇਆ ਹੋ ਜਾਂਦਾ ਹੈ। ਵੰਡ ਛਕਣ ਵਿਚ ਸੇਵਾ ਅਤੇ ਸਮਤਾ ਦਾ ਭਾਵ ਹੈ, ਊਚ-ਨੀਚ ਦਾ ਨਹੀਂ, ਨਾ ਹੀ ਵੰਡ ਛਕਣ ਵਿਚ ਕੋਈ ਅਹਿਸਾਨ ਮੰਨਣਾ ਹੁੰਦਾ ਹੈ।

ਮਨੁੱਖ ਲਈ ਗੁਰੂ ਜੀ ਨੇ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦੀਆਂ ਜਿਨ੍ਹਾਂ ਕੀਮਤਾਂ ਨੂੰ ਅਪਣਾਉਣ ਲਈ ਬਲ ਦਿੱਤਾ ਹੈ, ਇਹ ਸਮੁੱਚੀ ਮਨੁੱਖਤਾ ਲਈ ਬਹੁਤ ਉਸਾਰੂ ਹਨ। ਇਨ੍ਹਾਂ ਦਾ ਮਹੱਤਵ ਹਰ ਯੁੱਗ ਵਿਚ ਹੈ, ਅਜੋਕੇ ਯੁੱਗ ਵਿਚ ਵੀ। ਉਹੀ ਮਨੁੱਖ ਸਹੀ ਅਰਥਾਂ ਵਿਚ ਮਨੁੱਖ ਹੈ ਜੋ ਸਮਾਜ ਵਿਚ ਰਹਿੰਦਾ ਹੋਇਆ, ਸਮਾਜ ਪ੍ਰਤਿ ਆਪਣੀ ਜ਼ਿੰਮੇਵਾਰੀ ਨੂੰ ਸਮਝਦਾ ਹੋਇਆ ਅਤੇ ਕਿਰਤ ਕਮਾਈ ਕਰਦਾ ਹੋਇਆ ਨਾਮ ਜਪਦਾ ਹੈ। ਉਹੀ ਪਰਮਾਤਮਾ ਨੂੰ ਪ੍ਰਾਪਤ ਕਰਨ ਦੇ ਸਮਰੱਥ ਹੋ ਸਕਦਾ ਹੈ। ਮਨੁੱਖ ਵਿਚ ਵੈਰ-ਭਾਵ ਪੈਦਾ ਕਰਨ ਵਾਲਾ, ਕਿਰਤ ਤੋਂ ਸੰਕੋਚ ਕਰਨ ਵਾਲਾ ਅਤੇ ਅਧਿਆਤਮਿਕ ਬਿਰਤੀ ਤੋਂ ਹਟਣ ਵਾਲਾ ਮਨੁੱਖ, ਸਹੀ ਮਨੁੱਖ ਬਣਨ ਦਾ ਅਧਿਕਾਰੀ ਨਹੀਂ।

ਦੁਰਲੱਭ ਮਨੁੱਖ ਜਨਮ ਨੂੰ ਸਕਾਰਥਾ ਬਣਾਉਣ ਲਈ ਹਰ ਵਿਅਕਤੀ ਦਾ ਕਰਤੱਵ ਹੈ ਕਿ ਉਹ ਗੁਰ-ਉਪਦੇਸ਼ ਅਨੁਸਾਰ ਨਾਮ ਜਪੇ, ਕਿਰਤ ਕਰੇ ਅਤੇ ਵੰਡ ਛਕੇ। ਇਸ ਨਾਲ ਵਿਅਕਤੀ ਸੁਧਰੇਗਾ, ਸਮਾਜ ਸੁਧਰੇਗਾ ਅਤੇ ਅੰਤ ਵਿਚ ਸਮੁੱਚੇ ਜਗਤ ਦਾ ਉੱਧਾਰ ਹੋਵੇਗਾ। ਸਰਬੱਤ ਦੇ ਭਲੇ ਦਾ ਕੇਵਲ ਇਹੀ ਉਪਾਅ ਹੈ।

•

ਕਿਵ ਸਚਿਆਰਾ ਹੋਈਐ

ਮੱਧ ਯੁੱਗ ਦੇ ਸਾਰੇ ਮਹਾਂਪੁਰਸ਼ਾਂ ਨੇ ਮਾਨਵ ਕਲਿਆਣ ਜਾਂ ਮਨੁੱਖ ਨੂੰ ਸਚਿਆਰਾ ਬਣਨ ਉੱਤੇ ਬਹੁਤ ਬਲ ਦਿੱਤਾ ਹੈ, ਕਿਉਂਕਿ ਉਸ ਯੁੱਗ ਵਿਚ ਮਨੁੱਖ ਆਪਣੇ ਵਾਸਤਵਿਕ ਮਾਰਗ ਤੋਂ ਖੁੰਝ ਕੇ ਸੰਸਾਰਿਕਤਾ ਵਿਚ ਲੀਨ ਹੋ ਗਿਆ ਸੀ ਅਤੇ ਵਿਸ਼ੇ-ਵਾਸ਼ਨਾਵਾਂ ਵਿਚ ਮਗਨ ਹੋ ਕੇ ਆਪਣਾ ਜਨਮ ਭ੍ਰਿਸ਼ਟ ਕਰ ਰਿਹਾ ਸੀ। ਵਾਸਤਵ ਵਿਚ ਮਾਨਵ ਜਨਮ ਦੁਰਲੱਭ ਹੈ, ਇਸ ਲਈ ਇਸ ਦਾ ਉਚਿਤ ਉਪਯੋਗ ਕਰਨਾ ਜ਼ਰੂਰੀ ਹੈ:

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥੩੦॥

(ਪੰਨਾ ੧੩੬੬)

ਗੁਰਬਾਣੀ ਵਿਚ ਮਾਨਵ ਕਲਿਆਣ ਦੀ ਗੱਲ ਬਹੁਤ ਉਘੜ ਕੇ ਸਾਹਮਣੇ ਆਈ ਹੈ। ਸੱਚ ਤਾਂ ਇਹ ਹੈ ਕਿ ਗੁਰਬਾਣੀ ਵਿਚਲਾ ਉਪਦੇਸ਼ ਹੈ ਹੀ ਮਾਨਵਤਾ ਦੇ ਕਲਿਆਣ ਲਈ। ਗੁਰੂ ਅਰਜਨ ਦੇਵ ਜੀ ਅਨੁਸਾਰ ਸਾਰੀਆਂ ਜੂਨਾਂ ਵਿਚੋਂ ਸਰਬ ਸ੍ਰੇਸ਼ਟ ਜੂਨ ਮਨੁੱਖ ਦੀ ਹੈ, ਇਸ ਧਰਤੀ ਉੱਤੇ ਉਸੇ ਦੀ ਪ੍ਰਭੁਤਾ ਹੈ। ਇਸ ਜਨਮ ਵਿਚ ਜੋ ਸਹੀ ਮਾਰਗ 'ਤੇ ਨਹੀਂ ਚੱਲਦਾ, ਉਹ ਆਵਾਗਵਣ ਦੇ ਚੱਕਰਾਂ ਵਿਚ ਪੈ ਕੇ ਦੁੱਖ ਸਹਿੰਦਾ ਹੈ:

ਲਖ ਚਉਰਾਸੀਹ ਜੋਨਿ ਸਬਾਈ॥
ਮਾਣਸ ਕਉ ਪ੍ਰਭਿ ਦੀਈ ਵਡਿਆਈ॥
ਇਸੁ ਪਉੜੀ ਤੇ ਜੋ ਨਰੁ ਚੂਕੈ,
ਸੋ ਆਇ ਜਾਇ ਦੁਖੁ ਪਾਇਦਾ॥੨॥ *(ਪੰਨਾ ੧੦੭੫)*

ਪਰਮਾਤਮਾ ਨੂੰ ਮਿਲਣ ਦਾ ਇੱਕੋ ਇਕ ਅਵਸਰ ਮਾਨਵ ਜਨਮ ਹੈ, ਇਸ ਤੋਂ ਭਿੰਨ ਹੋਰ ਸਾਰੇ ਕਾਰਜ ਵਿਅਰਥ ਹਨ:

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥੧॥ *(ਪੰਨਾ ੧੨)*

ਗੁਰੂ ਨਾਨਕ ਦੇਵ ਜੀ ਦੇ ਆਗਮਨ ਵੇਲੇ ਧਰਮ ਅਤੇ ਸਮਾਜ ਵਿਚ ਸੱਚੀ

ਮਾਨਵਤਾ ਦੀ ਥਾਂ 'ਤੇ ਪਾਪਾਂ ਦੀ ਪ੍ਰਧਾਨਤਾ ਹੋ ਗਈ ਸੀ, ਉਸ ਸਥਿਤੀ ਦਾ ਚਿਤ੍ਰਣ ਕਰਦਿਆਂ ਭਾਈ ਗੁਰਦਾਸ ਨੇ ਲਿਖਿਆ ਹੈ:

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ॥

(ਵਾਰ ੧, ਪਉੜੀ ੨੪)

ਅਸਲ ਵਿਚ, ਉਦੋਂ ਵਿਸ਼ੇ-ਵਾਸ਼ਨਾਵਾਂ ਦੀ ਅੱਗ ਵਿਚ ਸਾਰੀ ਸ੍ਰਿਸ਼ਟੀ ਸੜ ਰਹੀ ਸੀ। ਮਾਨਵ ਕਲਿਆਣ ਲਈ ਇਸ ਸਥਿਤੀ ਨੂੰ ਸੁਧਾਰਨਾ ਬੜਾ ਜ਼ਰੂਰੀ ਸੀ ਅਤੇ ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਧਾਰਨ ਕਰ ਕੇ ਥਾਂ ਥਾਂ, ਸ਼ਹਿਰ ਸ਼ਹਿਰ, ਦੇਸ ਦੇਸ ਜਾ ਕੇ ਕੁਮਾਰਗ-ਗਾਮੀ ਧਰਮ ਆਗੂਆਂ ਨੂੰ ਸਮਝਾਇਆ, ਤਾਂ ਜੁ ਉਹ ਮਾਨਵਤਾ ਦੇ ਸਹੀ ਰੂਪ ਦਾ ਪ੍ਰਚਾਰ ਕਰ ਸਕਣ।

ਗੁਰੂ ਅਮਰਦਾਸ ਜੀ ਨੇ ਵੀ ਸਾਰਾ ਸੰਸਾਰ ਵਾਸ਼ਨਾਵਾਂ ਦੀ ਅੱਗ ਵਿਚ ਸੜਦਾ ਦੱਸਿਆ ਅਤੇ ਉਸ ਦੇ ਉੱਧਾਰ ਲਈ ਪਰਮਾਤਮਾ ਅੱਗੇ ਪ੍ਰਾਰਥਨਾ ਕੀਤੀ:

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥...੧॥੧੦॥ *(ਪੰਨਾ ੮੫੩)*

ਪੁਰਾਤਨ ਜਨਮਸਾਖੀ ਵਿਚ ਉਲੇਖ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਉਦਾਸ ਰਹਿਣ ਅਤੇ ਕੁਛ ਨਾ ਖਾਣ ਪੀਣ ਕਰਕੇ ਉਨ੍ਹਾਂ ਦਾ ਇਲਾਜ ਕਰਾਉਣ ਲਈ ਵੈਦ ਨੂੰ ਬੁਲਾਇਆ ਗਿਆ, ਵੈਦ ਦੇ ਨਬਜ਼ ਵੇਖਣ 'ਤੇ ਗੁਰੂ ਜੀ ਨੇ ਕਿਹਾ:

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥੧॥੩॥ *(ਪੰਨਾ ੧੨੭੯)*

ਗੁਰੂ ਸਾਹਿਬ ਦੇ ਕਲੇਜੇ ਵਿਚ ਕਿਹੜੀ ਕਰਕ ਸੀ, ਕਿਹੜੀ ਪੀੜ ਸੀ, ਜਿਸ ਨਾਲ ਬਾਰ ਬਾਰ ਚੀਸ ਪੈ ਰਹੀ ਸੀ? ਉੱਤਰ ਸਪਸ਼ਟ ਹੈ ਕਿ ਮਾਨਵਤਾ ਦੀ ਵਿਗੜੀ ਹੋਈ ਦਸ਼ਾ ਨੂੰ ਸੁਧਾਰਨ ਦੀ ਚਿੰਤਾ। ਇਹ ਗੱਲ ਉਨ੍ਹਾਂ ਦੇ ਇਕ ਸਲੋਕ ਤੋਂ ਭਲੀ-ਭਾਂਤ ਸਪਸ਼ਟ ਹੈ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥੧॥੧੬॥ *(ਪੰਨਾ ੧੪੫)*

ਹਉਮੈ ਨੂੰ ਨਿਵਾਰਨ ਦਾ ਇੱਕੋ ਇਕ ਉਪਾਅ ਹੈ—ਸੱਚ ਦੀ ਭਾਲ। ਸਾਰੀ ਗੁਰਬਾਣੀ ਸੱਚ ਦੀ ਭਾਲ ਉੱਤੇ ਜ਼ੋਰ ਦਿੰਦੀ ਹੈ। ਗੁਰਬਾਣੀ ਅਨੁਸਾਰ ਸਾਰਿਆਂ ਦੁੱਖਾਂ ਦਾ ਦਾਰੂ ਕੇਵਲ ਸੱਚ ਹੀ ਹੈ:

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥੧੦॥ *(ਪੰਨਾ ੪੬੮)*

ਗੁਰੂ ਨਾਨਕ ਦੇਵ ਜੀ ਨੇ ਆਪਣੀ ਪ੍ਰਮੁਖ ਬਾਣੀ 'ਜਪੁ ਜੀ' ਵਿਚ ਜਿਸ ਸਮੱਸਿਆ ਨੂੰ ਆਧਾਰ ਬਣਾਇਆ ਹੈ, ਉਹ ਹੈ—ਮਨੁੱਖ ਕਿਵੇਂ ਸੱਚ ਦੇ ਮਾਰਗ ਉੱਤੇ ਚੱਲਣ ਯੋਗ

ਬਣੇ ਅਤੇ ਕਿਵੇਂ ਉਸ ਦੇ ਦੁਆਲੇ ਉਸਰੀ ਵਿਸ਼ੇ-ਵਾਸ਼ਨਾਵਾਂ ਦੀ ਦੀਵਾਰ ਨਸ਼ਟ ਹੋਏ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥...੧॥ (ਪੰਨਾ ੧)

ਇਸ ਦਾ ਸੰਕੇਤਕ ਉੱਤਰ ਅਗਲੀ ਤੁਕ ਵਿਚ ਦੇ ਦਿੱਤਾ ਗਿਆ ਹੈ:

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (ਪੰਨਾ ੧)

ਸਚਿਆਰ ਬਣਨ ਲਈ ਪਰਮਾਤਮਾ ਦੇ ਹੁਕਮ ਨੂੰ ਮੰਨਣਾ ਅਤੇ ਉਸ ਦੀ ਰਜ਼ਾ ਵਿਚ ਰਹਿਣਾ ਅਤਿ ਆਵੱਸ਼ਕ ਹੈ:

ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥...੩੭॥ (ਪੰਨਾ ੮)

ਸਚਿਆਰ ਬਣਨ ਲਈ ਕੀਰਤਨ, ਸ਼੍ਰਵਣ, ਮੰਨਨ, ਭਾਉ-ਭਗਤੀ, ਨਾਮ-ਸਿਮਰਨ ਆਦਿ ਸਾਧਨਾਂ 'ਤੇ ਬਹੁਤ ਬਲ ਦਿੱਤਾ ਗਿਆ ਹੈ ਅਤੇ ਇਨ੍ਹਾਂ ਗੱਲਾਂ ਦਾ ਜੋ ਜਗਿਆਸੂ ਸ਼ਰਧਾਪੂਰਵਕ ਅਨੁਸਰਣ ਕਰਦਾ ਹੈ, ਉਹ ਇਸ ਭਵਸਾਗਰ ਤੋਂ ਪਾਰ ਹੋ ਜਾਂਦਾ ਹੈ ਅਤੇ ਆਪਣੇ ਸੰਪਰਕ ਵਿਚ ਆਉਣ ਵਾਲਿਆਂ ਦਾ ਵੀ ਪਾਰ-ਉਤਾਰਾ ਕਰ ਦਿੰਦਾ ਹੈ:

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥ (ਪੰਨਾ ੮)

ਇਸ ਤਰ੍ਹਾਂ ਸੱਚ ਦੀ ਪ੍ਰਾਪਤੀ ਹੀ ਮਾਨਵ ਕਲਿਆਣ ਲਈ ਅਧਿਆਤਮਿਕ ਦ੍ਰਿਸ਼ਟੀ ਤੋਂ ਸਰਬ ਸ੍ਰੇਸ਼ਟ ਸਾਧਨ ਹੈ।

ਗੁਰੂ ਨਾਨਕ ਦੇਵ ਜੀ ਦੇ ਆਗਮਨ ਵੇਲੇ ਧਰਮ ਅਤੇ ਸਮਾਜ ਵਿਚ ਵੀ ਵੰਡੀਆਂ ਪਈਆਂ ਹੋਈਆਂ ਸਨ। ਗੁਰੂ ਜੀ ਲਈ ਇਹ ਅਵਸਥਾ ਅਸਹਿ ਸੀ। ਵੇਈਂ-ਪ੍ਰਵੇਸ਼ ਉਪਰੰਤ ਗੁਰੂ ਜੀ ਨੇ ਸਪੱਸ਼ਟ ਅਤੇ ਨਿਸੰਗ ਰੂਪ ਵਿਚ ਐਲਾਨ ਕੀਤਾ—'ਨਾ ਕੋਈ ਹਿੰਦੂ ਹੈ, ਨਾ ਕੋਈ ਮੁਸਲਮਾਨ।' ਕਿਉਂਕਿ ਇਨ੍ਹਾਂ ਵਿੱਥਾਂ ਕਰਕੇ ਮਨੁੱਖ ਮਨੁੱਖ ਨਾ ਰਹਿ ਕੇ ਹਿੰਦੂ ਜਾਂ ਮੁਸਲਮਾਨ ਬਣ ਗਿਆ ਹੈ, ਇਨਸਾਨ ਨਹੀਂ ਰਿਹਾ। ਇਸ ਵਾਸਤੇ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ:

ਨਾ ਹਮ ਹਿੰਦੂ ਨ ਮੁਸਲਮਾਨ ॥
ਅਲਹ ਰਾਮ ਕੇ ਪਿੰਡੁ ਪਰਾਨ ॥੪॥੩॥ (ਪੰਨਾ ੧੧੩੬)

ਇਸ ਵਿਥ ਨੂੰ ਖ਼ਤਮ ਕਰ ਕੇ ਸਾਰੇ ਮਨੁੱਖਾਂ ਵਿਚ ਸਮਭਾਵ ਦੀ ਚੇਤਨਾ ਪੈਦਾ ਕਰਨ ਲਈ ਦਸਮ ਗੁਰੂ ਜੀ ਨੇ 'ਅਕਾਲ ਉਸਤਤਿ' ਵਿਚ ਫ਼ੁਰਮਾਇਆ ਹੈ:

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥.....
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥੧੫॥੮੫॥

ਸਭ ਵਿਚ ਇੱਕੋ ਪਰਮਾਤਮਾ ਦੀ ਜੋਤਿ ਵਿਦਮਾਨ ਹੈ, ਸਭ ਦਾ ਸਰੂਪ ਇੱਕੋ ਜਿਹਾ ਹੈ, ਪਰ ਸਹੀ ਧਾਰਮਿਕ ਸੇਧ ਦੇ ਅਭਾਵ ਵਿਚ ਸਭ ਭਟਕ ਰਹੇ ਹਨ।

ਅਧਿਆਤਮਿਕ ਅਤੇ ਧਾਰਮਿਕ ਪੱਖਾਂ ਤੋਂ ਇਲਾਵਾ ਗੁਰਬਾਣੀ ਵਿਚ ਮਨੁੱਖ

ਨੂੰ ਆਪਣਾ ਸਮਾਜਿਕ ਵਿਵਹਾਰ ਵੀ ਸੁਧਾਰਨ ਲਈ ਕਿਹਾ ਗਿਆ ਹੈ, ਕਿਉਂਕਿ ਅਜਿਹਾ ਕੀਤੇ ਬਿਨਾਂ ਮਾਨਵਤਾ ਦਾ ਕਲਿਆਣ ਸੰਭਵ ਨਹੀਂ। ਮਨੁੱਖ ਨੂੰ ਸ੍ਰੇਸ਼ਟ ਬਣਨ ਲਈ ਚੰਗੀਆਂ ਬਿਰਤੀਆਂ ਨੂੰ ਅਪਣਾਉਣਾ ਅਤੇ ਮਾੜੀਆਂ ਬਿਰਤੀਆਂ ਨੂੰ ਛੱਡਣਾ ਚਾਹੀਦਾ ਹੈ। ਕਰਨੀ ਅਤੇ ਕਥਨੀ ਵਿਚ ਕਿਸੇ ਪ੍ਰਕਾਰ ਦਾ ਕੋਈ ਅੰਤਰ ਨਹੀਂ ਰੱਖਣਾ ਚਾਹੀਦਾ। ਸੇਵਾ ਕਰਨਾ ਵੀ ਚੰਗੇ ਮਨੁੱਖ ਦੀ ਬੁਨਿਆਦੀ ਲੋੜ ਹੈ। ਸੇਵਾ ਨਾਲ ਮਨੁੱਖ ਦੇ ਵਿਅਕਤਿਤਵ ਵਿਚ ਵਿਕਾਸ ਹੁੰਦਾ ਹੈ:

ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥੭॥ *(ਪੰਨੇ ੪੬੬-੬੭)*

ਵਰਣ ਵਿਵਸਥਾ ਕਰਕੇ ਵੀ ਮਨੁੱਖਾਂ ਵਿਚ ਵਿੱਥਾਂ ਵਧੀਆਂ ਹਨ, ਇਸ ਲਈ ਗੁਰਬਾਣੀ ਵਿਚ ਜਾਤ-ਪਾਤ ਦਾ ਖੰਡਨ ਕਰ ਕੇ ਗੁਰ-ਉਪਦੇਸ਼ ਸਭ ਲਈ ਸਾਂਝਾ ਦੱਸਿਆ ਗਿਆ ਹੈ:

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥...੪॥੫੦॥
(ਪੰਨਾ ੭੪੭)

ਆਸ਼੍ਰਮ ਵਿਵਸਥਾ ਪ੍ਰਤਿ ਵੀ ਗੁਰਬਾਣੀ ਵਿਚ ਆਸਥਾ ਨਹੀਂ ਵਿਖਾਈ ਗਈ, ਕਿਉਂਕਿ ਇਸ ਨਾਲ ਮਨੁੱਖ ਆਪਣੇ ਕਰਤੱਵ ਤੋਂ ਹਟ ਕੇ ਸੰਨਿਆਸ ਵੱਲ ਰੁਚਿਤ ਹੁੰਦਾ ਹੈ, ਹੋਰਨਾਂ ਉੱਤੇ ਭਾਰ ਬਣਦਾ ਹੈ। ਮਿਹਨਤ ਨਾਲ ਕੀਤੀ ਕਮਾਈ ਨੂੰ ਵੰਡ ਕੇ ਛਕਣਾ ਹੀ ਸਹੀ ਮਾਨਵੀ ਗੁਣ ਹੈ:

ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥੧॥੨੨॥ *(ਪੰਨਾ ੧੨੪੫)*

ਗ੍ਰਿਹਸਥ ਧਰਮ ਨੂੰ ਗੁਰਬਾਣੀ ਵਿਚ ਸ੍ਰੇਸ਼ਟ ਦੱਸਦਿਆਂ ਹੋਇਆਂ ਇਸਤ੍ਰੀ ਦੇ ਗੌਰਵ ਦੀ ਵੀ ਸਥਾਪਨਾ ਕੀਤੀ ਗਈ ਹੈ। ਪਤੀ-ਪਤਨੀ ਸੰਬੰਧ ਕਿਸੇ ਗ਼ਰਜ਼ 'ਤੇ ਨਿਰਭਰ ਨਹੀਂ ਹੋਣੇ ਚਾਹੀਦੇ, ਸਗੋਂ ਉਨ੍ਹਾਂ ਵਿਚ ਪਰਸਪਰ ਇਕਾਤਮਿਕਤਾ ਦੀ ਭਾਵਨਾ ਹੋਣੀ ਚਾਹੀਦੀ ਹੈ:

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥੩॥੯॥ *(ਪੰਨਾ ੭੮੮)*

ਪਰਾਇਆ ਹੱਕ ਮਾਰਨਾ ਵੀ ਚੰਗੇ ਮਨੁੱਖ ਲਈ ਅਨੁਚਿਤ ਹੈ, ਕਿਉਂਕਿ ਅਜਿਹਾ ਕਰਨ ਨਾਲ ਵੈਰ-ਵਿਰੋਧ ਦਾ ਵਿਸਤਾਰ ਹੁੰਦਾ ਹੈ ਅਤੇ ਮਨੁੱਖਾਂ ਵਿਚ ਭੈੜੀਆਂ ਰੁਚੀਆਂ ਦਾ ਵਿਕਾਸ ਹੁੰਦਾ ਹੈ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥...੨॥੭॥ *(ਪੰਨਾ ੧੪੧)*

ਗੁਰਬਾਣੀ ਵਿਚ ਜਿਸ ਆਦਰਸ਼-ਮਨੁੱਖ ਦੀ ਕਲਪਨਾ ਕੀਤੀ ਗਈ ਹੈ, ਉਹ ਗੁਰਮੁਖ ਹੈ। ਮਾਇਆ ਵਿਚ ਰਹਿੰਦਾ ਹੋਇਆ ਉਹ ਮਾਇਆ ਦੇ ਪ੍ਰਭਾਵ ਤੋਂ ਮੁਕਤ ਵਿਅਕਤੀ ਹੈ। ਉਹ ਕੇਵਲ ਆਪਣੀ ਮੁਕਤੀ ਅਥਵਾ ਉੱਨਤੀ ਤੋਂ ਸੰਤੁਸ਼ਟ ਨਹੀਂ, ਉਹ ਤਾਂ ਸਾਰੇ ਸਮਾਜ, ਸਾਰੇ ਭਾਈਚਾਰੇ, ਸਾਰੀ ਮਨੁੱਖਤਾ ਦੇ ਕਲਿਆਣ ਵਿਚ ਵਿਸ਼ਵਾਸ ਰੱਖਦਾ ਹੈ:

ਐਸੇ ਜਨ ਵਿਰਲੇ ਸੰਸਾਰੇ ॥
ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥
ਆਪਿ ਤਰਹਿ ਸੰਗਤਿ ਕੁਲ ਤਾਰਹਿ,
ਤਿਨ ਸਫਲ ਜਨਮੁ ਜਗਿ ਆਇਆ ॥੧੧॥ *(ਪੰਨਾ ੧੦੩੯)*

ਸਮੁੱਚੇ ਤੌਰ 'ਤੇ ਗੁਰਬਾਣੀ ਵਿਚ ਮਾਨਵ-ਕਲਿਆਣ ਦੇ ਅਨੇਕ ਪੱਖਾਂ 'ਤੇ ਝਾਤ ਪਾ ਕੇ ਮਨੁੱਖ ਨੂੰ ਸਹੀ ਸੇਧ ਦਿੱਤੀ ਗਈ ਹੈ ਅਤੇ ਉਸ ਨੂੰ ਚੰਗਾ ਮਨੁੱਖ ਬਣਨ ਲਈ ਬਾਰ ਬਾਰ ਪ੍ਰੇਰਿਤ ਕੀਤਾ ਗਿਆ ਹੈ।

•

ਘਾਲ ਬੁਰੀ ਕਿਉ ਘਾਲੀਐ

ਮਨੁੱਖ ਜੋ ਕਰਮ ਕਰਦਾ ਹੈ, ਉਸ ਨੂੰ ਉਸ ਦਾ ਫਲ ਜ਼ਰੂਰ ਭੋਗਣਾ ਪੈਂਦਾ ਹੈ। ਚੰਗਾ ਕਰਮ ਕਰਨ ਨਾਲ ਚੰਗਾ ਫਲ ਮਿਲਦਾ ਹੈ, ਮਾੜਾ ਕਰਮ ਕਰਨ ਨਾਲ ਮਾੜਾ ਫਲ ਮਿਲਦਾ ਹੈ। ਕਰਮਾਂ ਉੱਤੇ ਨਿਬੇੜਾ ਹੋਣਾ ਭਾਰਤੀ ਸੰਸਕ੍ਰਿਤੀ ਦਾ ਇਕ ਪਰੰਪਰਾਗਤ ਸਿੱਧਾਂਤ ਹੈ। ਇਸ ਨੂੰ 'ਕਰਮਵਾਦ' ਦਾ ਨਾਂ ਵੀ ਦਿੱਤਾ ਜਾਂਦਾ ਹੈ। ਇਸ ਸਿੱਧਾਂਤ ਦਾ ਸਭ ਤੋਂ ਉੱਤਮ ਪੱਖ ਇਹ ਹੈ ਕਿ ਵਿਅਕਤੀ ਮਾੜੇ ਕਰਮਾਂ ਦੇ ਮਾੜੇ ਫਲ ਭੋਗਣ ਤੋਂ ਡਰਦਾ ਹੋਇਆ ਮਾੜੇ ਕਰਮਾਂ ਤੋਂ ਆਪਣੇ ਆਪ ਨੂੰ ਵਰਜਦਾ ਹੈ ਅਤੇ ਸ਼ੁਭ ਕਰਮਾਂ ਵਿਚ ਰੁਚੀ ਰੱਖਦਾ ਹੈ।

ਹਰ ਇਕ ਧਰਮ ਵਿਚ ਕਰਮ ਦੇ ਸਿੱਧਾਂਤ ਨੂੰ ਕਿਸੇ ਨਾ ਕਿਸੇ ਰੂਪ ਵਿਚ ਮਹੱਤਵ ਦਿੱਤਾ ਗਿਆ ਹੈ। ਮਨੁੱਖ ਦੁਆਰਾ ਕੀਤਾ ਹੋਇਆ ਕੰਮ, ਵਾਪਾਰ, ਚੇਸ਼ਟਾ ਜਾਂ ਕ੍ਰਿਆ ਉਸ ਦਾ ਕਰਮ ਅਖਵਾਂਦਾ ਹੈ ਅਤੇ ਜਿਹੋ ਜਿਹਾ ਉਹ ਕਰਮ ਕਰਦਾ ਹੈ, ਉਹੋ ਜਿਹਾ ਉਸ ਨੂੰ ਫਲ ਭੋਗਣਾ ਪੈਂਦਾ ਹੈ।

ਸਿਖ ਧਰਮ ਵਿਚ ਚੰਗੇ ਕਰਮ ਕਰਨ 'ਤੇ ਬਹੁਤ ਬਲ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕਿਹਾ ਹੈ ਕਿ ਆਪਣੀ ਇੱਛਾ ਨਾਲ ਕਿਸੇ ਨੂੰ ਕੋਈ ਵਸਤੂ ਪ੍ਰਾਪਤ ਨਹੀਂ ਹੋ ਸਕਦੀ, ਭਾਵੇਂ ਕੋਈ ਕਿੰਨੀਆਂ ਹੀ ਕਾਮਨਾਵਾਂ ਮਨ ਵਿਚ ਧਾਰ ਲਏ, ਨਿਪਟਾਰਾ ਕਰਮਾਂ ਉਪਰ ਹੀ ਹੁੰਦਾ ਹੈ:

ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥
ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥੩॥੧੮॥ *(ਪੰਨੇ ੧੫੬-੫੭)*

ਇਸ ਸੰਸਾਰ ਵਿਚ ਕੇਵਲ ਕਹਿਣ ਕਹਾਉਣ ਨਾਲ ਕੋਈ ਵਿਅਕਤੀ ਪਾਪੀ ਜਾਂ ਪੁੰਨੀ ਨਹੀਂ ਬਣ ਸਕਦਾ, ਸਗੋਂ ਉਸ ਦਾ ਸਰੂਪ ਉਸ ਦੇ ਕਰਮਾਂ 'ਤੇ ਨਿਰਭਰ ਕਰਦਾ ਹੈ। 'ਜਪੁ ਜੀ' ਵਿਚ ਇਸੇ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ:

ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥...੨੦॥ *(ਪੰਨਾ ੪)*

ਜੋ ਕਰਮ ਕੀਤਾ ਜਾ ਚੁਕਿਆ ਹੈ, ਉਸ ਨੂੰ ਗੁਰਬਾਣੀ ਵਿਚ 'ਕਿਰਤ ਕਰਮ' ਦਾ ਨਾਂ ਦਿੱਤਾ ਗਿਆ ਹੈ। 'ਕਿਰਤ' ਸੰਸਕ੍ਰਿਤ ਦੇ 'ਕ੍ਰਿਤ' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਅਰਥ ਹੈ—ਕੀਤਾ ਹੋਇਆ। ਸੰਸਾਰੀ ਜੀਵ ਨੂੰ ਆਪਣੇ ਕਰਮਾਂ ਦਾ ਫਲ ਭੋਗਣ ਲਈ ਕਿਸੇ ਨਾ ਕਿਸੇ ਜੂਨ (ਜਨਮ) ਦਾ ਆਸਰਾ ਲੈਣਾ ਪੈਂਦਾ ਹੈ। ਜੀਵ ਦੇ ਤਿੰਨ ਸਰੀਰ ਹਨ—ਕਾਰਣ ਸਰੀਰ, ਲਿੰਗ ਸਰੀਰ (ਸੂਖਮ ਸਰੀਰ) ਅਤੇ ਸਥੂਲ ਸਰੀਰ।

ਜੀਵ ਦੇ ਆਤਮ ਸਰੂਪ ਗਿਆਨ ਨੂੰ ਢੱਕਣ ਵਾਲੀ ਮਾਇਆ ਹੀ ਜੀਵ ਦੇ ਅਗਲੇ ਜਨਮ ਦਾ ਕਾਰਣ ਹੋਣ ਕਰਕੇ ਉਸ ਦਾ 'ਕਾਰਣ ਸਰੀਰ' ਹੈ। ਜੀਵ ਦੇ 'ਕਾਰਣ ਸਰੀਰ' ਤੋਂ ਉਸ ਦੇ 'ਸੂਖਮ ਸਰੀਰ' ਦੀ ਉਤਪਤੀ ਹੁੰਦੀ ਹੈ। ਇਹ ਸਰੀਰ ਅਗਿਆਨੀ ਜੀਵ ਨੂੰ ਉਸ ਦੇ ਵਾਸ਼ਨਾ ਰੂਪੀ ਕਰਮ-ਫਲਾਂ ਦਾ ਅਨੁਭਵ ਕਰਾਉਂਦਾ ਹੈ। ਇਸ ਸਰੀਰ ਦੇ ਤਿੰਨ ਅੰਗ ਹਨ—ਅੰਤਹਕਰਣ, ਇੰਦਰੀਆਂ ਅਤੇ ਪ੍ਰਾਣ। 'ਸਥੂਲ ਸਰੀਰ' ਦੀ ਉਤਪਤੀ ਪ੍ਰਿਥਵੀ, ਆਕਾਸ਼, ਜਲ, ਵਾਯੂ, ਅਗਨੀ ਨਾਂ ਦੇ ਪੰਜ ਮਹਾਂ ਭੂਤਾਂ (ਤੱਤਾਂ) ਦੇ ਸੰਜੋਗ ਨਾਲ ਹੁੰਦੀ ਹੈ। ਸਾਧਾਰਨ ਤੌਰ 'ਤੇ ਇਸੇ ਨੂੰ ਸਰੀਰ ਕਿਹਾ ਜਾਂਦਾ ਹੈ।

'ਸੂਖਮ-ਸਰੀਰ' ਦਾ ਸੰਬੰਧ ਕਰਮ-ਫਲਾਂ ਨਾਲ ਹੈ। ਬ੍ਰਹਮ-ਗਿਆਨ ਦੀ ਪ੍ਰਾਪਤੀ ਤਕ ਸੂਖਮ ਸਰੀਰ ਦੇ ਰੂਪ ਵਿਚ ਪਹਿਲੇ ਜਨਮਾਂ ਦੇ ਸੰਸਕਾਰ ਬਣੇ ਰਹਿਣ ਕਰਕੇ ਜੀਵ ਉਨ੍ਹਾਂ ਅਨੁਸਾਰ ਜਨਮ ਗ੍ਰਹਿਣ ਕਰਦਾ ਹੈ। ਫਲ ਭੋਗਣ ਦੀ ਦ੍ਰਿਸ਼ਟੀ ਤੋਂ ਕਰਮ ਤਿੰਨ ਪ੍ਰਕਾਰ ਦੇ ਹਨ—ਸੰਚਿਤ ਕਰਮ, ਪ੍ਰਾਲਬਧ ਕਰਮ ਅਤੇ ਵਰਤਮਾਨ ਕਰਮ। ਪਹਿਲੇ ਜਨਮਾਂ ਵਿਚ ਕੀਤੇ ਕਰਮ 'ਸੰਚਿਤ ਕਰਮ' ਹਨ। ਪਹਿਲੇ ਜਨਮਾਂ ਦੇ ਜਿਨ੍ਹਾਂ ਕਰਮਾਂ ਦਾ ਫਲ ਭੋਗਿਆ ਜਾ ਰਿਹਾ ਹੈ, ਉਹ 'ਪ੍ਰਾਲਬਧ ਕਰਮ' ਹਨ। ਜੋ ਕਰਮ ਇਸ ਜਨਮ ਵਿਚ ਕੀਤੇ ਜਾ ਰਹੇ ਹਨ, ਉਹ 'ਵਰਤਮਾਨ ਕਰਮ' ਹਨ। ਵਰਤਮਾਨ ਕਰਮ ਅਗਲੇ ਜਨਮ ਲਈ 'ਸੰਚਿਤ ਕਰਮ' ਬਣਦੇ ਜਾਂਦੇ ਹਨ ਅਤੇ ਫਲ ਨੂੰ ਭੋਗਣ ਵੇਲੇ ਉਹ 'ਪ੍ਰਾਲਬਧ ਕਰਮ' ਕਹੇ ਜਾਂਦੇ ਹਨ। ਇਸ ਤਰ੍ਹਾਂ ਇਹ ਕਰਮ ਇਕ ਚੱਕਰ ਵਿਚ ਘੁੰਮਦੇ ਹੋਏ ਫਲ ਦਾ ਭੋਗ ਕਰਾਉਂਦੇ ਹਨ। ਇਹੀ ਆਵਾਗਵਣ ਹੈ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਕਿਰਤ ਕਰਮ ਕਿਸੇ ਤਰ੍ਹਾਂ ਵੀ ਮਿਟਾਏ ਨਹੀਂ ਜਾ ਸਕਦੇ "ਕਿਰਤੁ ਨ ਮੇਟਿਆ ਜਾਇ॥" ਅਸਲ ਵਿਚ ਕਿਰਤ ਕਰਮ ਜਿਸ ਪ੍ਰਕਾਰ ਜੀਵ ਨੂੰ ਕਰਮ ਕਰਨ ਲਈ ਪ੍ਰੇਰਿਤ ਕਰਦੇ ਹਨ, ਉਸੇ ਤਰ੍ਹਾਂ ਉਹ ਕਰਮ ਕਰਦਾ ਜਾਂਦਾ ਹੈ :

ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ,
ਤਉ ਗੁਣ ਨਾਹੀ ਅੰਤੁ ਹਰੇ॥੧॥੩॥ *(ਪੰਨਾ ੯੯੦)*

ਇਨ੍ਹਾਂ ਨੂੰ ਮਿਟਾਉਣ ਵਿਚ ਅਵਤਾਰਾਂ ਤਕ ਨੂੰ ਅਸਮਰੱਥ ਦੱਸਿਆ ਗਿਆ ਹੈ। ਤੁਖਾਰੀ ਰਾਗ ਦੇ ਬਾਰਹਮਾਹ ਦੇ ਆਰੰਭ ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਕਿਰਤ ਕਰਮਾਂ ਦੇ ਅਨੁਸਾਰ ਹਰ ਇਕ ਜੀਵ ਦੁੱਖ ਸੁੱਖ ਸਹਿੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਮਾਝ ਰਾਗ ਦੇ ਬਾਰਹਮਾਹ ਵਿਚ ਪਰਮਾਤਮਾ ਅੱਗੇ ਪ੍ਰਾਰਥਨਾ ਕੀਤੀ ਹੈ ਕਿ ਕਿਰਤ ਕਰਮਾਂ ਦੇ ਫਲਸਰੂਪ ਹੀ ਜੀਵ ਆਵਾਗਵਣ ਦੇ ਚੱਕਰ ਵਿਚ ਪਿਆ ਪਰਮਾਤਮਾ ਤੋਂ ਵਿਛੜਿਆ ਰਿਹਾ ਹੈ। ਹੁਣ ਇਸ ਜਨਮ ਵਿਚ ਕਿਰਪਾ-ਪੂਰਵਕ ਉਸ ਨੂੰ ਸੰਜੋਗ ਸੁੱਖ ਦਾ ਆਨੰਦ ਬਖ਼ਸ਼ਿਆ ਜਾਏ :

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥ *(ਪੰਨਾ ੧੩੩)*

'ਪਟੀ' ਨਾਂ ਦੀ ਬਾਣੀ ਵਿਚ ਵੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਦੋਸ਼ ਕਿਸੇ ਹੋਰ ਨੂੰ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਇਹ ਤਾਂ ਕਰਮਾਂ ਦੇ ਹੀ ਸਿਰ ਹੈ। ਵਿਅਕਤੀ ਜੋ ਕਰਦਾ ਹੈ, ਉਹੀ ਉਸ ਨੂੰ ਪ੍ਰਾਪਤ ਹੁੰਦਾ ਹੈ, ਭਲਾ ਹੋਰ ਕਿਸੇ ਨੂੰ ਕਿਉਂ ਦੋਸ਼ ਦਿੱਤਾ ਜਾਏ :

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥੨੧॥ *(ਪੰਨਾ ੪੩੩)*

ਸਪੱਸ਼ਟ ਹੈ ਕਿ ਮਨੁੱਖ ਨੂੰ ਆਪਣੇ ਕਰਮਾਂ ਦਾ ਫਲ ਅਵੱਸ਼ ਭੋਗਣਾ ਪੈਂਦਾ ਹੈ। ਜਦ ਕਰਮਾਂ ਦਾ ਫਲ ਹਰ ਸੂਰਤ ਵਿਚ ਭੋਗਣਾ ਹੀ ਹੈ ਤਾਂ ਫਿਰ ਅਸੀਂ ਮਾੜੇ ਕਰਮ ਕਿਉਂ ਕਰੀਏ ?

ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥...੨੧॥
(ਪੰਨਾ ੪੭੪)

ਇਸ ਵਾਸਤੇ ਮਹਾਂਪੁਰਸ਼ਾਂ ਨੇ ਮਨੁੱਖ ਨੂੰ ਚੰਗੇ ਕਰਮ, ਨੇਕ ਕਰਮ, ਸ਼ੁਭ ਕਰਮ ਕਰਨ ਲਈ ਉਪਦੇਸ਼ ਦਿੱਤੇ ਹਨ।

ਜੋ ਕਰਮ ਸ਼ਾਂਤ ਬੁੱਧੀ ਦੀ ਪ੍ਰਾਪਤੀ ਵਿਚ ਸਹਾਇਕ ਹੋਣ, ਉਹ 'ਸ਼ੁਭ ਕਰਮ' ਹਨ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਨੂੰ 'ਅਧਿਆਤਮ ਕਰਮ' ਵੀ ਕਿਹਾ ਹੈ। 'ਅਧਿਆਤਮ ਕਰਮ' ਉਹ ਕਰਮ ਹਨ ਜਿਨ੍ਹਾਂ ਦੇ ਕਰਨ ਨਾਲ ਕਰਮ ਕਰਨ ਵਾਲੇ ਵਿਅਕਤੀ ਜਾਂ ਸਾਧਕ ਦੀ ਦ੍ਰਿਸ਼ਟੀ ਵਿਚ ਜਗਤ ਦੀਆਂ ਨਾਮ-ਧਰੀਕ ਸੀਮਾਵਾਂ ਮਿਟ ਜਾਂਦੀਆਂ ਹਨ। ਹਰ ਪਾਸੇ ਇਕ ਹੀ ਜੋਤਿ ਦਾ ਪ੍ਰਕਾਸ਼ ਦਿੱਸਦਾ ਹੈ। ਅਜਿਹੀ ਸਥਿਤੀ ਵਿਚ ਕੀਤਾ ਹੋਇਆ ਹਰ ਕਰਮ ਹਉਮੈ ਤੋਂ ਰਹਿਤ ਹੋ ਜਾਂਦਾ ਹੈ ਅਤੇ ਮਨ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ। ਇਨ੍ਹਾਂ ਕਰਮਾਂ ਨਾਲ ਵਿਅਕਤੀ ਅਧਿਆਤਮਿਕ ਖੇਤਰ ਵਿਚ ਅੱਗੇ ਵਧਦਾ ਹੈ, ਉਸ ਦੀ ਨਜ਼ਰ ਵਿਚ ਆਪਣਾ ਪਰਾਇਆ ਭੇਦ ਮਿਟ ਜਾਣ ਕਰਕੇ ਉਹ ਸ੍ਰੇਸ਼ਟ ਸਮਾਜਿਕ ਵਿਅਕਤੀ ਬਣਦਾ ਹੈ ਅਤੇ ਉਸ ਦੇ ਸੰਪਰਕ ਵਿਚ ਆਉਣ ਵਾਲਿਆਂ ਦਾ ਵੀ ਉੱਧਾਰ ਹੁੰਦਾ ਹੈ।

ਅਧਿਆਤਮ ਕਰਮਾਂ ਦਾ ਖੇਤਰ ਬੜਾ ਵਿਸ਼ਾਲ ਹੈ, ਜਿਵੇਂ ਵਾਸ਼ਨਾਵਾਂ ਨੂੰ ਮਾਰਨਾ, ਹਿਰਦੇ ਵਿਚ ਸਤਿ ਸਰੂਪ ਪਰਮਾਤਮਾ ਨੂੰ ਧਾਰਨ ਕਰਨਾ, ਪਰਮਾਤਮਾ ਦੇ ਭੈ ਵਿਚ ਰਹਿਣਾ, ਪ੍ਰਾਣੀ ਮਾਤਰ ਦੀ ਸੇਵਾ ਕਰਨਾ, ਹਉਮੈ ਨੂੰ ਤਿਆਗਣਾ, ਪਰਮਾਤਮਾ ਦੀ ਰਜ਼ਾ ਵਿਚ ਚੱਲਣਾ, ਸਤਿਸੰਗਤ ਕਰਨਾ, ਚੰਗੇ ਗੁਣ ਗ੍ਰਹਿਣ ਕਰਨਾ, ਕਰਨੀ-ਕਥਨੀ ਵਿਚ ਕੋਈ ਅੰਤਰ ਨਾ ਰੱਖਣਾ, ਆਦਿ। ਇਸ ਦੇ ਨਾਲ ਹੀ ਗੁਰੂ ਜੀ ਨੇ ਮਾੜੇ ਕਰਮਾਂ ਨੂੰ ਤਿਆਗਣ 'ਤੇ ਵੀ ਬਲ ਦਿੱਤਾ ਹੈ:

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥...੧੧॥ *(ਪੰਨਾ ੯੧੮)*

ਬਾਬਾ ਫ਼ਰੀਦ ਜੀ ਨੇ ਵੀ ਕਿਹਾ ਹੈ:

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥੫੯॥ *(ਪੰਨਾ ੧੩੮੧)*

ਸਾਰਾਂਸ਼ ਇਹ ਕਿ ਮਨੁੱਖ ਨੂੰ ਕਦੇ ਵੀ ਮਾੜਾ ਕਰਮ ਨਹੀਂ ਕਰਨਾ ਚਾਹੀਦਾ। ਮਾੜੇ ਕਰਮ ਨਾ ਕਰਨ ਨਾਲ ਹੀ ਮਨੁੱਖ ਸੱਚੇ ਅਰਥਾਂ ਵਿਚ 'ਮਨੁੱਖ' ਅਖਵਾਉਣ ਦਾ ਅਧਿਕਾਰੀ ਹੈ। ਚੰਗੇ ਮਨੁੱਖਾਂ ਵਾਲਾ ਸਮਾਜ ਹੀ ਮਾਨਵਤਾ ਨੂੰ ਉੱਨਤੀ ਵੱਲ ਲਿਜਾ ਸਕਦਾ ਹੈ।

•

ਸਤਸੰਗਤਿ ਮਿਲੇ ਸੁ ਤਰਿਆ

ਸਤਿਸੰਗਤ ਅਧਿਆਤਮਿਕ ਉੱਨਤੀ ਦਾ ਇਕ ਮਹੱਤਵਪੂਰਨ ਸਾਧਨ ਹੈ। ਸਾਧਨਾ ਦੇ ਚਹੁੰਆਂ ਮਾਰਗਾਂ (ਗਿਆਨ, ਕਰਮ, ਯੋਗ ਅਤੇ ਭਗਤੀ) ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ। ਭਗਤੀ ਮਾਰਗ ਦਾ ਤਾਂ ਇਸ ਨੂੰ ਸਰਬੱਸ ਸਮਝਿਆ ਜਾਂਦਾ ਹੈ। ਮੱਧ ਯੁੱਗ ਦੇ ਅਨੇਕ ਸਾਧਕਾਂ ਨੇ ਇਸ ਪ੍ਰਤਿ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਹੈ। ਪਰ ਸਿਖ ਮਤ ਵਿਚ ਇਸ ਦੀ ਵਿਸ਼ੇਸ਼ ਰੂਪ ਵਿਚ ਪ੍ਰਤਿਸ਼ਟਾ ਹੋਈ ਹੈ।

ਅਧਿਆਤਮਿਕ ਸਾਧਨਾ ਕੋਈ ਸਰਲ ਕਾਰਜ ਨਹੀਂ। ਮਾਇਆ ਦੇ ਪ੍ਰਭਾਵ ਕਰਕੇ ਸਾਧਕ ਕਦੇ ਵੀ ਆਪਣੇ ਮਾਰਗ ਤੋਂ ਥਿੜਕ ਸਕਦਾ ਹੈ। ਇਸ ਲਈ ਸਾਧਨਾ ਜਾਂ ਭਗਤੀ ਦੇ ਖੇਤਰ ਵਿਚ ਅਗਵਾਈ ਦੀ ਸਦਾ ਹੀ ਲੋੜ ਬਣੀ ਰਹਿੰਦੀ ਹੈ। ਜਿਵੇਂ ਜਿਵੇਂ ਸਾਧਕ ਅਧਿਆਤਮਿਕ ਉੱਨਤੀ ਕਰਦਾ ਜਾਂਦਾ ਹੈ, ਇਹ ਲੋੜ ਘਟਦੀ ਜਾਂਦੀ ਹੈ, ਪਰ ਸਿੱਧੀ ਪ੍ਰਾਪਤ ਕਰਨ ਤੋਂ ਪਹਿਲਾਂ ਦੀ ਅਵਸਥਾ ਵਿਚ ਅਗਵਾਈ ਦੀ ਲੋੜ ਅਧਿਕ ਹੈ। ਗੁਰੂ ਦੀ ਸ਼ਰਨ ਵਿਚ ਜਾ ਕੇ ਅਧਿਆਤਮਿਕ ਸਾਧਨਾ ਦਾ ਮੁੱਢਲਾ ਬੋਧ ਪ੍ਰਾਪਤ ਹੁੰਦਾ ਹੈ। ਪਰ ਇਸ ਤੋਂ ਬਾਦ ਸਾਧਨਾ ਦੀਆਂ ਵੱਖ ਵੱਖ ਸਥਿਤੀਆਂ ਅਤੇ ਪੱਧਰਾਂ 'ਤੇ ਜਗਿਆਸੂ ਨੂੰ ਕਠਿਨਾਈਆਂ ਪੇਸ਼ ਆ ਸਕਦੀਆਂ ਹਨ, ਉਨ੍ਹਾਂ ਨੂੰ ਦੂਰ ਕਰਨ ਲਈ ਕਿਸੇ ਹੋਰ ਸਹਾਇਕ ਸਾਧਨ ਦੀ ਲੋੜ ਪੈਂਦੀ ਹੈ। ਇਸ ਤੋਂ ਇਲਾਵਾ ਸਦਾ ਪ੍ਰੇਰਨਾ ਦੇਣ ਵਾਲੇ ਅਨੁਕੂਲ ਅਤੇ ਪਵਿੱਤਰ ਵਾਤਾਵਰਨ ਦੀ ਵੀ ਆਵੱਸ਼ਕਤਾ ਬਣੀ ਰਹਿੰਦੀ ਹੈ। ਵਾਸਤਵ ਵਿਚ, ਗੁਰੂ ਦੀ ਅਗਵਾਈ ਤੋਂ ਬਾਦ ਜਗਿਆਸੂ ਨੂੰ ਨਾਲ ਨਾਲ ਪ੍ਰੇਰਨਾ ਦੇਣ, ਉਸ ਦੇ ਵਿਸ਼ਵਾਸ ਨੂੰ ਦ੍ਰਿੜ ਬਣਾਉਣ ਅਤੇ ਉਸ ਦੇ ਅਨੁਭਵ ਵਿਚ ਨਿਖਾਰ ਲਿਆਉਣ ਲਈ ਸਤਿਸੰਗਤ ਦਾ ਬਹੁਤ ਯੋਗਦਾਨ ਹੈ।

ਸਤਿਸੰਗਤ ਤੋਂ ਭਾਵ ਹੈ—ਸੱਚਾ, ਸ੍ਰੇਸ਼ਟ ਜਾਂ ਉੱਤਮ ਸਾਥ। ਇਹ ਸਾਥ ਚੂੰਕਿ ਚੰਗੇ ਜਾਂ ਭਲੇ ਪੁਰਸ਼ਾਂ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਇਸ ਲਈ ਗੁਰਬਾਣੀ ਵਿਚ ਸਤਿਸੰਗਤ ਦਾ ਭਾਵ-ਬੋਧ ਸਤਸੰਗ, ਸਾਧ-ਸੰਗਤ, ਸਾਧ-ਸੰਗ, ਹਰਿ-ਜਨ-ਸੰਗਤ ਆਦਿ ਸ਼ਬਦ ਵਰਤ ਕੇ ਵੀ ਕਰਵਾਇਆ ਜਾਂਦਾ ਹੈ। ਸਤਿਸੰਗਤ ਜਾਂ ਸਾਧਸੰਗਤ ਦਾ ਪਹਿਲਾ ਰੂਪ ਬੁੱਧ ਮਤ ਦੀ ਸੰਘ-ਪਰੰਪਰਾ ਵਿਚ ਮਿਲ ਜਾਂਦਾ ਹੈ, ਪਰ ਇਸ ਦਾ ਵਾਸਤਵਿਕ ਅਤੇ ਸਹੀ ਵਿਕਾਸ ਮੱਧ ਯੁੱਗ ਦੇ ਸੰਤਾਂ, ਭਗਤਾਂ ਦੀ ਸਾਧਨਾ ਜਾਂ ਬਾਣੀ ਵਿਚ ਹੋਇਆ ਹੈ। ਸਤਿਸੰਗਤ ਤੋਂ ਪ੍ਰਾਪਤ ਹੋਣ ਵਾਲੇ ਲਾਭ ਇਤਨੇ ਅਧਿਕ ਹਨ ਕਿ ਹਰ ਇਕ ਮਹਾਂਪੁਰਸ਼ ਨੇ ਇਸ ਦੀ ਉਸਤਤਿ ਹੀ ਨਹੀਂ ਕੀਤੀ, ਪ੍ਰਾਪਤੀ ਲਈ ਉਤਸੁਕਤਾ ਵੀ ਵਿਖਾਈ ਹੈ। ਕਬੀਰ ਜੀ ਨੇ ਕਿਹਾ ਹੈ:

ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥
ਸਾਕਤ ਸੰਗੁ ਨ ਕੀਜੀਐ, ਜਾ ਤੇ ਹੋਇ ਬਿਨਾਹੁ ॥੯੩॥ *(ਪੰਨਾ ੧੩੬੯)*

ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਉੱਤਮ ਸੰਗਤਿ ਨਾਲ ਹਰ ਇਕ ਵਿਅਕਤੀ ਉੱਤਮ ਬਣਦਾ ਹੈ, ਉਸ ਦੇ ਅਵਗੁਣ ਨਸ਼ਟ ਹੁੰਦੇ ਹਨ ਅਤੇ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ:

ਊਤਮ ਸੰਗਤਿ ਊਤਮੁ ਹੋਵੈ ॥
ਗੁਣ ਕਉ ਧਾਵੈ ਅਵਗਣ ਧੋਵੈ ॥...੭॥੫॥ *(ਪੰਨਾ ੪੧੪)*

ਸਤਿਸੰਗਤ ਦੇ ਕੀ ਲੱਛਣ ਹਨ? ਇਸ ਦਾ ਉੱਤਰ ਗੁਰੂ ਨਾਨਕ ਸਾਹਿਬ ਆਪ ਦਿੰਦਿਆਂ ਕਹਿੰਦੇ ਹਨ ਕਿ ਸਤਿਸੰਗਤ ਉਹ ਹੈ ਜਿਥੇ ਕੇਵਲ ਇਕ ਨਾਮ ਦਾ ਹੀ ਵਿਖਿਆਨ ਹੁੰਦਾ ਹੈ, ਕਿਉਂਕਿ ਨਾਮ ਹੀ ਇਕ-ਮਾਤਰ ਹੁਕਮ ਹੈ, ਜੋ ਸਤਿਗੁਰੂ ਨੇ ਸਾਨੂੰ ਦੱਸਿਆ ਹੈ:

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥
(ਪੰਨਾ ੭੨)

ਧਾਰਮਿਕ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵੇਲੇ ਜੁੜ ਬੈਠੇ ਵਿਅਕਤੀਆਂ ਨੂੰ ਆਮ ਤੌਰ 'ਤੇ ਸਤਿਸੰਗਤ ਜਾਂ ਸਾਧਸੰਗਤ ਨਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ, ਕਿਉਂਕਿ ਗੁਰੂ ਦੀ ਹਜ਼ੂਰੀ ਵਿਚ ਜਗਿਆਸੂਆਂ ਦੀ ਵਿਕਾਰਾਂ ਵਲੋਂ ਰੁਚੀ ਹਟ ਕੇ ਗੁਰੂ-ਚਰਨਾਂ ਨਾਲ ਜੁੜਦੀ ਹੈ, ਚਿਤ-ਬਿਰਤੀ ਵਿਚ ਇਕਾਗਰਤਾ ਆਉਂਦੀ ਹੈ। *ਬਾਲੇ ਵਾਲੀ ਜਨਮਸਾਖੀ* ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਕਿਹਾ ਸੀ, "ਮਰਦਾਨਿਆ! ਜੋ ਸਤਿਸੰਗ ਨਹੀਂ ਕਰਦੇ ਸੋ ਨਿਸਫਲ ਹੈਨ, ਮਾਨੁੱਖ ਦੇਹ ਭਗਵੰਤ ਨੇ ਜੋ ਦਿੱਤੀ ਹੈ ਸੋ ਪਰਉਪਕਾਰ ਵਾਸਤੇ, ਸਤਿਸੰਗ ਕਰਨ ਨੂੰ ਤੇ ਨਾਮ ਜਪਣੇ ਨੂੰ, ਸੋ ਪਰਉਪਕਾਰ ਕੀਏ ਤੇ ਦੇਹੀ ਸਫਲ ਹੋਂਦੀ ਹੈ। ਸਤਿਸੰਗ ਕਰਨ ਤੋਂ ਪਵਿੱਤਰ ਹੋਵੀਦਾ ਹੈ, ਨਾਮ ਦਾ ਪ੍ਰਤਾਪ ਤੇ ਸਦਗਤੀ ਪ੍ਰਾਪਤ ਹੋਂਦੀ ਹੈ।"

ਇਸ ਕਥਨ ਤੋਂ ਸਪੱਸ਼ਟ ਹੈ ਕਿ ਸਤਿਸੰਗਤ ਨਾਲ ਜਗਿਆਸੂਆਂ ਵਿਚ ਪਵਿੱਤਰਤਾ ਦੀ ਭਾਵਨਾ ਪੈਦਾ ਹੁੰਦੀ ਹੈ। ਗੁਰੂ ਰਾਮਦਾਸ ਜੀ ਨੇ ਕਿਹਾ ਹੈ ਕਿ ਪਾਰਸ ਦੀ ਛੋਹ ਨਾਲ ਜਿਸ ਤਰ੍ਹਾਂ ਮਨੂਰ ਸੋਨਾ ਬਣ ਜਾਂਦਾ ਹੈ, ਉਸੇ ਤਰ੍ਹਾਂ ਪਤਿਤ ਵਿਅਕਤੀ ਸਤਿਸੰਗਤ ਵਿਚ ਜਾਣ ਨਾਲ ਪਾਵਨ ਹੋ ਜਾਂਦੇ ਹਨ, ਕਿਉਂਕਿ ਗੁਰੂ ਦੀ ਮਤ ਨਾਲ ਉਨ੍ਹਾਂ ਦੀ ਆਵੱਸ਼ਕ ਸ਼ੁਧੀ ਹੋ ਜਾਂਦੀ ਹੈ:

ਜਿਉ ਛੁਹਿ ਪਾਰਸ ਮਨੂਰ ਭਏ ਕੰਚਨ,
ਤਿਉ ਪਤਿਤ ਜਨ ਮਿਲਿ ਸੰਗਤੀ,
ਸੁਧ ਹੋਵਤ ਗੁਰਮਤੀ ਸੁਧ ਹਾਥੇ ॥੧॥੧੧॥ *(ਪੰਨਾ ੧੨੯੭)*

ਸਾਧਸੰਗਤਿ ਵਿਚ ਜਾਣਾ ਕਿਉਂ ਜ਼ਰੂਰੀ ਹੈ? ਇਸ ਲਈ ਕਿ ਗੁਰੂ ਅਰਜਨ ਦੇਵ ਜੀ ਅਨੁਸਾਰ, ਉਥੇ ਜਾ ਕੇ ਵੈਰ-ਵਿਰੋਧ ਦੀ ਭਾਵਨਾ ਖਤਮ ਹੋ ਜਾਂਦੀ ਹੈ,

ਆਪਾ-ਪਰ ਕਾ ਭੇਦ ਮਿਟ ਜਾਂਦਾ ਹੈ, ਸਭ ਨਾਲ ਸਾਂਝ ਪੈਦਾ ਹੋ ਜਾਂਦੀ ਹੈ:

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ,
ਸਗਲ ਸੰਗਿ ਹਮ ਕਉ ਬਨਿ ਆਈ ॥੧॥੮॥ *(ਪੰਨਾ ੧੨੯੯)*

ਮਨ ਦੇ ਵਿਕਾਰ ਨੂੰ ਦੂਰ ਕਰਨ ਲਈ ਸਾਧਸੰਗ ਅਤਿ ਜ਼ਰੂਰੀ ਹੈ। ਜਿਵੇਂ ਮੈਲੇ ਕੱਪੜੇ ਨੂੰ ਧੋਬੀ-ਘਾਟ 'ਤੇ ਲਿਆਇਆ ਜਾਂਦਾ ਹੈ, ਉਥੇ ਉਸ ਦੀ ਮੈਲ ਕਟ ਜਾਂਦੀ ਹੈ, ਉਹ ਸਵੱਛ ਹੋ ਕੇ ਪਰਤਦਾ ਹੈ, ਇਵੇਂ ਸਾਧਸੰਗਤ ਜਗਿਆਸੂ ਦੀ ਮਾਨਸਿਕ ਸ਼ੁਧੀ ਦਾ ਸਰਵੋਤਮ ਸਾਧਨ ਹੈ। ਇਸ ਨੂੰ ਮਨੁੱਖਤਾ ਲਈ ਅਰੋਗਸ਼ਾਲਾ (Sanitarian) ਦਾ ਨਾਂ ਦਿੱਤਾ ਜਾ ਸਕਦਾ ਹੈ। ਜਿਵੇਂ ਕਿਸੇ ਅਰੋਗਸ਼ਾਲਾ ਵਿਚ ਜਾ ਕੇ ਭਿਆਨਕ ਰੋਗਾਂ ਵਿਚ ਗ੍ਰਸਤ ਲੋਕ ਵੀ ਤੰਦਰੁਸਤ ਹੋ ਜਾਂਦੇ ਹਨ, ਉਸੇ ਤਰ੍ਹਾਂ ਸਤਿਸੰਗਤ ਵਿਚ ਜਾ ਕੇ ਵੱਡੇ ਤੋਂ ਵੱਡਾ ਪਾਪੀ ਵੀ ਤਰ ਜਾਂਦਾ ਹੈ। ਮਨੁੱਖਤਾ ਨੂੰ ਭਵਸਾਗਰ ਵਿੱਚੋਂ ਤਾਰਨ ਦਾ ਸਭ ਤੋਂ ਵਧੇਰੇ ਸਰਲ ਉਪਾਅ ਸਾਧਸੰਗਤ ਹੈ।

ਸਾਧਸੰਗਤ ਤੋਂ ਪ੍ਰਾਪਤ ਹੋਣ ਵਾਲੇ ਸੁੱਖ ਜਾਂ ਆਨੰਦ ਨੂੰ ਕਬੀਰ ਜੀ ਨੇ ਬੈਕੁੰਠ ਤੋਂ ਵੀ ਸ੍ਰੇਸ਼ਟ ਸਮਝਿਆ ਹੈ:

ਜਬ ਲਗੁ ਮਨਿ ਬੈਕੁੰਠ ਕੀ ਆਸ ॥
ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥੩॥
ਕਹੁ ਕਬੀਰ ਇਹ ਕਹੀਐ ਕਾਹਿ ॥
ਸਾਧਸੰਗਤਿ ਬੈਕੁੰਠੈ ਆਹਿ ॥੪॥੧੦॥ *(ਪੰਨਾ ੩੨੫)*

ਕਿਉਂਕਿ ਇਸ ਨਾਲ ਹਰ ਪ੍ਰਕਾਰ ਦੇ ਦੁੱਖਾਂ ਤੋਂ ਬਚਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਜੇ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਉਨ੍ਹਾਂ ਨੇ ਬ੍ਰਹਮ-ਗਿਆਨ ਨੂੰ ਪੁਸਤਕਾਂ ਵਿੱਚੋਂ ਨਹੀਂ, ਸਤਿਸੰਗਤ ਤੋਂ ਪ੍ਰਾਪਤ ਕੀਤਾ ਸੀ। ਉਨ੍ਹਾਂ ਨੇ ਆਪਣੀਆਂ ਉਦਾਸੀਆਂ ਵਿਚ ਅਨੇਕ ਵਾਰ ਸਾਧਸੰਗਤ ਮਾਣੀ ਸੀ।

ਸਤਿਸੰਗਤ ਦਾ ਮੂਲ-ਮਨੋਰਥ ਭਾਵੇਂ ਜਗਿਆਸੂ ਦੇ ਅਧਿਆਤਮਿਕ ਜੀਵਨ ਨੂੰ ਸੁਧਾਰਨਾ ਹੈ, ਪਰ ਸਤਿਸੰਗਤ ਨਾਲ ਅਧਿਆਤਮਿਕ ਸਾਧਨਾ ਨੂੰ ਸਮਾਜਿਕ ਸੰਦਰਭ ਪ੍ਰਾਪਤ ਹੁੰਦਾ ਹੈ। ਇਸ ਦੀ ਸਮਾਜ ਲਈ ਉਪਯੋਗਤਾ ਵਧਦੀ ਹੈ। ਚੰਗੇ ਜਾਂ ਭਲੇ ਪੁਰਸ਼ਾਂ ਦੇ ਸੰਪਰਕ ਵਿਚ ਆਉਣ ਨਾਲ ਚਰਿਤ੍ਰ ਵਿਚ ਵਿਕਾਸ ਹੁੰਦਾ ਹੈ। ਕਿਸੇ ਵਿਅਕਤੀ ਦੇ ਚਰਿਤ੍ਰ ਨੂੰ ਪਰਖਣ ਲਈ ਉਸ ਦੀ ਸੰਗਤ ਦਾ ਬਹੁਤ ਮਹੱਤਵ ਹੈ, ਇਸ ਲਈ ਸਦਾ ਚੰਗੀ ਸੰਗਤ, ਸ੍ਰੇਸ਼ਟ ਸੰਗਤ ਵਿਚ ਰਹਿਣਾ ਚਾਹੀਦਾ ਹੈ।

ਸਤਿਸੰਗਤ ਵਿਚ ਜਾਣ ਨਾਲ ਜਿਥੇ ਮਾਨਸਿਕ ਵਿਕਾਸ ਦੂਰ ਹੁੰਦੇ ਹਨ, ਉਥੇ ਮਨੁੱਖ ਮਨੁੱਖ ਦੇ ਨੇੜੇ ਹੁੰਦਾ ਹੈ, ਉਸ ਨੂੰ ਸਹੀ ਢੰਗ ਨਾਲ ਸਮਝਦਾ ਹੈ, ਪਰਸਪਰ ਵਿੱਥਾਂ ਮਿਟਦੀਆਂ ਹਨ। ਇਕ ਦੂਜੇ ਨੂੰ ਸਹਿਯੋਗ ਦੇਣ ਦੀ ਲਾਲਸਾ ਪੈਦਾ ਹੁੰਦੀ ਹੈ। ਇਸ ਤਰ੍ਹਾਂ ਸਮਾਜ ਇਕ ਚੰਗਾ ਸਮਾਜ ਬਣਦਾ ਹੈ। ਇਸ ਨਾਲ ਲੋਕ ਪਰਲੋਕ ਦੋਵੇਂ ਸੁਧਰਦੇ ਹਨ। ਅੱਜ ਦਾ ਭਟਕਿਆ ਹੋਇਆ ਮਨੁੱਖ ਸਤਿਸੰਗਤ ਰਾਹੀਂ ਹੀ ਮਾਨਸਿਕ

ਸਥਿਰਤਾ ਪ੍ਰਾਪਤ ਕਰ ਸਕਦਾ ਹੈ। ਇਸ ਲਈ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ:

ਮੇਰੇ ਮਾਧਉ ਜੀ, ਸਤਸੰਗਤਿ ਮਿਲੇ ਸੁ ਤਰਿਆ ॥...੧॥ਰਹਾਉ॥ *(ਪੰਨਾ ੧੦)*

ਗੁਰੂ ਰਾਮਦਾਸ ਜੀ ਅਨੁਸਾਰ ਸਤਿਸੰਗਤ ਪਤਿਤ ਨੂੰ ਪਾਵਨ ਬਣਾ ਕੇ ਪ੍ਰਤਿਸ਼ਟਾ ਪ੍ਰਾਪਤ ਕਰਨ ਯੋਗ ਬਣਾ ਦਿੰਦੀ ਹੈ:

...ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥੩॥ *(ਪੰਨਾ ੯੬੧)*

ਸਪੱਸ਼ਟ ਹੈ ਕਿ ਮਨੁੱਖਤਾ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਅਤੇ ਸਮੁੱਚੇ ਸਮਾਜਿਕ ਕਲਿਆਣ ਲਈ ਅੱਜ ਵੀ ਸਤਿਸੰਗਤ ਵਿਸ਼ੇਸ਼ ਅਰਥ ਅਤੇ ਮਹੱਤਵ ਰੱਖਦੀ ਹੈ। ਸਤਿਸੰਗਤ ਰਾਹੀਂ ਮਾਨਸਿਕ ਸੰਤੁਲਨ ਨੂੰ ਕਾਇਮ ਰੱਖਦਿਆਂ ਜਗਿਆਸੂਆਂ ਨੂੰ ਮਾਨਵ ਕਲਿਆਣ ਲਈ ਸਦਾ ਯਤਨਸ਼ੀਲ ਰਹਿਣਾ ਚਾਹੀਦਾ ਹੈ।

•

ਕੀਰਤਨੁ ਨਿਰਮੋਲਕ ਹੀਰਾ

ਭਗਤੀ ਭਾਵਨਾ ਨੂੰ ਪ੍ਰਗਟ ਕਰਨ ਲਈ ਕੀਰਤਨ ਦਾ ਵਿਸ਼ੇਸ਼ ਮਹੱਤਵ ਹੈ। 'ਕੀਰਤਨ' ਤੋਂ ਭਾਵ ਹੈ—ਪਰਮਾਤਮਾ ਦੇ ਗੁਣਾਂ ਦਾ ਜਸ ਗਾਉਣਾ। ਭਗਤੀ ਦੇ ਵਿਕਾਸ ਨੂੰ ਜੇ ਧਿਆਨ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਪੁਰਾਤਨ ਕਾਲ ਤੋਂ ਕੀਰਤਨ ਵੱਲ ਭਗਤਾਂ ਦੀ ਵਿਸ਼ੇਸ਼ ਰੁਚੀ ਰਹੀ ਹੈ। *ਭਗਵਦ ਗੀਤਾ*, ਭਗਤੀ ਦੇ ਸ਼ਾਸਤ੍ਰੀ ਗ੍ਰੰਥਾਂ ਅਤੇ ਵੈਸ਼ਨਵ ਧਰਮ ਗ੍ਰੰਥਾਂ ਵਿਚ ਸਭ ਥਾਂ ਕੀਰਤਨ ਦੀ ਮਹਿਮਾ ਗਾਈ ਮਿਲ ਜਾਂਦੀ ਹੈ। *ਭਾਗਵਤ ਪੁਰਾਣ* ਵਿਚ ਇਸ ਨੂੰ ਨਵਧਾ ਭਗਤੀ ਦਾ ਇਕ ਅੰਗ ਮੰਨਿਆ ਗਿਆ ਹੈ। ਉਥੇ ਇਹ ਵੀ ਦੱਸਿਆ ਗਿਆ ਹੈ ਕਿ ਸਤਜੁਗ ਵਿਚ ਭਗਵਾਨ ਦਾ ਧਿਆਨ ਕਰਨ ਨਾਲ, ਤ੍ਰੇਤਾ ਜੁਗ ਵਿਚ ਯੱਗ ਕਰਨ ਨਾਲ, ਦੁਆਪੁਰ ਜੁਗ ਵਿਚ ਸੇਵਾ-ਪੂਜਾ ਕਰਨ ਨਾਲ ਜੋ ਫਲ ਪ੍ਰਾਪਤ ਹੁੰਦਾ ਹੈ, ਉਹ ਕਲਜੁਗ ਵਿਚ ਭਗਵਾਨ ਦੇ ਨਾਮ ਦੇ ਕੀਰਤਨ ਤੋਂ ਪ੍ਰਾਪਤ ਹੋ ਜਾਂਦਾ ਹੈ।

ਮੱਧ ਯੁੱਗ ਦੇ ਭਗਤਾਂ ਨੇ ਵੀ ਕੀਰਤਨ 'ਤੇ ਬਹੁਤ ਬਲ ਦਿੱਤਾ ਹੈ, ਪਰ ਸਿਖ ਧਰਮ ਵਿਚ ਕੀਰਤਨ ਨੂੰ ਉਚੇਚਾ ਮਹੱਤਵ ਅਤੇ ਸਥਾਨ ਪ੍ਰਾਪਤ ਹੈ। ਇਸ ਨੂੰ ਮਨੁੱਖ ਦੀ ਅਧਿਆਤਮਿਕ ਅਗਵਾਈ ਦਾ ਸਰਬੋਤਮ ਸਾਧਨ ਦੱਸਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ 'ਜਪੁ ਜੀ' ਵਿਚ ਕੀਰਤਨ ਨੂੰ ਸ੍ਰਵਣ ਅਤੇ ਮੰਨਣ ਤੋਂ ਪਹਿਲਾਂ ਸਥਾਨ ਦਿੰਦੇ ਹੋਇਆਂ ਇਸ ਦੁਆਰਾ ਪ੍ਰਮਾਰਥ ਦੀ ਪ੍ਰਾਪਤੀ ਸੰਭਵ ਦੱਸੀ ਹੈ:

(ਪੰਨਾ ੪੧੩)

ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥੬॥੪॥

ਕੀਰਤਨ ਕਰਨ ਵਾਲੇ ਉੱਤੇ, ਗੁਰੂ ਅਰਜਨ ਦੇਵ ਜੀ ਅਨੁਸਾਰ, ਜਮ-ਕਾਲ ਦਾ ਪ੍ਰਭਾਵ ਨਹੀਂ ਪੈ ਸਕਦਾ:

ਜੋ ਜਨੁ ਕਰੈ ਕੀਰਤਨੁ ਗੋਪਾਲ ॥
ਤਿਸ ਕਉ ਪੋਹਿ ਨ ਸਕੈ ਜਮਕਾਲੁ ॥...੨॥੧੪॥੧੬॥ *(ਪੰਨਾ ੮੬੭)*

ਗੁਰੂ ਅਰਜਨ ਦੇਵ ਜੀ ਨੇ ਇਹ ਵੀ ਦੱਸਿਆ ਹੈ ਕਿ ਆਵਾਗਵਣ ਤੋਂ ਬਚਣ ਦਾ ਸਾਧਨ ਦਿਨ ਰਾਤ ਪਰਮਾਤਮਾ ਦਾ ਕੀਰਤਨ ਕਰਨਾ ਹੀ ਹੈ:

ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥
ਬਹੁੜਿ ਨ ਜੋਨੀ ਪਾਈਐ ॥੩॥੫੯॥ *(ਪੰਨਾ ੬੨੩)*

ਸਮੁੱਚੇ ਤੌਰ 'ਤੇ ਗੁਰੂ ਅਰਜਨ ਦੇਵ ਜੀ ਨੇ "ਕਲਜੁਗ ਮਹਿ ਕੀਰਤਨੁ ਪਰਧਾਨਾ ॥"[੧]

---

੧. ਮਾਰੂ ਸੋਲਹੇ ਮ: ੫, ਅੰਕ ੬, ਪੰਨਾ ੧੦੭੫.

ਕਹਿ ਕੇ ਇਸ ਨੂੰ ਨਿਰਮੋਲਕ ਹੀਰਾ ਅਤੇ ਸ੍ਰੇਸ਼ਟ ਗੁਣਾਂ ਦਾ ਸਮੁੱਚ ਦੱਸਿਆ ਹੈ:

ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥...੨॥੩੫॥

(ਪੰਨਾ ੮੯੩)

ਅਤੇ ਇਸ ਨੂੰ ਮਨੁੱਖਤਾ ਦੇ ਵਿਕਾਸ ਲਈ 'ਅਟਲ ਧਰਮ' ਦਾ ਨਾਂ ਦਿੱਤਾ ਹੈ।

ਸਿਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬ੍ਰਾਣੀ ਵਿਚ ਨਾ ਕੇਵਲ ਕੀਰਤਨ ਉੱਤੇ ਬਲ ਦਿੱਤਾ ਹੈ, ਸਗੋਂ ਆਪ ਕੀਰਤਨ-ਮਈ ਜੀਵਨ ਜੀਵਿਆ ਹੈ। ਉਨ੍ਹਾਂ ਦੀ ਆਪਣੀ ਅਤੇ ਹੋਰਨਾਂ ਗੁਰੂ ਸਾਹਿਬਾਂ ਦੀ ਬਾਣੀ ਰਾਗ-ਬੱਧ ਹੈ। ਕਵਿਤਾ ਵਿਚ ਤਾਂ ਹੋਰਨਾਂ ਵੀ ਕਈ ਧਰਮ-ਆਗੂਆਂ ਦੀ ਰਚਨਾ ਭਾਵੇਂ ਮਿਲ ਜਾਏ, ਪਰ ਉਸ ਨੂੰ ਕੀਰਤਨ ਵਿਚ ਢਾਲਣ ਦੀਆਂ ਉਦਾਹਰਣਾਂ ਘੱਟ ਹਨ। ਗੁਰਬਾਣੀ ਕਵਿਤਾ ਵਿਚ ਹੋਣ ਦੇ ਨਾਲ ਨਾਲ ਰਾਗ-ਬੱਧ ਇਸ ਲਈ ਹੈ ਕਿ ਇਸ ਦਾ ਕੀਰਤਨ ਕਰਨਾ ਇਸ ਦੀ ਬੁਨਿਆਦੀ ਲੋੜ ਹੈ। ਰਾਗ ਉਦਾਸ ਮਨਾਂ ਨੂੰ ਸੁਰਜੀਤ ਕਰ ਦਿੰਦਾ ਹੈ। ਕੀਰਤਨ ਬੁਝੇ ਹੋਏ ਮਨ ਨੂੰ ਟੁੰਬ ਦਿੰਦਾ ਹੈ, ਉਸ ਅੰਦਰ ਅਧਿਆਤਮਿਕ ਕੰਬਣੀ ਛੇੜ ਦਿੰਦਾ ਹੈ, ਇਸ ਲਈ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਕੀਰਤਨ ਲਈ ਸਦਾ ਆਪਣੇ ਸਾਥ ਰੱਖਿਆ ਹੈ। ਅਸਲ ਵਿਚ, ਉਹ ਆਪਣੀ ਬਾਣੀ ਨੂੰ ਸਾਜ਼ਾਂ ਨਾਲ ਇਕ-ਸੁਰ ਕਰ ਕੇ ਜਗਿਆਸੂਆਂ ਦੇ ਮਨ ਨੂੰ ਕੀਲ ਲੈਂਦੇ ਸਨ। ਉਨ੍ਹਾਂ ਦਾ ਅਗੰਮੀ ਕੀਰਤਨ ਸੁਣ ਕੇ ਕੋਈ ਵੀ ਜੀਵ ਅਧਿਆਤਮਿਕਤਾ ਤੋਂ ਸੱਖਣਾ ਨਹੀਂ ਸੀ ਰਹਿੰਦਾ।

ਗੁਰੂ ਨਾਨਕ ਦੇਵ ਜੀ ਤੋਂ ਬਾਦ ਸਿਖ ਪਰੰਪਰਾ ਵਿਚ ਰਬਾਬੀਆਂ ਦੁਆਰਾ ਕੀਰਤਨ ਕਰਨ ਦੀ ਵਿਵਸਥਾ ਬਣੀ ਰਹੀ। ਗੁਰੂ ਅਰਜਨ ਸਾਹਿਬ ਨੇ ਨਿਤ ਕੀਰਤਨ ਦੀਆਂ ਚਾਰ ਚੌਕੀਆਂ ਦੀ ਮਰਯਾਦਾ ਕਾਇਮ ਕੀਤੀ ਅਤੇ ਸਿੱਖਾਂ ਨੂੰ ਖ਼ੁਦ ਕੀਰਤਨ ਕਰਨ ਲਈ ਉਤਸ਼ਾਹਿਤ ਕੀਤਾ। ਸਿਖ ਧਰਮ ਵਿਚ ਕੀਰਤਨ ਦੀ ਮਹੱਤਵ-ਸਥਾਪਨਾ ਦਾ ਮੂਲ ਕਾਰਣ ਕੀਰਤਨ ਦੀ ਉਹ ਸ਼ਕਤੀ ਹੈ, ਜੋ ਮਨ ਨੂੰ ਇਕਾਗਰ ਕਰਨ ਵਿਚ ਬੜੀ ਸਫਲ ਹੈ।

ਕੀਰਤਨ ਦੇ ਮਹਾਤਮ ਨੂੰ ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਉੱਤੇ ਲਿਖੇ ਟੀਕੇ *ਸਿੱਖਾਂ ਦੀ ਭਗਤਮਾਲਾ* ਵਿਚ ਬੜੇ ਸੁੰਦਰ ਢੰਗ ਨਾਲ ਸਪੱਸ਼ਟ ਕੀਤਾ ਗਿਆ ਹੈ। ਉਥੇ ਲਿਖਿਆ ਹੈ ਕਿ ਝਾਝੂ, ਮੁਕੰਦੂ ਤੇ ਕਿਦਾਰਾ ਨਾਂ ਦੇ ਗੁਰਸਿਖ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੁੰਦੇ ਹਨ ਅਤੇ ਆਪਣੇ ਸੰਸਾਰਿਕ ਉੱਧਾਰ ਦਾ ਸਾਧਨ ਪੁੱਛਦੇ ਹਨ:

> "ਤਾਂ ਬਚਨ ਹੋਇਆ—ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਜੁਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਇਹ ਸਾਤਕੀ ਸਾਧਨ ਹੈ, ਤੁਸੀਂ ਕੀਰਤਨ ਕੀਤਾ ਕਰੋ।"
>
> "ਤਾਂ ਉਨ੍ਹਾਂ ਅਰਦਾਸ ਕੀਤੀ—ਜੀ, ਬਾਣੀ ਦੇ ਪਾਠ ਦੀ ਕਥਾ ਤੇ ਕੀਰਤਨ ਦਾ ਭਿੰਨ ਭਿੰਨ ਫਲ ਕਹੀਐ।"
>
> "ਬਚਨ ਹੋਇਆ—ਬਾਣੀ ਦਾ ਪਾਠ ਇਹ ਹੈ ਜੋ ਆਪਣੇ ਖੂਹੇ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ, ਜੋ

ਦੂਜੇ ਖੂਹ ਦੀ ਪੈਲੀ ਨਜੀਕ ਹੋਵੇ ਤਾਂ ਉਸ ਨੂੰ ਭੀ ਪਾਣੀ ਪਹੁੰਚ ਸਕਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੈ ਪੈਲੀਆਂ ਹਰੀਆਂ ਹੁੰਦੀਆਂ ਹਨ, ਤੇ ਕਥਾ ਦਾ ਫਲ ਇਹ ਹੈ ਜੋ ਮੇਘ ਠਹਿਰਿਆ ਹੋਇਆ ਨਿਰਵਾਤ ਝਿੰਮ ਝਿੰਮ ਬਰਖਾ ਕਰਦਾ ਹੈ।"

ਉਪਰੋਕਤ ਟੂਕ ਤੋਂ ਸਪੱਸ਼ਟ ਹੈ ਕਿ ਕੀਰਤਨ ਦਾ ਪ੍ਰਭਾਵ ਬਹੁਤ ਵਿਸ਼ਾਲ ਅਤੇ ਗੰਭੀਰ ਹੈ। ਇਸ ਨਾਲ ਇਕ-ਦਮ ਵਾਤਾਵਰਣ ਬਦਲ ਜਾਂਦਾ ਹੈ, ਅਧਿਆਤਮਿਕਤਾ ਨਾਲ ਸਾਰੇ ਸਰੋਤੇ ਸਰਸ਼ਾਰ ਹੋ ਜਾਂਦੇ ਹਨ। ਜਗਿਆਸੂ ਦਾ ਸੁੱਤਾ ਮਨ ਜਾਗ ਪੈਂਦਾ ਹੈ, ਦੁੱਖ ਅਤੇ ਕਲੇਸ਼ ਮਿਟ ਜਾਂਦੇ ਹਨ, ਪਾਪਾਂ ਦੀ ਮੈਲ ਕਟ ਜਾਂਦੀ ਹੈ, ਹਰਿ ਨਾਮ ਵਿਚ ਲਿਵ ਲੱਗ ਜਾਂਦੀ ਹੈ, ਲੋਕ ਪਰਲੋਕ ਸਫਲਾ ਹੋ ਜਾਂਦਾ ਹੈ। ਸਵੱਛ ਮਨ ਵਾਲਾ ਵਿਅਕਤੀ ਜਿਥੇ ਅਧਿਆਤਮਿਕ ਜਗਤ ਵਿਚ ਵਿਕਾਸ ਕਰਦਾ ਹੈ, ਉਥੇ ਨਾਲ ਹੀ ਲੌਕਿਕ ਜੀਵਨ ਵਿਚ ਉਸ ਦਾ ਆਚਾਰ ਤੇ ਵਿਚਾਰ ਸ੍ਰੇਸ਼ਟ ਹੁੰਦੇ ਹਨ। ਉਹ ਇਕ ਚੰਗਾ ਸਮਾਜਿਕ ਜੀਵ ਬਣਦਾ ਹੈ।

ਕੀਰਤਨ ਦਾ ਸਿਮਰਨ ਤੋਂ ਵੀ ਅਧਿਕ ਮਹੱਤਵ ਦੱਸਦੇ ਹੋਇਆਂ ਭਾਈ ਅਰਦਮਨ ਸਿੰਘ ਬਾਗੜੀਆ ਨੇ ਲਿਖਿਆ ਹੈ ਕਿ ਸਿਮਰਨ ਜ਼ਾਤੀ ਅਭਿਆਸ ਨਾਲ ਹੁੰਦਾ ਹੈ। ਮਨ ਨੂੰ ਮੋੜ ਮੋੜ ਕੇ ਲਿਆ ਕੇ ਚਿੱਤ ਬ੍ਰਿਤੀ ਇਕਾਗਰ ਕਰਨੀ ਪੈਂਦੀ ਹੈ, ਤਾਂ ਲਿਵ ਲੱਗਦੀ ਹੈ। ਇਹ ਪਹਿਲਾਂ ਅਲੂਣੀ ਸਿਲ ਚੱਟਣ ਵਾਂਗ ਹੁੰਦਾ ਹੈ। ਕਾਫ਼ੀ ਅਭਿਆਸ ਪਿੱਛੋਂ ਕਿਤੇ ਜਾ ਕੇ ਰਸ ਆਉਣ ਲੱਗਦਾ ਹੈ। ਉਧਰ ਕੀਰਤਨ ਨਾਲ ਸਿੱਧਾ ਹੀ ਗੁਰ-ਸੰਗਤਿ ਵਿਚ ਪਹੁੰਚ ਜਾਈਦਾ ਹੈ। ਅਲੂਣੀ ਸਿਲ ਚੱਟਣ ਦੀ ਬਜਾਇ ਇਸ ਵਿੱਚੋਂ ਨਾਮ-ਰਸ ਦਾ ਸੁਆਦ ਸਹਿਜੇ ਹੀ ਆਉਣ ਲੱਗ ਜਾਂਦਾ ਹੈ। ਕੀਰਤਨ ਦਾ ਅਸਰ ਮਨ ਉਪਰ ਸਿੱਧਾ ਹੁੰਦਾ ਹੈ। ਇਹ ਬੁੱਧੀ ਦੀ ਛਾਣਬੀਣ ਵਿਚ ਨਹੀਂ ਫਸਦਾ, ਇਸ ਲਈ ਬਿਰਤੀ ਸਹਿਜੇ ਹੀ ਇਕਾਗਰ ਹੋ ਜਾਂਦੀ ਹੈ।

ਕੀਰਤਨ ਦੇ ਇਸ ਮਹੱਤਵ ਨੂੰ ਮੁੱਖ ਰੱਖਦਿਆਂ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਦੁਰਮਤਿ ਨਾਸ਼ਕ ਅਤੇ ਸਗਲ ਮਨੋਰਥ ਪੂਰਾ ਕਰਨ ਵਾਲਾ ਦੱਸਿਆ ਹੈ:

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ ॥
ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥੨॥੧॥੧੨॥

(ਪੰਨਾ ੧੩੦੦)

ਅੰਤ ਵਿਚ ਇਹ ਸਹਿਜੇ ਹੀ ਸਿੱਟਾ ਨਿਕਲਦਾ ਹੈ ਕਿ ਕੀਰਤਨ ਕਰਨਾ ਜਾਂ ਸੁਣਨਾ ਅਧਿਆਤਮਿਕ ਸਾਧਨਾ ਦੀ ਇਕ ਪ੍ਰਮੁਖ ਲੋੜ ਹੈ। ਇਸ ਨਾਲ ਜਿਥੇ ਵਿਅਕਤੀ ਸਤਿਸੰਗਤ ਵਿਚ ਆ ਕੇ ਕੀਰਤਨ ਦਾ ਸੁਆਦ ਮਾਣਦਾ ਹੈ, ਉਥੇ ਉਸ ਦੇ ਚਰਿਤ੍ਰ ਵਿਚ ਬ੍ਰਹਮੀ ਅੰਸ਼ ਵਧਦਾ ਹੈ ਅਤੇ ਉਹ ਸ੍ਰੇਸ਼ਟ ਮਨੁੱਖ ਬਣ ਕੇ ਲੋਕਾਂ ਦਾ ਉੱਧਾਰ ਕਰਦਾ ਹੈ।

•

ਸੇਵਾ ਲਾਗੇ ਸੇ ਵਡਭਾਗੇ

ਸੇਵਾ ਦਾ ਮਨੁੱਖਤਾ ਦੇ ਕਲਿਆਣ ਵਿਚ ਵਿਸ਼ੇਸ਼ ਮਹੱਤਵ ਹੈ। ਸੰਸਾਰ ਦੇ ਲਗਪਗ ਸਾਰੇ ਆਚਾਰ-ਸ਼ਾਸਤ੍ਰਾਂ ਅਤੇ ਧਾਰਮਿਕ ਗ੍ਰੰਥਾਂ ਵਿਚ ਸੇਵਾ ਦੀ ਗੱਲ ਹੋਈ ਮਿਲ ਜਾਂਦੀ ਹੈ। ਭਗਤੀ ਮਾਰਗ ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ।

ਸੇਵਾ ਅਸਲ ਵਿਚ ਬੜੀ ਉੱਚੀ ਸਾਧਨਾ ਹੈ। ਮਨੁੱਖ ਦਾ ਹਰ ਕਾਰਜ ਹਉਮੈ ਨਾਲ ਯੁਕਤ ਹੁੰਦਾ ਹੈ। ਸੇਵਾ ਦੀ ਭਾਵਨਾ ਹਉਮੈ ਨੂੰ ਨਸ਼ਟ ਕਰਦੀ ਹੈ, ਕਿਉਂਕਿ ਹਉਮੈ ਧੁੰਧ-ਗੁਬਾਰ ਵਾਂਗ ਹੈ ਅਤੇ ਸੇਵਾ ਪ੍ਰਕਾਸ਼ ਵਰਗੀ ਹੈ। ਹਉਮੈ ਦੀ ਅਵਸਥਾ ਵਿਚ ਆਪਣੇ ਆਪ ਲਈ ਜੀਣਾ ਹੁੰਦਾ ਹੈ, ਸੇਵਾ ਵਿਚ ਹੋਰਨਾਂ ਲਈ ਜੀਵਿਆ ਜਾਂਦਾ ਹੈ। ਜਦ ਤਕ ਜਗਿਆਸੂ ਹਉਮੈ ਜਾਂ ਆਪਣੇ-ਪਨ ਦੀ ਭਾਵਨਾ ਨੂੰ ਨਸ਼ਟ ਨਹੀਂ ਕਰਦਾ, ਤਦ ਤਕ ਉਹ ਸੇਵਾ ਕਰਨ ਦਾ ਮਾਣ ਪ੍ਰਾਪਤ ਨਹੀਂ ਕਰ ਸਕਦਾ।

ਸੇਵਾ ਕਰਨ ਦੀ ਰੁਚੀ ਹਰ ਇਕ ਵਿਅਕਤੀ ਦੇ ਮਨ ਵਿਚ ਪੈਦਾ ਨਹੀਂ ਹੋ ਸਕਦੀ। ਇਸ ਦੀ ਪ੍ਰਾਪਤੀ ਲਈ ਬੜੇ ਉੱਚੇ ਆਚਰਣ ਦੀ ਲੋੜ ਹੈ। ਇਸ ਵਿਚ ਕੋਈ ਸੰਤੋਖੀ ਸਾਧਕ ਹੀ ਲੱਗ ਸਕਦਾ ਹੈ, ਜਿਸ ਨੇ ਸਤਿ ਸਰੂਪ ਪਰਮਾਤਮਾ ਦੀ ਆਰਾਧਨਾ ਕੀਤੀ ਹੋਵੇ, ਜਿਸ ਨੇ ਕਦੇ ਮਾੜੇ ਕੰਮਾਂ ਵਾਲੇ ਮਾਰਗ ਉੱਤੇ ਪੈਰ ਨਾ ਧਰੇ ਹੋਣ, ਜਿਸ ਨੇ ਸਦਾ ਧਰਮ ਅਨੁਸਾਰ ਕਾਰਜ ਕੀਤਾ ਹੋਵੇ, ਜਿਸ ਨੇ ਸੰਸਾਰਿਕ ਬੰਧਨਾਂ ਨੂੰ ਤੋੜ ਸੁਟਿਆ ਹੋਵੇ ਅਤੇ ਜੋ ਅਲਪ ਆਹਾਰ ਕਰ ਕੇ ਆਪਣੇ ਜੀਵਨ ਨੂੰ ਨਿਭਾ ਰਿਹਾ ਹੋਵੇ :

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥...੭॥

(ਪੰਨੇ ੪੬੬-੬੭)

ਸੇਵਾ ਦੇ ਫਲ ਉੱਤੇ ਪ੍ਰਕਾਸ਼ ਪਾਂਦਿਆਂ ਗੁਰ ਜੀ ਨੇ ਦੱਸਿਆ ਹੈ ਕਿ ਸੇਵਾ ਸ੍ਰੇਸ਼ਟ ਕਰਨੀ ਹੈ, ਇਸ ਤੋਂ ਬਿਨਾਂ ਮਨੁੱਖ ਮੋਖ-ਪਦ ਪ੍ਰਾਪਤ ਨਹੀਂ ਕਰ ਸਕਦਾ :

ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥੨॥੧੦॥

(ਪੰਨਾ ੯੯੨)

ਸੇਵਾ ਰਾਹੀਂ ਕੀਤੀ ਕਮਾਈ ਜਾਂ ਸਾਧਨਾ ਤੋਂ ਪਰਮ ਸੁਖ ਦੀ ਪ੍ਰਾਪਤੀ ਸੰਭਵ ਹੈ :

ਸੁਖੁ ਹੋਵੈ ਸੇਵ ਕਮਾਣੀਆ ॥...੩॥ *(ਪੰਨਾ ੨੫)*

ਇਸ ਲਈ ਗੁਰੂ ਜੀ ਨੇ ਸੇਵਾ ਕਰਨ 'ਤੇ ਬਹੁਤ ਬਲ ਦਿੱਤਾ, ਕਿਉਂਕਿ ਸੇਵਾ ਰਾਹੀਂ ਹੀ ਜਗਿਆਸੂ ਸਹਿਜ ਢੰਗ ਨਾਲ ਪਰਮਾਤਮਾ ਦੀ ਦਰਗਾਹ ਵਿਚ ਪਹੁੰਚ ਸਕਦਾ ਹੈ:

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥੪॥੩੩॥ *(ਪੰਨਾ ੨੬)*

ਅਸੂਲੀ ਤੌਰ 'ਤੇ ਵੇਖੀਏ ਤਾਂ ਸੇਵਾ ਦਾ ਸੰਬੰਧ ਸੁਆਮੀ ਪ੍ਰਤਿ ਸੇਵਕ ਦਾ ਸੰਬੰਧ ਹੈ। ਵੈਸ਼ਨਵ ਭਗਤੀ ਅਤੇ ਨਵਧਾ ਭਗਤੀ ਵਿਚ 'ਪਾਦ-ਸੇਵਨ' ਨੂੰ ਭਗਤੀ ਦਾ ਵਿਸ਼ੇਸ਼ ਤੱਤ ਮੰਨਿਆ ਗਿਆ ਹੈ। ਪਰ ਗੁਰਮਤਿ ਵਿਚ ਸੇਵਾ ਦਾ ਖੇਤਰ ਬਹੁਤ ਵਿਸ਼ਾਲ ਹੈ। ਇਹ ਪਰਮਾਤਮਾ ਦੀ ਸੇਵਾ ਤੋਂ ਲੈ ਕੇ ਜੀਵਾਂ ਦੀ ਸੇਵਾ ਤਕ ਵਿਆਪਕ ਹੈ। ਇਸ ਵਿਚ ਮਨੁੱਖੀ ਕਰਤੱਵ ਨੂੰ ਪਾਲਨਾ, ਪਰਉਪਕਾਰ ਕਰਨਾ ਆਦਿ ਸਭ ਸਮਾਅ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਦੀ ਸਮਾਜਿਕ ਦ੍ਰਿਸ਼ਟੀ ਵਿਚ ਸੇਵਾ ਦਾ ਵਿਸ਼ੇਸ਼ ਸਥਾਨ ਹੈ। ਪਰ-ਸੇਵਾ ਸੁਆਰਥ ਦੀ ਭਾਵਨਾ ਨੂੰ ਨਸ਼ਟ ਕਰਦੀ ਹੈ। ਸੁਆਰਥ ਦਵੰਦ ਦਾ ਜਨਕ ਹੈ, ਦੂਜਿਆਂ ਦੇ ਹੱਕ ਨੂੰ ਦਬਾਉਣਾ ਮਨੁੱਖ ਦੇ ਜੀਵਨ ਦੀ ਪ੍ਰਮੁਖ ਬਿਰਤੀ ਬਣ ਜਾਂਦੀ ਹੈ। ਸਮਾਜ ਵਿਚ ਤਣਾਉ ਵਧ ਜਾਂਦਾ ਹੈ, ਸੰਤੁਲਨ ਖ਼ਤਮ ਹੋ ਜਾਂਦਾ ਹੈ। ਇਸ ਦੇ ਉਲਟ ਪਰ-ਸੇਵਾ ਸੰਤੋਖ ਨੂੰ ਜਨਮ ਦਿੰਦੀ ਹੈ, ਆਪਣਾ ਪਰਾਇਆ ਭੇਦ ਮਿਟਾਂਦੀ ਹੈ, ਮਨੁੱਖਤਾ ਦਾ ਇਹਸਾਸ ਵਧਾਂਦੀ ਹੈ। ਇਸ ਤਰ੍ਹਾਂ ਸੇਵਾ ਆਪਣੇ ਆਪ ਵਿਚ ਇਕ ਸਾਧਨਾ ਹੈ।

ਗੁਰਬਾਣੀ ਵਿਚ ਗੁਰੂ ਦੀ ਸੇਵਾ 'ਤੇ ਵੀ ਬਹੁਤ ਬਲ ਦਿੱਤਾ ਗਿਆ ਹੈ। ਜਦ ਆਪਣੇ ਗੁਰੂ ਪ੍ਰਤਿ ਸੇਵਕ ਦੇ ਮਨ ਵਿਚ ਭਗਤੀ ਭਾਵਨਾ ਦਾ ਵਿਕਾਸ ਹੋ ਜਾਂਦਾ ਹੈ ਤਾਂ ਮਨ ਆਪਣੇ ਆਪ ਸੇਵਾ ਲਈ ਪ੍ਰੇਰਿਤ ਹੋ ਜਾਂਦਾ ਹੈ। ਗੁਰੂ ਦੀ ਸੇਵਾ ਦੋ ਪ੍ਰਕਾਰ ਦੀ ਹੁੰਦੀ ਹੈ—ਬਾਹਰਲੀ ਅਤੇ ਅੰਦਰਲੀ। ਬਾਹਰਲੀ ਸੇਵਾ ਉਹ ਹੈ ਜਿਸ ਨੂੰ ਕਰਨ ਨਾਲ ਗੁਰੂ ਨੂੰ ਸਰੀਰਕ ਸੁੱਖ ਦੀ ਪ੍ਰਾਪਤੀ ਹੋਵੇ, ਜਿਵੇਂ ਪੈਰ ਦਬਾਣਾ, ਪੱਖਾ ਝੱਲਣਾ, ਪਾਣੀ ਭਰਨਾ, ਆਟਾ ਪੀਹਣਾ, ਆਦਿ। ਅੰਦਰਲੀ ਸੇਵਾ ਰਾਹੀਂ ਗੁਰੂ ਦੀ ਪੂਰਨ ਸ਼ਰਧਾ ਸਹਿਤ ਆਰਾਧਨਾ ਕੀਤੀ ਜਾਂਦੀ ਹੈ। ਬਾਹਰਲੀ ਸੇਵਾ ਅੰਦਰਲੀ ਸੇਵਾ ਦਾ ਮੂਲ ਆਧਾਰ ਹੈ।

ਗੁਰੂ ਨਾਨਕ ਦੇਵ ਜੀ ਦੇ ਕਿਸੇ ਸਰੀਰੀ ਗੁਰੂ ਦੇ ਹੋਣ ਦਾ ਪ੍ਰਮਾਣ ਨਹੀਂ ਮਿਲਦਾ, ਇਸ ਲਈ ਉਨ੍ਹਾਂ ਦੀ ਬਾਣੀ ਵਿਚ ਗੁਰੂ ਦੀ ਬਾਹਰਲੀ ਸੇਵਾ ਦਾ ਅਭਾਵ ਹੈ। ਪਰ ਪਿਛਲੇ ਗੁਰੂ ਸਾਹਿਬਾਂ ਦੇ ਸਾਹਮਣੇ ਗੁਰੂ ਨਾਨਕ ਦੇਵ ਜੀ ਜਾਂ ਉਨ੍ਹਾਂ ਤੋਂ ਬਾਦ ਵਾਲੇ ਗੁਰੂ ਸਾਹਿਬਾਨ ਮੌਜੂਦ ਸਨ, ਇਸ ਲਈ ਬਾਕੀ ਗੁਰੂਆਂ ਦੀ ਬਾਣੀ ਵਿਚ ਬਾਹਰਲੀ ਸੇਵਾ ਦੇ ਉਲੇਖ ਵੀ ਮਿਲ ਜਾਂਦੇ ਹਨ, ਜਿਵੇਂ ਗੁਰੂ ਰਾਮਦਾਸ ਜੀ ਨੇ ਕਿਹਾ ਹੈ:

ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ ॥
ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ ॥...੪॥

(ਪੰਨਾ ੫੬੧)

ਸੱਚ ਤਾਂ ਇਹ ਹੈ ਕਿ ਗੁਰੂ ਨਾਨਕ ਸਾਹਿਬ ਨੇ ਗੁਰੂ-ਗੱਦੀ ਦਾ ਅਧਿਕਾਰੀ ਹੀ ਉਸ ਨੂੰ ਸਮਝਿਆ ਹੈ ਜੋ ਬਾਹਰਲੀ ਅਤੇ ਅੰਦਰਲੀ ਦੋਹਾਂ ਤਰ੍ਹਾਂ ਦੀ ਸੇਵਾ ਵਿਚ ਨਿਪੁੰਨ ਸਿੱਧ ਹੋਵੇ। ਭਾਈ ਲਹਿਣਾ ਜੀ ਆਪਣੀ ਸੱਚੀ ਸੇਵਾ ਕਰਕੇ ਹੀ ਗੁਰੂ ਅੰਗਦ ਸਾਹਿਬ ਹੋਣ ਦਾ ਗੌਰਵ ਪ੍ਰਾਪਤ ਕਰ ਸਕੇ। ਗੁਰੂ ਅਮਰ ਦਾਸ ਜੀ ਦੀ ਅਦੁੱਤੀ ਗੁਰੂ-ਸੇਵਾ ਇਤਿਹਾਸ ਪ੍ਰਸਿੱਧ ਹੈ। ਇਹ ਸੇਵਾ-ਬਿਰਤੀ ਸਿਖ ਧਰਮ ਦੀ ਇਕ ਵਿਸ਼ੇਸ਼ਤਾ ਰਹੀ ਹੈ ਅਤੇ ਇਸ ਦਾ ਇਕ ਰੂਪ ਮਨੁੱਖਤਾ ਦੀ ਸੇਵਾ ਵਿਚ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਮਨੁੱਖ ਜਾਂ ਪ੍ਰਾਣੀ-ਮਾਤਰ ਦੀ ਸੇਵਾ ਵੀ ਇਕ ਢੰਗ ਨਾਲ ਗੁਰੂ ਜਾਂ ਪਰਮਾਤਮਾ ਦੀ ਹੀ ਸੇਵਾ ਹੈ, ਕਿਉਂਕਿ ਮਨੁੱਖ ਜਾਂ ਪ੍ਰਾਣੀ ਵਿਚ ਪਰਮਾਤਮਾ ਦਾ ਨਿਵਾਸ ਹੈ। ਉਸ ਵਿਚ ਸੇਵਕ ਨੂੰ ਗੁਰੂ ਦਾ ਦਰਸ਼ਨ ਹੁੰਦਾ ਹੈ।

ਭਾਈ ਘਨ੍ਹਈਆ ਜੀ ਦੇ ਚਰਿਤ੍ਰ ਵਿਚ ਮਨੁੱਖੀ ਸੇਵਾ ਦਾ ਉੱਜਲਾ ਨਮੂਨਾ ਵੇਖਿਆ ਜਾ ਸਕਦਾ ਹੈ, ਜਿਸ ਨੇ ਯੁੱਧ-ਭੂਮੀ ਵਿਚ ਆਪਣੇ ਅਤੇ ਵੈਰੀ ਦਲ ਦੇ ਘਾਇਲਾਂ ਨੂੰ ਸਮਾਨ ਭਾਵਨਾ ਨਾਲ ਜਲ ਪਿਲਾਇਆ ਅਤੇ ਮਰ੍ਹਮ-ਪੱਟੀ ਵੀ ਕੀਤੀ, ਕਿਉਂਕਿ ਉਸ ਨੂੰ ਵੈਰੀਆਂ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੁੰਦੇ ਸਨ। ਇਹ ਸੇਵਾ-ਬਿਰਤੀ ਸਿਖ ਧਰਮ ਵਿਚ ਇਤਨੀ ਵਿਕਸਿਤ ਹੋਈ ਕਿ ਇਕ ਸੇਵਾ-ਪੰਥੀ ਸੰਪ੍ਰਦਾਇ ਹੀ ਪ੍ਰਸਿੱਧ ਹੋ ਗਈ, ਜਿਨ੍ਹਾਂ ਵਿਚ ਸੇਵਾ ਇਕ ਸਿਰੜ ਦਾ ਰੂਪ ਧਾਰਨ ਕਰ ਚੁੱਕੀ ਹੈ।

ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਸੇਵਾ ਕਰਨ 'ਤੇ ਬਲ ਦਿੱਤਾ ਹੈ। ਉਨ੍ਹਾਂ ਅਨੁਸਾਰ ਸੇਵਾ ਤੋਂ ਬਿਨਾਂ ਹੱਥਾਂ ਨੂੰ ਧਿੱਕਾਰ ਹੈ ਅਤੇ ਹੋਰ ਸਭ ਕਾਰਜ ਵਿਅਰਥ ਹਨ:

ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ॥

(ਵਾਰ ੨੭, ਪਉੜੀ ੧੦)

ਗੁਰੂ ਗੋਬਿੰਦ ਸਿੰਘ ਜੀ ਨੇ ਇਕ ਰਾਜ ਕੁਮਾਰ ਹੱਥੀਂ ਲਿਆਂਦਾ ਜਲ ਪੀਣੋਂ ਇਸ ਲਈ ਨਾਂਹ ਕਰ ਦਿੱਤੀ ਸੀ, ਕਿਉਂਕਿ ਉਨ੍ਹਾਂ ਹੱਥਾਂ ਨੇ ਕਦੀ ਸੇਵਾ ਨਹੀਂ ਸੀ ਕੀਤੀ।

ਸੱਚਮੁੱਚ ਸੇਵਾ ਕਰਨਾ ਸ੍ਰੇਸ਼ਟ ਸਾਧਨਾ ਹੈ। ਜਿਸ ਸਮਾਜ, ਭਾਈਚਾਰੇ ਜਾਂ ਧਰਮ ਵਿਚ ਇਹ ਬਿਰਤੀ ਆਪਣੇ ਪੈਰ ਪੱਕੇ ਕਰ ਲੈਂਦੀ ਹੈ, ਉਹ ਧੰਨ ਹੈ।

•

ਹਉਮੈ ਬੂਝੈ ਤਾ ਦਰੁ ਸੂਝੈ

ਗੁਰਬਾਣੀ ਵਿਚ ਹਉਮੈ ਨੂੰ ਮਾਰਨ ਜਾਂ ਤਿਆਗਣ 'ਤੇ ਬਹੁਤ ਬਲ ਦਿੱਤਾ ਗਿਆ ਹੈ। ਇਸ ਦੇ ਨਾਲ ਹੀ 'ਸਿਧ ਗੋਸਟਿ' (ਪਉੜੀ ੬੮) ਵਿਚ ਯੋਗੀਆਂ ਦੇ ਸੁਆਲ ਕਰਨ 'ਤੇ, ਕਿ ਜਗਤ ਦੀ ਉਤਪਤੀ ਕਿਸ ਕਿਸ ਢੰਗ ਨਾਲ ਹੁੰਦੀ ਹੈ ਤੇ ਕਿਹੜੇ ਕਿਹੜੇ ਦੁੱਖ ਕਾਰਨ ਇਹ ਨਸ਼ਟ ਹੁੰਦਾ ਹੈ? ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ ਕਿ ਹਉਮੈ ਨਾਲ ਜਗਤ ਦੀ ਉਤਪਤੀ ਹੁੰਦੀ ਹੈ ਅਤੇ ਨਾਮ ਦੇ ਵਿਸਰਨ ਨਾਲ ਦੁੱਖ ਸਹਿਣਾ ਪੈਂਦਾ ਹੈ। ਗੁਰਮੁਖ ਵਿਅਕਤੀ ਬ੍ਰਹਮ-ਗਿਆਨ ਦੇ ਤੱਤ ਨੂੰ ਵਿਚਾਰ ਕੇ ਸ਼ਬਦ ਜਾਂ ਨਾਮ ਦੁਆਰਾ ਹਉਮੈ ਨੂੰ ਨਸ਼ਟ ਕਰਨ ਦੇ ਸਮਰੱਥ ਹੁੰਦਾ ਹੈ:

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ॥...੬੮॥

(ਪੰਨਾ ੯੪੬)

ਮਨੁੱਖ ਦੇ ਜੀਵਨ ਅਤੇ ਜਗਤ ਦੀ ਉਤਪਤੀ ਵਿਚ ਮਹੱਤਵਪੂਰਨ ਸਥਾਨ ਰੱਖਣ ਵਾਲੀ ਹਉਮੈ ਦਾ ਸਰੂਪ ਇਸ ਪ੍ਰਸੰਗ ਵਿਚ ਸਮਝਣਾ ਆਵੱਸ਼ਕ ਪ੍ਰਤੀਤ ਹੁੰਦਾ ਹੈ। 'ਹਉਮੈ' ਅਸਲ ਵਿਚ ਸੰਸਕ੍ਰਿਤ ਦੇ 'ਅਹੰਕਾਰ' ਸ਼ਬਦ ਦੇ ਭਾਵ ਦਾ ਸੂਚਕ ਪੰਜਾਬੀ ਰੂਪਾਂਤਰ ਹੈ। ਇਹ 'ਹਉ' ਅਤੇ 'ਮੈ' ਦਾ ਸੰਯੁਕਤ ਜਾਂ ਸਮਸਤ ਸ਼ਬਦ ਹੈ। ਇਸ ਗੱਲ ਦੀ ਪੁਸ਼ਟੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਹੀ ਹੋ ਜਾਂਦੀ ਹੈ:

ਹਉ ਹਉ ਮੈ ਮੈ ਵਿਚਹੁ ਖੋਵੈ॥
ਦੂਜਾ ਮੇਟੈ ਏਕੋ ਹੋਵੈ॥...੪੬॥ *(ਪੰਨਾ ੯੪੩)*

ਇਥੇ 'ਹਉ' ਅਤੇ 'ਮੈ' ਦੋਹਾਂ ਸ਼ਬਦਾਂ ਨੂੰ ਦੋ ਵਾਰ ਦੁਹਰਾਇਆ ਗਿਆ ਹੈ। ਇਹ ਦੋਵੇਂ ਸ਼ਬਦ ਕ੍ਰਮਵਾਰ ਸੰਸਕ੍ਰਿਤ ਦੇ 'ਅੰਹ' ਅਤੇ 'ਮਮ' ਦੇ ਤਦਭਵ ਰੂਪ ਹਨ ਅਤੇ ਦੋਹਾਂ ਦਾ ਅਰਥ ਹੈ—ਮੈਂ, ਮੇਰਾ। ਇਹ ਦੋਵੇਂ ਸ਼ਬਦ ਵਿਆਕਰਣ ਅਨੁਸਾਰ ਪ੍ਰਥਮ ਪੁਰਸ਼ ਇਕ-ਵਚਨ ਪੜਨਾਂਉਂ ਹਨ। ਪਰ ਸੰਯੁਕਤ ਰੂਪ ਵਿਚ ਵਰਤੇ ਜਾਣ 'ਤੇ 'ਹਉਮੈ' ਸ਼ਬਦ ਸੰਗਿਆ ਰੂਪ ਵਿਚ ਗੁਰਬਾਣੀ ਦਾ ਇਕ ਵਿਸ਼ੇਸ਼ ਭਾਵ-ਬੋਧਕ ਪਰਿਭਾਸ਼ਿਕ ਸ਼ਬਦ ਬਣਦਾ ਹੈ, ਜਿਸ ਦਾ ਭਾਵਾਰਥ ਹੈ—ਹੰਕਾਰ, ਖ਼ੁਦੀ, ਅਭਿਮਾਨ, ਆਦਿ।

ਹਉਮੈ ਜਾਂ ਹੰਕਾਰ ਤੋਂ ਜਗਤ ਦੀ ਉਤਪਤੀ ਮੰਨਣ ਵਾਲੀ ਗੱਲ ਪੁਰਾਤਨ ਭਾਰਤੀ ਸਿੱਧਾਂਤ 'ਤੇ ਆਧਾਰਿਤ ਹੈ। ਸਾਂਖ ਮਤ ਵਾਲੇ ਜਗਤ ਦੇ ਉਤਪਤੀ-ਕ੍ਰਮ ਵਿਚ ਪ੍ਰਕ੍ਰਿਤੀ ਤੋਂ ਮਹਤ ਅਤੇ ਮਹਤ ਤੋਂ ਹੰਕਾਰ ਅਤੇ ਫਿਰ ਇਸ ਤੋਂ ਪੰਜ ਗਿਆਨ-ਇੰਦਰੀਆਂ, ਪੰਜ ਕਰਮ-ਇੰਦਰੀਆਂ ਅਤੇ ਮਨ ਦੀ ਉਤਪਤੀ ਮੰਨਦੇ ਹਨ। ਵੇਦਾਂਤ

ਵਾਲੇ ਵੀ ਇਸ ਗੱਲ ਨੂੰ ਸਵੀਕਾਰ ਕਰ ਕੇ ਚੱਲਦੇ ਹਨ। ਜਗਤ ਦੀ ਉਤਪਤੀ ਸੰਬੰਧੀ 'ਯੋਗ ਵਾਸ਼ਿਸ਼ਠ' ਵੀ ਹੰਕਾਰ ਨੂੰ ਮਹੱਤਵ ਦਿੰਦਾ ਹੈ। ਪਰ ਗੁਰਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਥੇ ਨਾ ਤਾਂ ਪ੍ਰਕ੍ਰਿਤੀ ਨੂੰ ਕੋਈ ਸੁਤੰਤਰ ਤੱਤ ਮੰਨਿਆ ਗਿਆ ਹੈ ਅਤੇ ਨਾ ਹੀ ਮਹਤ ਨੂੰ ਕੋਈ ਵੱਖਰਾ ਸਥਾਨ ਦਿੱਤਾ ਗਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ ਕਿ ਨਾਮ ਦੇ ਵਿਸਰਨ ਨਾਲ ਹਉਮੈ ਦੀ ਉਤਪਤੀ ਹੁੰਦੀ ਹੈ। ਗੁਰੂ ਅਮਰ ਦਾਸ ਜੀ ਨੇ ਨਾਮ ਅਤੇ ਹਉਮੈ ਨੂੰ ਪਰਸਪਰ ਵਿਰੋਧੀ ਮੰਨਿਆ ਹੈ। ਇਨ੍ਹਾਂ ਦਾ ਇਕ ਥਾਂ ਸਮਭਾਵ ਨਾਲ ਟਿਕਣਾ ਸੰਭਵ ਨਹੀਂ ਹੈ:

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥...੧॥੯॥੧੨॥

(ਪੰਨਾ ੫੬੦)

ਹਉਮੈ ਕਰਨ ਵਾਲੇ ਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ, ਪਰ ਜਦੋਂ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ ਤਾਂ ਹਉਮੈ ਦੀ ਹੋਂਦ ਮਿਟ ਜਾਂਦੀ ਹੈ:

ਹਉ ਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥...੧॥੧੯॥

(ਪੰਨਾ ੧੦੯੨)

ਸਪੱਸ਼ਟ ਹੈ ਕਿ ਹਉਮੈ ਦੇ ਮਿਟਣ ਨਾਲ ਹੀ ਵਿਅਕਤੀ ਸੰਸਾਰਿਕ ਪ੍ਰਪੰਚ ਤੋਂ ਛੁਟਕਾਰਾ ਪ੍ਰਾਪਤ ਕਰ ਕੇ ਪਰਮਾਤਮਾ ਨਾਲ ਅਭੇਦ ਹੁੰਦਾ ਹੈ।

ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਗਤ ਦੀ ਉਤਪਤੀ ਹਉਮੈ ਤੋਂ ਇਸ ਲਈ ਮੰਨੀ ਹੈ ਕਿ ਸੰਸਾਰਿਕ ਮਨੁੱਖਾਂ ਦੇ ਸਾਰੇ ਕਾਰਜ ਹਉਮੈ ਨਾਲ ਗ੍ਰਸੇ ਹੋਏ ਹਨ ਜਾਂ ਹਉਮੈ ਤੋਂ ਉਤਪੰਨ ਹੁੰਦੇ ਹਨ। 'ਆਸਾ ਦੀ ਵਾਰ' ਵਿਚ ਉਨ੍ਹਾਂ ਨੇ ਦੱਸਿਆ ਹੈ ਕਿ ਹਉ ਵਿਚ ਮਨੁੱਖ ਸੰਸਾਰ ਵਿਚ ਜਨਮ ਲੈਂਦਾ ਹੈ, ਉਸੇ ਵਿਚ ਮਰਦਾ ਹੈ, ਉਸ ਵਿਚ ਹੀ ਸੰਸਾਰਿਕ ਕਾਰ-ਵਿਹਾਰ ਚੱਲਦਾ ਹੈ। ਇਸੇ ਕਰਕੇ ਉਹ ਨਰਕ ਸਵਰਗ ਦਾ ਭਾਗੀ ਬਣਦਾ ਹੈ। ਇਹੀ ਉਸ ਦੇ ਸੁੱਖ ਦੁੱਖ ਦਾ ਕਾਰਨ ਹੈ, ਜਿਸ ਕਰਕੇ ਉਹ ਮੋਖ ਜਾਂ ਮੁਕਤੀ ਦੀ ਸਾਰ ਤਕ ਜਾਣਨ ਵਿਚ ਅਸਮਰੱਥ ਹੈ। ਫਲਸਰੂਪ ਮਨੁੱਖ ਜਨਮ ਮਰਨ ਦੇ ਚੱਕਰ ਵਿਚ ਪੈਂਦਾ ਹੈ। ਇਨ੍ਹਾਂ ਚੱਕਰਾਂ ਵਿਚ ਪੈਣ ਜਾਂ ਆਵਾਗਵਣ ਦੀ ਮਾਨਤਾ ਦੇ ਮੂਲ ਵਿਚ ਇਹ ਹਉਮੈ ਹੀ ਮੁੱਖ ਆਧਾਰ ਹੈ। ਜਦ ਤਕ ਇਸ ਹਉਮੈ ਦੇ ਵਾਸਤਵਿਕ ਸਰੂਪ ਨੂੰ ਸਮਝ ਕੇ ਇਸ ਦਾ ਤਿਆਗ ਨਹੀਂ ਕੀਤਾ ਜਾਂਦਾ, ਤਦ ਤਕ ਪਰਮਾਤਮਾ ਦੇ ਦੁਆਰ ਦਾ ਅਨੁਭਵ ਪ੍ਰਾਪਤ ਨਹੀਂ ਹੋ ਸਕਦਾ:

ਹਉਮੈ ਬੂਝੈ ਤਾ ਦਰੁ ਸੂਝੈ ॥
ਗਿਆਨ ਵਿਹੂਣਾ ਕਥਿ ਕਥਿ ਲੂਝੈ ॥...੧॥੭॥ *(ਪੰਨਾ ੪੬੬)*

ਸਪੱਸ਼ਟ ਹੈ ਕਿ 'ਹਉਮੈ' ਹੀ ਸੰਸਾਰ ਦੀ ਉਤਪਤੀ ਦਾ ਕਾਰਨ ਹੈ, ਕਿਉਂਕਿ ਕਰਮ-ਫਲਾਂ ਦਾ ਭੋਗ ਕਰਾਉਣ ਲਈ ਹੀ ਆਵਾਗਵਣ ਦਾ ਚੱਕਰ ਚੱਲਦਾ ਹੈ ਅਤੇ ਇਕ ਤੋਂ ਬਾਦ ਦੂਜੇ ਜਨਮ ਦੀ ਸੰਗਲੀ ਤੁਰੀ ਚਲੀ ਜਾਂਦੀ ਹੈ। ਡਾ: ਸ਼ੇਰ ਸਿੰਘ ਦਾ ਵੀ ਮਤ ਹੈ ਕਿ "ਹਉਮੈ ਜੀਵਾਤਮਾ ਦੀ ਸੰਸਾਰੀ ਯਾਤਰਾ ਦਾ ਨਿਰੋਲ ਕਾਰਨ ਹੈ। ਰਜੋ, ਤਮੋ, ਸਤੋ ਦੇ ਬੇਅੰਤ ਪ੍ਰਕਾਰ ਦੇ ਮੇਲ ਕਰਕੇ ਅਨੇਕ ਤਰ੍ਹਾਂ ਦੀ ਰਚਨਾ ਬਣਦੀ ਰਹਿੰਦੀ ਹੈ। ਅਨੇਕ ਤਰ੍ਹਾਂ ਦੇ ਜੀਵ ਹੋਂਦ ਵਿਚ ਆਉਂਦੇ ਰਹਿੰਦੇ ਹਨ। ਅਨੇਕ ਤਰ੍ਹਾਂ

ਦੇ ਕਰਮ ਹਉਮੈ ਦੇ ਅਸਰ ਹੇਠ ਕਮਾਂਦੇ ਹਨ। ਇਨ੍ਹਾਂ ਕਰਮਾਂ ਦੇ ਅਸਰ ਤੇ ਸੰਸਕਾਰ ਜੀਵਾਤਮਾ ਨੂੰ ਸੂਖਮ ਸਰੀਰ ਦੇ ਰੂਪ ਵਿਚ ਸਦਾ ਹੀ ਚੰਬੜੇ ਰਹਿੰਦੇ ਹਨ। ਇਸ ਤਰ੍ਹਾਂ ਭਿੰਨ ਭਿੰਨ ਜੂਨੀਆਂ ਵਿਚ ਇੱਕੋ ਆਤਮਾ ਜਨਮ ਲੈਂਦੀ ਰਹਿੰਦੀ ਹੈ, ਉਹੋ ਆਪਾ ਸਦਾ ਜਾਰੀ ਰਹਿੰਦਾ ਹੈ।"

ਫ਼ਲਸਫ਼ੇ ਦੀ ਭਾਸ਼ਾ ਵਿਚ ਹਉਮੈ ਇਕ ਮਨੋ-ਬਿਰਤੀ ਜਾਂ ਮਨੋ-ਵਿਕਾਰ ਹੈ, ਜੋ ਕਾਮ, ਕਰੋਧ, ਲੋਭ, ਮੋਹ ਦੇ ਨਾਲ ਮਿਲ ਕੇ ਆਉਂਦਾ ਹੈ। ਗੁਰਬਾਣੀ ਵਿਚ ਇਨ੍ਹਾਂ ਨੂੰ 'ਪੰਜ ਚੋਰ' ਤਕ ਕਿਹਾ ਗਿਆ ਹੈ, ਕਿਉਂਕਿ ਇਹ ਮਨੁੱਖ ਦੀਆਂ ਚੰਗੀਆਂ ਬਿਰਤੀਆਂ ਨੂੰ ਬਦਲ ਕੇ ਦੁਰ-ਬਿਰਤੀਆਂ ਵੱਲ ਪ੍ਰੇਰਿਤ ਕਰ ਦਿੰਦੇ ਹਨ। ਇਨ੍ਹਾਂ ਮਨੋ-ਵਿਕਾਰਾਂ ਵਿੱਚੋਂ ਵੀ ਹਉਮੈ ਦਾ ਪ੍ਰਭਾਵ-ਖੇਤਰ ਬਹੁਤ ਵਿਆਪਕ ਹੈ। ਇਹ ਇਤਨਾ ਸੂਖਮ ਹੈ ਕਿ ਜੇ ਕੋਈ ਹਉਮੈ ਦਾ ਤਿਆਗ ਕਰ ਕੇ ਇਸ ਦਾ ਇਹਸਾਸ ਵੀ ਕਰੇ ਤਾਂ ਹਉਮੈ ਪ੍ਰਗਟ ਹੋ ਜਾਂਦੀ ਹੈ। ਹਉਮੈ ਵਿਚ ਕੀਤੇ ਕਰਮ ਹੀ ਜਨਮ-ਮਰਨ ਦੀ ਗਤੀ ਨੂੰ ਚਲਾਈ ਰੱਖਦੇ ਹਨ। ਇਸ ਲਈ ਜਗਤ ਦੀ ਉਤਪਤੀ ਅਤੇ ਜਗਤ ਦੀ ਹੋਂਦ ਨੂੰ ਬਣਾਈ ਰੱਖਣ ਵਿਚ ਹਉਮੈ ਅਤੇ ਉਸ ਦੇ ਪ੍ਰਭਾਵ ਅਧੀਨ ਕੀਤੇ ਕਰਮ ਮੂਲ ਕਾਰਨ ਹਨ।

ਉਪਰੋਕਤ ਵਿਚਾਰ ਤੋਂ ਇਹ ਗੱਲ ਉਘੜਦੀ ਹੈ ਕਿ ਹਉਮੈ ਬਹੁਤ ਭਿਆਨਕ ਅਤੇ ਭੈੜਾ ਰੋਗ ਹੈ, ਇਸ ਨੂੰ ਦੀਰਘ ਰੋਗ ਵੀ ਕਿਹਾ ਗਿਆ ਹੈ ("ਹਉਮੈ ਦੀਰਘ ਰੋਗੁ ਹੈ") ਹਰ ਪਾਸੇ ਇਸ ਤੋਂ ਪੈਦਾ ਹੋਣ ਵਾਲੇ ਦੁੱਖ ਦਾ ਪਸਾਰਾ ਹੈ। ਇਸ ਦੇ ਅੱਗੋਂ ਕਈ ਭੇਦ-ਉਪਭੇਦ ਹਨ, ਜਿਨ੍ਹਾਂ ਬਾਰੇ ਨਿਸਚੇ ਨਾਲ ਕੁਝ ਕਹਿ ਸਕਣਾ ਭਾਵੇਂ ਸੰਭਵ ਨਹੀਂ, ਪਰ ਇਤਨਾ ਸਾਫ਼ ਹੈ ਕਿ ਮਨੁੱਖ ਦੀਆਂ ਸਾਰੀਆਂ ਵਾਸ਼ਨਾਵਾਂ ਹਉਮੈ ਤੋਂ ਹੀ ਪ੍ਰੇਰਿਤ ਹੁੰਦੀਆਂ ਹਨ, ਇਸ ਲਈ ਵਾਸ਼ਨਾਵਾਂ ਦੀ ਅਨੰਤਤਾ ਵਾਂਗ ਹੀ ਹਉਮੈ ਦੇ ਭੇਦ ਵੀ ਅਨੰਤ ਹਨ।

ਹਉਮੈ ਦੇ ਸਿੱਟੇ ਅਤੇ ਪ੍ਰਭਾਵ ਵੀ ਬਹੁਤ ਭੈੜੇ ਹਨ। ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਹਉਮੈ ਤੋਂ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ, ਕਿਉਂਕਿ ਮਨਮਤ ਜਾਂ ਹਉਮੈ ਝੂਠੀ ਅਤੇ ਮਿਥਿਆ ਹੈ। ਵਾਸਤਵਿਕ ਸਤਿ ਕੇਵਲ ਪਰਮਾਤਮਾ ਹੈ। ਜੋ ਵਿਅਕਤੀ ਹਉਮੈ ਕਾਰਨ ਆਪਣੀ ਸੁਤੰਤਰ ਸੱਤਾ ਮੰਨਣ ਲੱਗਦੇ ਹਨ, ਉਹ ਦਵੈਤ-ਭਾਵ ਕਰਕੇ ਨਸ਼ਟ ਹੁੰਦੇ ਹਨ। ਇਸ ਸੰਸਾਰ ਵਿਚ ਹਉਮੈ ਤੋਂ ਮੁਕਤ ਹੋ ਕੇ ਵਾਸਤਵਿਕ ਸਾਧਨਾ ਉਹੀ ਕਰ ਸਕਦਾ ਹੈ, ਜਿਸ ਦੇ ਭਾਗਾਂ ਵਿਚ ਅਜਿਹਾ ਲਿਖਿਆ ਗਿਆ ਹੈ:

ਹਉਮੈ ਕਰਤਿਆ ਨਹ ਸੁਖੁ ਹੋਇ॥
ਮਨਮਤਿ ਝੂਠੀ ਸਚਾ ਸੋਇ॥
ਸਗਲ ਬਿਗੂਤੇ ਭਾਵੈ ਦੋਇ॥
ਸੋ ਕਮਾਵੈ ਧੁਰਿ ਲਿਖਿਆ ਹੋਇ॥੧॥੪॥ *(ਪੰਨਾ ੨੨੨)*

ਹਉਮੈ ਦਾ ਸਿੱਟਾ ਬੰਧਨ ਹੈ:

ਹਉਮੈ ਬੰਧਨ ਬੰਧਿ ਭਵਾਵੈ॥...੮॥੧੩॥ *(ਪੰਨਾ ੨੨੭)*

ਇਸ ਲਈ ਹਉਮੈ ਨੂੰ ਨਸ਼ਟ ਕਰਨਾ ਮਨੁੱਖ ਲਈ ਬੜਾ ਜ਼ਰੂਰੀ ਹੈ। ਇਹ ਇਕ ਅਸਾਧ ਰੋਗ ਹੈ, ਪਰ ਅਧਿਆਤਮਿਕ ਸਾਧਕ ਜਾਂ ਸੱਚੇ ਸਰੂਪ ਵਾਲੇ ਮਨੁੱਖ ਲਈ ਹਉਮੈ ਦੀ ਬਿਰਤੀ ਨੂੰ ਮਾਰਨਾ, ਇਸ ਨੂੰ ਪ੍ਰਕਾਸ਼ਮਈ ਮਨ ਦੇ ਅਧੀਨ ਕਰਨਾ ਬੜਾ ਜ਼ਰੂਰੀ ਹੈ, ਕਿਉਂਕਿ ਅਜਿਹਾ ਕੀਤੇ ਬਿਨਾਂ ਵਾਸਤਵਿਕ ਗਿਆਨ ਜਾਂ ਬ੍ਰਹਮ ਗਿਆਨ ਦੀ ਪ੍ਰਾਪਤੀ ਸੰਭਵ ਨਹੀਂ। ਗੁਰੂ ਨਾਨਕ ਦੇਵ ਜੀ ਨੇ ਹਉਮੈ ਮਾਰਨ ਦੇ ਉਪਾਵਾਂ ਵਿੱਚੋਂ ਸਭ ਤੋਂ ਪਹਿਲਾ ਸਥਾਨ ਪਰਮਾਤਮਾ ਦੀ ਕਿਰਪਾ ਨੂੰ ਦਿੱਤਾ ਹੈ:

ਜਾ ਹਰਿ ਪ੍ਰਭਿ ਕਿਰਪਾ ਧਾਰੀ॥
ਤਾ ਹਉਮੈ ਵਿਚਹੁ ਮਾਰੀ॥...੧॥੧੦॥ (ਪੰਨਾ ੮੭੯)

ਈਸ਼ਵਰੀ ਕਿਰਪਾ ਨਾਲ ਹੀ ਗੁਰੂ ਦਾ ਮੇਲ ਹੁੰਦਾ ਹੈ, ਜੋ ਹਉਮੈ ਨੂੰ ਨਸ਼ਟ ਕਰਨ ਵਿਚ ਸਹਾਇਕ ਦਾ ਰੋਲ ਅਦਾ ਕਰਦਾ ਹੈ। ਹਉਮੈ ਦੇ ਵਿਨਾਸ਼ ਵਿਚ ਗੁਰੂ-ਸ਼ਬਦ (ਗੁਰੂ-ਉਪਦੇਸ਼) ਦੀ ਵੀ ਬਹੁਤ ਦੇਣ ਹੈ:

ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ॥...੬॥੨॥
(ਪੰਨਾ ੧੦੦੯)

ਗੁਰੂ ਦੇ ਸ਼ਬਦ ਦੁਆਰਾ ਹਉਮੈ ਨੂੰ ਜੋ ਮਾਰ ਲੈਂਦਾ ਹੈ, ਉਹ ਫਿਰ ਦੂਜੀ ਵਾਰ ਨਹੀਂ ਮਰਦਾ, ਕਿਉਂਕਿ ਗੁਰੂ ਦੀ ਮਤਿ ਦੁਆਰਾ ਪਰਮਾਤਮਾ ਮਨ ਵਿਚ ਆ ਵੱਸਦਾ ਹੈ, ਜਿਸ ਕਰਕੇ ਪ੍ਰਾਣੀ ਆਪਣੀ ਸੰਪੂਰਨ ਕੁਲ ਦਾ ਉੱਧਾਰ ਕਰਨ ਦੇ ਯੋਗ ਹੋ ਜਾਂਦਾ ਹੈ:

ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ॥
ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ॥
ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ॥੪॥੧॥
(ਪੰਨਾ ੧੦੦੯)

ਸਾਰਾਂਸ਼ ਇਹ ਕਿ ਮਨੁੱਖ ਨੂੰ ਮਾਇਕ ਪ੍ਰਪੰਚ ਵਿਚ ਉਲਝਾਉਣ ਵਾਲੀ ਸਰਬ ਪ੍ਰਮੁਖ ਬਿਰਤੀ ਹਉਮੈ ਹੈ। ਇਸ ਦਾ ਦਮਨ ਬੜਾ ਜ਼ਰੂਰੀ ਹੈ। ਹਉਮੈ ਨੂੰ ਤਿਆਗਣ ਨਾਲ ਜਿਥੇ ਮਨੁੱਖ ਆਪਣਾ ਅਧਿਆਤਮਿਕ ਭਵਿੱਖ ਉੱਜਲਾ ਕਰਦਾ ਹੈ, ਉਥੇ ਨਾਲ ਹੀ ਇਕ ਚੰਗਾ ਮਨੁੱਖ ਵੀ ਬਣਦਾ ਹੈ। ਇਕ ਚੰਗਾ ਮਨੁੱਖ ਵਾਤਾਵਰਣ 'ਤੇ ਚੰਗਾ ਅਸਰ ਪਾਂਦਾ ਹੈ। ਉਹ ਹੋਰਨਾਂ ਨੂੰ ਚੰਗਾ ਬਣਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਇਸ ਤਰ੍ਹਾਂ ਇਕ ਚੰਗੇ ਸਮਾਜ ਦਾ ਵਿਕਾਸ ਹੁੰਦਾ ਹੈ। ਇਹੀ ਮਨੁੱਖ ਦੀ ਵਿਹਾਰਿਕ ਸ੍ਰੇਸ਼ਟਤਾ ਹੈ, ਜਿਸ ਨੂੰ ਗ੍ਰਹਿਣ ਕਰਨ ਨਾਲ ਹੀ ਅਸੀਂ ਸੱਚੇ ਮਨੁੱਖ ਹੋਣ ਦੇ ਅਧਿਕਾਰੀ ਬਣਦੇ ਹਾਂ।

•

ਹੁਕਮੁ ਮੰਨੈ ਸੋ ਜਨੁ ਪਰਵਾਣੁ

ਗੁਰਬਾਣੀ ਵਿਚ ਥਾਂ-ਪੁਰ-ਥਾਂ ਹੁਕਮ ਨੂੰ ਮੰਨਣ ਦੀ ਤਾਕੀਦ ਕੀਤੀ ਗਈ ਹੈ। ਇਸ ਨੂੰ ਮੰਨਣ ਨਾਲ ਹੀ ਅਧਿਆਤਮਿਕ ਸੁੱਖ ਦੀ ਪ੍ਰਾਪਤੀ ਜਾਂ ਪਰਮਾਤਮਾ ਦੀ ਸੰਜੋਗ ਅਵਸਥਾ ਦਾ ਅਨੁਭਵ ਹੋ ਸਕਦਾ ਹੈ ("ਹੁਕਮੁ ਮੰਨੇ ਸੋਈ ਸੁਖੁ ਪਾਏ,"[1] "ਹੁਕਮੇ ਲਏ ਮਿਲਾਇ")। ਗੁਰਬਾਣੀ ਤੋਂ ਪਹਿਲਾਂ ਦੇ ਨਿਰਗੁਣ ਜਾਂ ਸਰਗੁਣ ਕਾਵਿ ਵਿਚ ਇਸ ਸ਼ਬਦ ਦੀ ਵਰਤੋਂ, ਵਿਚਾਰ ਅਧੀਨ ਵਿਸ਼ੇਸ਼ ਭਾਵ ਨਾਲ ਕਿਤੇ ਨਹੀਂ ਹੋਈ। ਇਸ ਲਈ ਗੁਰਬਾਣੀ ਦਾ ਇਹ ਇਕ ਵਿਸ਼ੇਸ਼ ਪਰਿਭਾਸ਼ਿਕ ਸ਼ਬਦ ਕਿਹਾ ਜਾ ਸਕਦਾ ਹੈ।

'ਹੁਕਮ' ਅਰਬੀ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਕੋਸ਼-ਅਰਥ ਹੈ—ਆਗਿਆ, ਫ਼ੁਰਮਾਨ, ਆਦੇਸ਼। ਅਰਬ ਅਤੇ ਉਸ ਦੇ ਨੇੜੇ ਲੱਗਦੇ ਦੇਸ਼ਾਂ ਵਿਚ ਇਸ ਸ਼ਬਦ ਦੀ ਵਰਤੋਂ ਸ਼ਾਹੀ ਅਤੇ ਇਲਾਹੀ ਫ਼ੁਰਮਾਨ ਲਈ ਪੁਰਾਤਨ ਸਮੇਂ ਤੋਂ ਹੁੰਦੀ ਆਈ ਹੈ। ਕੁਰਾਨਿਕ ਸਾਹਿੱਤ ਵਿਚ ਵੀ ਇਹ ਸ਼ਬਦ ਇਨ੍ਹਾਂ ਹੀ ਅਰਥਾਂ ਵਿਚ ਵਰਤਿਆ ਗਿਆ ਹੈ। ਇਸਲਾਮ ਵਿਚ ਸ੍ਰਿਸ਼ਟੀ ਦੀ ਉਤਪਤੀ ਹੁਕਮ ਤੋਂ ਹੀ ਮੰਨੀ ਗਈ ਹੈ। 'ਕੁਨ' (ਹੋ ਜਾ) ਅਤੇ 'ਫ਼ੀ ਕੁਨ' (ਹੋ ਗਈ) ਸ਼ਬਦਾਂ ਦੀ ਵਰਤੋਂ ਨਾਲ ਇਸੇ ਗੱਲ ਦੀ ਪੁਸ਼ਟੀ ਹੁੰਦੀ ਹੈ। ਇਸ ਸਿੱਧਾਂਤ ਦੇ ਸਮਾਨਾਂਤਰ ਗੁਰੂ ਨਾਨਕ ਦੇਵ ਜੀ ਨੇ ਵੀ 'ਜਪੁ ਜੀ' ਵਿਚ "ਕੀਤਾ ਪਸਾਉ ਏਕੋ ਕਵਾਉ"[2] ਦੀ ਸਥਾਪਨਾ ਕੀਤੀ ਹੈ। ਪਰ ਡਾ: ਸ਼ੇਰ ਸਿੰਘ ਅਨੁਸਾਰ 'ਕੁਨ' ਅਤੇ ਗੁਰੂ ਨਾਨਕ ਦੇਵ ਜੀ ਦੇ 'ਕਵਾਉ' ਵਿਚ ਅੰਤਰ ਹੈ। ਇਸਲਾਮ ਦੇ 'ਕੁਨ' ਦੁਆਰਾ ਤੁਰੰਤ ਸ੍ਰਿਸ਼ਟੀ ਦੀ ਰਚਨਾ ਸਿੱਧ ਹੁੰਦੀ ਹੈ, ਪਰ ਗੁਰੂ ਨਾਨਕ ਦੇਵ ਜੀ ਦੇ 'ਕਵਾਉ' ਰਾਹੀਂ ਸ੍ਰਿਸ਼ਟੀ ਦਾ ਹੌਲੀ ਹੌਲੀ ਪ੍ਰਸਾਰ ਹੁੰਦਾ ਹੈ, ਸਿਲਸਿਲੇਵਾਰ ਵਿਕਾਸ ਹੁੰਦਾ ਹੈ।

'ਹੁਕਮ' ਸ਼ਬਦ ਦੇ ਮੁੱਢਲੇ ਇਸਲਾਮਿਕ ਸਾਹਿੱਤ ਵਿਚ ਹੋਏ ਪ੍ਰਯੋਗ ਤੋਂ ਬਾਦ ਖ਼ਲੀਫ਼ਿਆਂ ਦੇ ਯੁੱਗ ਵਿਚ ਇਸ ਸ਼ਬਦ ਦੇ ਸਰੂਪ ਅਤੇ ਸਮਰੱਥਾ ਵਿਚ ਕਾਫ਼ੀ ਵਿਕਾਸ ਹੋਇਆ ਅਤੇ ਇਸ ਨੂੰ ਭੌਤਿਕ ਸ਼ਕਤੀ ਦੀ ਪ੍ਰਭੁਤਾ ਅਤੇ ਪ੍ਰਸਾਰ ਦਾ ਪ੍ਰਤੀਕ ਜਿਹਾ ਸਮਝਿਆ ਜਾਣ ਲੱਗਾ। ਇਹ ਸ਼ਬਦ ਆਪਣੀ ਅਧਿਆਤਮਿਕ ਅਤੇ ਭੌਤਿਕ ਪਿਛੋਕੜ ਸਹਿਤ ਮੁਸਲਮਾਨ ਹਮਲਾਵਰਾਂ ਦੇ ਨਾਲ ਭਾਰਤ ਵਿਚ ਆਇਆ ਅਤੇ ਇਸ ਨੇ ਜਨ-ਭਾਸ਼ਾ ਵਿਚ ਆਪਣਾ ਸਥਾਨ ਬਣਾ ਲਿਆ :

ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥...੧੪॥ *(ਪੰਨਾ ੪੭੦)*

---

੧. ਮਾਰੂ ਮ: ੩, ਅੰਕ ੩, ਪੰਨਾ ੧੦੫੫.

੨. ਜਪੁ ਜੀ, ਪਉੜੀ ੧੬, ਪੰਨਾ ੩.

ਦਿੱਲੀ ਦੇ ਸੁਲਤਾਨਾਂ ਦੇ ਹੁਕਮਾਂ ਨੇ ਭਾਰਤੀ ਧਰਮ, ਸੱਭਿਅਤਾ ਅਤੇ ਸੰਸਕ੍ਰਿਤੀ ਦੀਆਂ ਬੁਨਿਆਦਾਂ ਨੂੰ ਝੰਜੋੜ ਦਿੱਤਾ। ਸਾਰਾ ਜਨ-ਜੀਵਨ ਸੁਲਤਾਨਾਂ ਦੇ ਹੁਕਮਾਂ ਦੇ ਵੱਸ ਵਿਚ ਹੋ ਗਿਆ ਅਤੇ ਭਾਰਤੀ ਗੌਰਵ ਖੁਰਨ ਲੱਗ ਗਿਆ।

ਇਸ ਸ਼ਬਦ ਦੁਆਰਾ ਸੰਚਾਰਿਤ ਸਮਰੱਥਾ ਅਤੇ ਜਨਜੀਵਨ 'ਤੇ ਪਏ ਪ੍ਰਭਾਵ ਤੋਂ ਪ੍ਰੇਰਿਤ ਹੋ ਕੇ ਗੁਰੂ ਨਾਨਕ ਦੇਵ ਜੀ ਦਾ ਕਵੀ ਹਿਰਦਾ ਦ੍ਰਵਿਤ ਹੋ ਗਿਆ ਅਤੇ ਉਨ੍ਹਾਂ ਨੇ ਇਸ ਸ਼ਬਦ ਦੀ ਵਰਤੋਂ ਅਧਿਆਤਮਿਕ ਚਿੰਤਨ ਅਤੇ ਭਗਤੀ ਭਾਵਨਾ ਦੇ ਖੇਤਰ ਵਿਚ ਸ਼ੁਰੂ ਕੀਤੀ। ਗੁਰੂ ਜੀ ਦੀ ਭਾਵਨਾ ਅਤੇ ਸ਼ਰਧਾ ਦੀ ਅੰਮ੍ਰਿਤਧਾਰਾ ਨਾਲ ਸਿੰਜ ਕੇ ਇਹ ਸ਼ਬਦ ਆਪਣੇ ਨਵੇਂ ਅਤੇ ਮੌਲਿਕ ਰੂਪ ਵਿਚ ਗੁਰਬਾਣੀ ਵਿਚ ਵਰਤਿਆ ਜਾਣ ਲੱਗਾ। ਪਰਮਾਤਮਾ ਕਰਤਾ ਪੁਰਖ ਹੈ, ਇਸ ਲਈ ਉਸ ਦਾ ਆਦੇਸ਼ ਜਾਂ ਆਗਿਆ ਹੀ ਹੁਕਮ ਹੈ। ਅਤੇ ਹੁਕਮ ਕਰਨ ਵਾਲਾ ਪਰਮਾਤਮਾ 'ਹੁਕਮੀ' ਹੈ। ਇਸ ਤਰ੍ਹਾਂ ਇਸ ਸ਼ਬਦ ਦਾ ਇਕ ਨਵਾਂ ਪਰਿਭਾਸ਼ਿਕ ਰੂਪ ਸਾਹਮਣੇ ਆਇਆ।

ਭਿੰਨ ਭਿੰਨ ਵਿਦਵਾਨਾਂ ਨੇ ਇਸ ਸ਼ਬਦ ਦੇ ਨਵੇਂ ਪ੍ਰਯੋਗ ਕਾਰਨ ਇਸ ਦੇ ਵੱਖ ਵੱਖ ਅਰਥ ਕੀਤੇ ਹਨ। ਕਿਸੇ ਨੇ ਇਸ ਨੂੰ ਈਸ਼ਵਰੀ ਇੱਛਾ ਜਾਂ ਇਰਾਦਾ ਕਿਹਾ ਹੈ, ਕਿਸੇ ਨੇ ਸ੍ਰਿਸ਼ਟੀ ਵਿਧਾਨ, ਦੈਵੀ-ਵਿਧਾਨ, ਪਰਮਾਤਮਾ ਦਾ ਸਮੁੱਚਾ ਵਿਧਾਨ, ਪਰਮਾਤਮਾ ਦੇ ਨਿਯਮਾਂ ਦਾ ਸਮੁੱਚ, ਨਿਰਦੇਸ਼ਕ ਸਿੱਧਾਂਤ, ਵਿਸ਼ਵ ਦਾ ਨਿਯੰਤ੍ਰਕ ਨਿਯਮ ਆਦਿ ਅਰਥ ਕੀਤੇ ਹਨ। ਗੁਰੂ ਨਾਨਕ ਦੇਵ ਜੀ ਨੇ ਹੁਕਮ ਦੁਆਰਾ ਹੀ ਸ੍ਰਿਸ਼ਟੀ ਦੀ ਰਚਨਾ ਮੰਨ ਕੇ ਇਸ ਨੂੰ ਵਿਸ਼ਵ-ਵਿਆਪੀ ਨਿਯਮ ਸਿੱਧ ਕੀਤਾ ਹੈ। ਸ੍ਰਿਸ਼ਟੀ ਦੇ ਆਰੰਭ ਤੋਂ ਪਹਿਲਾਂ ਵੀ ਹੁਕਮ ਮੌਜੂਦ ਸੀ ("ਧਰਣਿ ਨ ਗਗਨਾ ਹੁਕਮੁ ਅਪਾਰਾ"[੧])। 'ਜਪੁ ਜੀ' ਅਨੁਸਾਰ ਹੁਕਮ ਤੋਂ ਹੀ ਸ੍ਰਿਸ਼ਟੀ ਦੇ ਸਾਰੇ ਆਕਾਰ ਹੋਂਦ ਵਿਚ ਆਉਂਦੇ ਹਨ। ਹੁਕਮ ਰਾਹੀਂ ਹੀ ਜੀਵਾਂ ਦੀ ਉਤਪਤੀ ਹੁੰਦੀ ਹੈ, ਉਨ੍ਹਾਂ ਨੂੰ ਵਡਿਆਈ ਮਿਲਦੀ ਹੈ, ਹੁਕਮ ਨਾਲ ਹੀ ਉਹ ਮਾੜੇ ਚੰਗੇ ਬਣਦੇ ਹਨ ਅਤੇ ਦੁੱਖ ਸੁੱਖ ਪ੍ਰਾਪਤ ਕਰਦੇ ਹਨ। ਹੁਕਮ ਨਾਲ ਹੀ ਉਹ ਬਖ਼ਸ਼ੇ ਜਾਂਦੇ ਹਨ, ਜਾਂ ਆਵਾਗਵਣ ਵਿਚ ਪੈਂਦੇ ਹਨ। ਸਾਰਾ ਸੰਸਾਰ ਹੁਕਮ-ਵੱਸ ਹੈ। ਸੱਚ ਤਾਂ ਇਹ ਹੈ ਕਿ ਸਾਰੀ ਸ੍ਰਿਸ਼ਟੀ ਹੁਕਮ ਦੇ ਪ੍ਰਭਾਵ ਵਿਚ ਹੈ, ਇਸ ਤੋਂ ਬਾਹਰ ਕੁਝ ਵੀ ਨਹੀਂ:

ਹੁਕਮੇ ਆਵੈ ਹੁਕਮੇ ਜਾਇ॥
ਆਗੈ ਪਾਛੈ ਹੁਕਮਿ ਸਮਾਇ॥੨॥੨॥ *(ਪੰਨਾ ੧੫੧)*

ਉਪਰੋਕਤ ਤੱਥਾਂ ਦੇ ਪ੍ਰਕਾਸ਼ ਵਿਚ ਹੁਕਮ ਦੇ ਸਰੂਪ ਅਤੇ ਸਮਰੱਥਾ ਨੂੰ ਕੁਝ ਵਿਸਥਾਰ ਨਾਲ ਵਿਚਾਰਨਾ ਉਚਿਤ ਹੋਵੇਗਾ। ਨਿਰਗੁਣ ਭਗਤੀ ਵਿਚ ਪਰਮਾਤਮਾ ਦਾ ਸਰੂਪ ਅਕਥਨੀ ਜਾਂ ਵਰਣਨ ਤੋਂ ਪਰੇ ਹੈ। ਉਸ ਵਰਣਨ ਤੋਂ ਪਰੇ ਪਰਮਾਤਮਾ ਦਾ ਹੁਕਮ ਵੀ ਗੁਰੂ ਨਾਨਕ ਦੇਵ ਜੀ ਅਨੁਸਾਰ ਵਰਣਨ ਤੋਂ ਪਰੇ ਹੈ। 'ਜਪੁ ਜੀ' ਵਿਚ "ਹੁਕਮੁ ਨ ਕਹਿਆ ਜਾਈ"[੨] ਦੀ ਸਥਾਪਨਾ ਹੋਈ ਹੈ। 'ਸਿਧ ਗੋਸਟਿ' ਵਿਚ ਹੁਕਮ ਦੀ ਅਕਥਨੀਅਤਾ ਲਈ ਗੁਰੂ ਜੀ ਨੇ 'ਬਿਸਮਾਦ' ਸ਼ਬਦ ਦੀ ਵਰਤੋਂ ਕੀਤੀ ਹੈ। ਇਸ ਨੂੰ ਨਾਮ ਦਾ ਸਮਾਨ-ਅਰਥਕ ਮੰਨਿਆ ਗਿਆ ਹੈ:

---

੧. ਮਾਰੂ ਮ: ੧, ਅੰਕ ੧, ਪੰਨਾ ੧੦੩੫.

੨. ਜਪੁ ਜੀ, ਪਉੜੀ ੨, ਪੰਨਾ ੧.

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥

(*ਪੰਨਾ ੭੨*)

ਗੁਰਬਾਣੀ ਅਨੁਸਾਰ ਨਾਮ ਪਰਮਾਤਮਾ ਦਾ ਵਾਚਕ ਸ਼ਬਦ ਹੈ। ਨਾਮ ਪਰਮਾਤਮਾ ਦੀਆਂ ਸਾਰੀਆਂ ਸਮਰਥਾਵਾਂ ਦਾ ਤੱਤ ਹੈ:

ਜੇਤਾ ਕੀਤਾ ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥...੧੯॥

(*ਪੰਨਾ ੪*)

ਅਤੇ ਬਾਕੀ ਸਾਰੀਆਂ ਸ਼ਕਤੀਆਂ ਇਸ ਦੇ ਅਧੀਨ ਹਨ ("ਸਰਬ ਜੋਤਿ ਨਾਮੈ ਕੀ y[illegible])। ਇਸ ਤਰ੍ਹਾਂ ਨਾਮ ਅਤੇ ਨਾਮੀ ਵਿਚ ਕੋਈ ਅੰਤਰ ਨਹੀਂ, ਪਰਸਪਰ ਅਭਿੰਨ ਹਨ। ਚੂੰਕਿ 'ਨਾਮ' 'ਹੁਕਮ' ਦਾ ਭਾਵ-ਬੋਧਕ ਹੈ, ਇਸ ਲਈ ਹੁਕਮ ਅਤੇ ਹੁਕਮੀ ਵਿਚ ਵੀ ਕੋਈ ਅੰਤਰ ਨਹੀਂ, ਦੋਵੇਂ ਪਰਸਪਰ ਅਭਿੰਨ ਹਨ।

ਜਿਵੇਂ ਪਰਮਾਤਮਾ ਅਸੀਮ ਅਤੇ ਅਨੰਤ ਹੈ, ਉਸੇ ਤਰ੍ਹਾਂ ਉਸ ਦੇ ਹੁਕਮ ਦਾ ਸਰੂਪ ਹੈ। ਉਹ ਕਿਤਨਾ ਅਨੰਤ ਹੈ, ਕਿਤਨਾ ਵਿਸ਼ਾਲ ਹੈ? ਇਸ ਦਾ ਅਨੁਮਾਨ ਕਰਨਾ ਵੀ ਸਰਲ ਨਹੀਂ। ਉਸ ਨੂੰ ਨਾ ਲਿਖਿਆ ਜਾ ਸਕਦਾ ਹੈ ਅਤੇ ਨਾ ਹੀ ਉਸ ਦਾ ਵਿਖਿਆਨ ਕੀਤਾ ਜਾ ਸਕਦਾ ਹੈ, ਭਾਵੇਂ ਸੈਂਕੜੇ ਕਵੀ ਇਕੱਠੇ ਕਰ ਲਏ ਜਾਣ, ਉਨ੍ਹਾਂ ਲਈ ਉਸ ਦਾ ਤਿਲ ਮਾਤਰ ਵਰਣਨ ਕਰ ਸਕਣਾ ਵੀ ਮੁਸ਼ਕਿਲ ਹੈ:

ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥
ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥੧॥

(*ਪੰਨਾ ੫੩*)

ਅਸਲ ਵਿਚ, ਸਭ ਦਿਨ ਰਾਤ, ਵਾਰ ਥਿਤ, ਰੁਤ ਮਾਸ, ਜਲ ਧਰਤੀ, ਵਾਯੂ ਅਗਨੀ, ਲੋਕ ਪਰਲੋਕ ਸਭ ਉੱਤੇ ਪਰਮਾਤਮਾ ਦਾ ਹੁਕਮ ਚੱਲਦਾ ਹੈ। ਸਾਰੀ ਸ੍ਰਿਸ਼ਟੀ, ਉਸ ਦੀ ਸਾਰੀ ਗਤਿ-ਵਿਧੀ, ਸਾਰੀਆਂ ਭੌਤਿਕ, ਅਭੌਤਿਕ ਸ਼ਕਤੀਆਂ ਹੁਕਮ ਅਧੀਨ ਹਨ। ਸਾਰੀ ਸ੍ਰਿਸ਼ਟੀ ਦਾ ਕਾਰਜ-ਵਿਧਾਨ ਵੀ ਹੁਕਮ ਦੁਆਰਾ ਸਿਰੇ ਚੜ੍ਹਦਾ ਹੈ ਅਤੇ ਉਸ ਸਭ ਵਿਚ ਪਰਮਾਤਮਾ ਵਿਆਪਤ ਹੈ।

ਹੁਕਮ ਦੀ ਪਛਾਣ ਕਿਵੇਂ ਕੀਤੀ ਜਾ ਸਕਦੀ ਹੈ? ਇਸ ਪ੍ਰਸ਼ਨ ਦਾ ਉੱਤਰ ਦਿੰਦਿਆਂ ਗੁਰੂ ਜੀ ਨੇ ਦੱਸਿਆ ਹੈ ਕਿ ਹੁਕਮ ਦਾ ਭੇਦ ਚਤੁਰਤਾ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ:

ਹਿਕਮਤਿ ਹੁਕਮਿ ਨ ਪਾਇਆ ਜਾਇ ॥...੧॥ਰਹਾਉ॥੧॥੩॥ (*ਪੰਨਾ ੬੬੧*)

ਇਸ ਦੀ ਪਛਾਣ ਸੱਚੇ ਗੁਰੂ ਦੁਆਰਾ ਹੁੰਦੀ ਹੈ:

ਸਾਚੇ ਗੁਰ ਤੇ ਹੁਕਮੁ ਪਛਾਨੁ ॥੨॥੬॥ (*ਪੰਨਾ ੪੧੪*)

ਕਿਉਂਕਿ ਗੁਰੂ ਦੀ ਕਿਰਪਾ ਇਸ ਦੀ ਪਛਾਣ ਲਈ ਅਤਿ ਜ਼ਰੂਰੀ ਹੈ। ਮੂਲ-ਮੰਤ੍ਰ ਵਿਚ ਪਰਮਾਤਮਾ ਦਾ ਜੋ ਸਰੂਪ ਚਿਤਰਿਆ ਗਿਆ ਹੈ, ਉਸ ਦੀ ਪ੍ਰਾਪਤੀ ਦਾ ਸਾਧਨ 'ਗੁਰ

---

੧. ਬਸੰਤੁ ਮਃ ੧ ਅਸਃ, ਅੰਕ ੨॥੧॥, ਪੰਨਾ ੧੧੮੭.

ਪ੍ਰਸਾਦਿ' ਦੱਸਿਆ ਗਿਆ ਹੈ। ਇਥੇ ਦੋ ਗੱਲਾਂ ਸਪੱਸ਼ਟ ਹਨ। ਇਕ ਇਹ ਕਿ ਪਰਮਾਤਮਾ (ਹੁਕਮੀ) ਅਤੇ ਹੁਕਮ ਵਿਚ ਕੋਈ ਅੰਤਰ ਨਹੀਂ, ਜਿਵੇਂ ਕਿਸੇ ਵਸਤੂ ਅਤੇ ਉਸ ਵਸਤੂ ਦੇ ਨਾਂ ਵਿਚ ਕੋਈ ਅੰਤਰ ਨਹੀਂ ਹੁੰਦਾ। ਦੂਜਾ ਇਹ ਕਿ ਪਰਮਾਤਮਾ ਨੂੰ ਪਛਾਣਨ ਜਾਂ ਪ੍ਰਾਪਤ ਕਰਨ ਦੀ ਪ੍ਰਕ੍ਰਿਆ ਵਾਂਗ ਹੁਕਮ ਦੀ ਪਛਾਣ ਜਾਂ ਪ੍ਰਾਪਤੀ ਗੁਰੂ ਦੀ ਕਿਰਪਾ ਦੁਆਰਾ ਹੀ ਸੰਭਵ ਹੈ।

ਜੋ ਵਿਅਕਤੀ ਹੁਕਮ ਦੀ ਪਛਾਣ ਕਰ ਲੈਂਦਾ ਹੈ, ਉਹ ਹੰਕਾਰ ਦੇ ਪ੍ਰਭਾਵ ਤੋਂ ਮੁਕਤ ਹੋ ਜਾਂਦਾ ਹੈ ("ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥"[੧]) ਅਤੇ ਉਹ ਸਤਿ ਸਰੂਪ ਪਰਮਾਤਮਾ ਵਿਚ ਹੀ ਸਮਾ ਜਾਂਦਾ ਹੈ ("ਬੂਝੈ ਹੁਕਮੁ ਸੋ ਸਾਚਿ ਸਮਾਵੈ॥"[੨])। ਮਨੁੱਖ ਦੇ ਜੀਵਨ ਦਾ ਸਰਬੋਤਮ ਮਨੋਰਥ ਪਰਮਾਤਮਾ ਵਿਚ ਸਮਾਉਣਾ ਹੈ, ਇਕ-ਮਿਕ ਹੋਣਾ ਹੈ, ਅਦਵੈਤ ਅਵਸਥਾ ਨੂੰ ਪ੍ਰਾਪਤ ਕਰਨਾ ਹੈ। ਇਸ ਅਵਸਥਾ ਨੂੰ ਪ੍ਰਾਪਤ ਕਰਨ ਲਈ ਪਰਮਾਤਮਾ ਦੇ ਹੁਕਮ ਨੂੰ ਮੰਨਣਾ ਜਗਿਆਸੂ ਲਈ ਲਾਜ਼ਮੀ ਹੈ :

ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥...੪॥੨੦॥ *(ਪੰਨਾ ੪੨੧)*

'ਜਪੁ ਜੀ' ਵਿੱਚੋਂ ਵੀ ਇਸ ਤੱਥ ਦੀ ਪੁਸ਼ਟੀ ਹੋ ਜਾਂਦੀ ਹੈ। 'ਜਪੁ ਜੀ' ਦੀ ਮੂਲ ਸਮੱਸਿਆ ਹੈ ਕਿ ਮਨੁੱਖ ਕਿਵੇਂ ਸਚਿਆਰ ਹੋ ਸਕਦਾ ਹੈ ਅਤੇ ਉਸ ਦੇ ਇਰਦ ਗਿਰਦ ਉਸਰੀ ਮਾਇਕ ਪ੍ਰਪੰਚ ਦੀ ਦੀਵਾਰ ਕਿਵੇਂ ਢਹਿ ਸਕਦੀ ਹੈ? ("ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥"[੩])। ਇਸ ਸਮੱਸਿਆ ਦਾ ਹੱਲ ਹੁਕਮ ਦੀ ਪਾਲਨਾ ਵਿਚ ਦੱਸਿਆ ਗਿਆ ਹੈ ("ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥"[੪])।

ਸਾਰਾਂਸ਼ ਇਹ ਕਿ ਪਰਮਾਤਮਾ ਦੇ ਹੁਕਮ ਨੂੰ ਮੰਨਣਾ ਪਰਮਾਤਮਾ ਨੂੰ ਹੀ ਮੰਨਣਾ ਹੈ। ਜੋ ਉਸਦੇ ਹੁਕਮ ਨੂੰ ਮੰਨ ਲੈਂਦੇ ਹਨ ਉਹ ਉਸ ਦੇ ਦੁਆਰ 'ਤੇ ਸੋਭਾਸ਼ਾਲੀ ਹੁੰਦੇ ਹਨ। ਜੋ ਅਭਿਮਾਨ-ਵੱਸ ਈਸ਼ਵਰੀ ਹੁਕਮ ਦੀ ਪਾਲਨਾ ਨਹੀਂ ਕਰਦੇ, ਉਹ ਖ਼ੁਆਰ ਹੁੰਦੇ ਹਨ :

ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ॥...੨॥੧੦॥

(ਪੰਨਾ ੯੯੨)

•

---

੧. ਜਪੁ ਜੀ, ਪਉੜੀ ੨, ਪੰਨਾ ੧.
੨. ਮਾਰੂ ਮ: ੧, ਅੰਕ ੧੬, ਪੰਨਾ ੧੦੨੫.
੩. ਜਪੁ ਜੀ, ਪਉੜੀ ੧, ਪੰਨਾ ੧.
੪. ਜਪੁ ਜੀ, ਪਉੜੀ ੧, ਪੰਨਾ ੧.

ਬੰਦਿ ਖਲਾਸੀ ਭਾਣੈ ਹੋਇ

ਗੁਰਬਾਣੀ ਵਿਚ ਰੱਬੀ ਭਾਣੇ ਨੂੰ ਮੰਨਣ 'ਤੇ ਬਹੁਤ ਬਲ ਦਿੱਤਾ ਗਿਆ ਹੈ। ਇਸ ਨੂੰ ਮੰਨਣ ਨਾਲ ਹੀ ਮੁਕਤੀ ਸੰਭਵ ਹੈ। 'ਭਾਣਾ' ਸ਼ਬਦ ਸੰਸਕ੍ਰਿਤ ਦੇ 'ਭਾਵਨਾ' ਤੋਂ ਬਣਿਆ ਪ੍ਰਤੀਤ ਹੁੰਦਾ ਹੈ। ਇਸ ਦਾ ਅਰਥ ਹੈ—ਈਸ਼ਵਰੀ ਇੱਛਾ। ਭਾਈ ਕਾਨ੍ਹ ਸਿੰਘ ਜੀ ਨੇ ਇਸ ਦਾ ਅਰਥ ਕੀਤਾ ਹੈ—ਕਰਤਾਰ ਦਾ ਹੁਕਮ (ਭਾਵਨ), ਉਹ ਬਾਤ ਜੋ ਕਰਤਾਰ ਨੂੰ ਭਾਈ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਇਸ ਨੂੰ 'ਕਰਤਾਰ ਦੀ ਰਜ਼ਾ' ਵੀ ਕਿਹਾ ਹੈ। ਇਸ ਤਰ੍ਹਾਂ 'ਭਾਣਾ' ਅਤੇ 'ਰਜ਼ਾ' ਈਸ਼ਵਰੀ ਇੱਛਾ ਲਈ ਵਰਤੇ ਜਾਣ ਕਰਕੇ ਸਮਾਨ-ਅਰਥਕ ਸ਼ਬਦ ਸਿੱਧ ਹੁੰਦੇ ਹਨ।

'ਰਜ਼ਾ' ਅਰਬੀ ਦਾ ਸ਼ਬਦ ਹੈ ਅਤੇ 'ਲੁਗ਼ਾਤੇ ਫ਼ੀਰੋਜ਼ੀ' ਅਨੁਸਾਰ ਇਸ ਦਾ ਅਰਥ ਹੈ—ਖ਼ੁਸ਼ਨੂਦੀ, ਖ਼ੁਸ਼ੀ, ਰਜ਼ਾਮੰਦੀ। ਭਾਵੇਂ ਕੁਰਾਨਿਕ ਸਾਹਿੱਤ ਵਿਚ ਇਸ ਸ਼ਬਦ ਦੀ ਵਰਤੋਂ ਹੋਈ ਹੈ, ਪਰ ਸੂਫ਼ੀ ਸਾਧਕਾਂ ਨੇ ਆਪਣੇ ਈਸ਼ਵਰੀ ਪ੍ਰੇਮ ਨਾਲ ਇਸ ਨੂੰ ਬਹੁਤ ਸਿੰਜਿਆ ਹੈ। ਪ੍ਰੋ: ਗੁਰਬਚਨ ਸਿੰਘ ਤਾਲਿਬ ਨੇ ਸੂਫ਼ੀ ਵਿਚਾਰਧਾਰਾ ਵਿਚ 'ਰਜ਼ਾ' ਨੂੰ ਰੱਬੀ ਹੁਕਮ ਦੇ ਤਾਬੇ ਰਹਿਣ, ਮੰਨਣ, ਸਵੀਕਾਰ ਕਰਨ ਦੇ ਅਰਥਾਂ ਵਿਚ ਵਰਤਿਆ ਗਿਆ ਦੱਸਿਆ ਹੈ। 'ਕਸ਼ਫ਼ੁਲ ਮਹਿਜੂਬ' ਅਨੁਸਾਰ ਸੂਫ਼ੀ ਦੀਆਂ ਚੰਗੀਆਂ ਸਿਫ਼ਤਾਂ ਦੋ ਹਨ—ਰਜ਼ਾ ਅਤੇ ਸਬਰ। ਰਜ਼ਾ ਤਪੱਸਿਆ ਤੋਂ ਵੀ ਉਪਰ ਹੈ, ਕਿਉਂਕਿ ਤਪੱਸਿਆ ਵਿਚ ਕਿਸੇ ਉਚੇਰੀ ਅਧਿਆਤਮਿਕ ਅਵਸਥਾ ਦੀ ਪ੍ਰਾਪਤੀ ਦੀ ਖ਼ਾਹਿਸ਼ ਹੁੰਦੀ ਹੈ, ਪਰ ਰਜ਼ਾ ਵਿਚ ਰਹਿਣ ਜਾਂ ਮੰਨਣ ਦੀ ਅਵਸਥਾ ਉੱਤੇ ਪੁੱਜ ਕੇ ਸਭ ਸੰਕਲਪ ਵਿਕਲਪ ਮਿਟ ਜਾਂਦੇ ਹਨ।

ਜਦੋਂ ਸੂਫ਼ੀ ਸਾਧਕ ਪੰਜਾਬ ਅਤੇ ਭਾਰਤ ਦੇ ਹੋਰਨਾਂ ਇਲਾਕਿਆਂ ਵਿਚ ਆਏ ਤਾਂ ਉਨ੍ਹਾਂ ਨੇ ਮਜ਼ਬੀ ਕੱਟੜਪੁਣੇ ਤੋਂ ਉੱਚੇ ਉਠ ਕੇ ਆਪਣੇ ਧਰਮ ਦਾ ਪ੍ਰਚਾਰ ਕੀਤਾ ਅਤੇ ਮਾਨਵਤਾ ਨੂੰ ਨੈਤਿਕ, ਸਦਾਚਾਰਕ ਸਿਖਿਆ ਅਤੇ ਉਪਦੇਸ਼ ਦਿੱਤੇ। ਉਨ੍ਹਾਂ ਨੇ ਸਭ ਪਾਸੇ ਪ੍ਰੇਮ-ਭਾਵ ਦਾ ਵਰਤਾਰਾ ਕੀਤਾ ਅਤੇ ਈਸ਼ਵਰੀ ਰਜ਼ਾ ਨੂੰ ਵਿਸ਼ੇਸ਼ ਮਹੱਤਵ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਸੂਫ਼ੀਆਂ ਦੇ ਇਸ ਭਾਵ-ਭਿੰਨੇ ਸ਼ਬਦ ਨੂੰ ਆਪਣੇ ਜੀਵਨ-ਦਰਸ਼ਨ ਵਿਚ ਵਿਸ਼ੇਸ਼ ਸਥਾਨ ਅਤੇ ਪਰਿਭਾਸ਼ਿਕਤਾ ਪ੍ਰਦਾਨ ਕੀਤੀ।

ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਗੁਰਬਾਣੀ ਵਿਚ 'ਭਾਣਾ' ਅਤੇ 'ਰਜ਼ਾ' ਸਮਾਨ-ਅਰਥਕ ਸ਼ਬਦਾਂ ਵਜੋਂ ਵਰਤੇ ਗਏ ਹਨ, ਜਿਵੇਂ:

ਤੇਰਾ ਭਾਣਾ ਸਭੁ ਕਿਛੁ ਹੋਵੈ ॥...੧॥ਰਹਾਉ॥੨੪॥ *(ਪੰਨਾ ੩੫੬)*

ਜੋ ਕਿਛੁ ਵਰਤੈ ਸਭ ਤੇਰਾ ਭਾਣਾ ॥...੩॥੬੬॥ *(ਪੰਨਾ ੧੯੩)*

ਵਰਤੈ ਸਭ ਕਿਛੁ ਤੇਰਾ ਭਾਣਾ ॥...੩॥੧੪॥ (ਪੰਨਾ ੯੮)

ਕੀਤਾ ਕਰਣਾ ਸਰਬ ਰਜਾਇ ॥੨॥੨॥ (ਪੰਨਾ ੪੬੩)

ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥ਰਹਾਉ॥੫॥ (ਪੰਨਾ ੧੩੨੮)

ਜੋ ਕਿਛੁ ਕੀਨੋ ਸੁ ਪ੍ਰਭੂ ਰਜਾਇ ॥...੭॥੪॥ (ਪੰਨਾ ੧੨੭੫)

ਕਈਆਂ ਪ੍ਰਸੰਗਾਂ ਵਿਚ ਤਾਂ ਇਹ ਦੋਵੇਂ ਸ਼ਬਦ ਇੱਕੋ ਤੁਕ ਵਿਚ ਸਮਾਨ-ਅਰਥ ਵਿਚ ਵਰਤੇ ਮਿਲ ਜਾਂਦੇ ਹਨ:

ਜੋ ਤੁਧੁ ਭਾਵੈ ਸੋ ਭਲਾ ਪਿਆਰੇ ਤੇਰੀ ਅਮਰੁ ਰਜਾਇ ॥੭॥੨॥ (ਪੰਨਾ ੪੩੨)

ਜੋ ਲੋਕ ਭਾਣੇ ਨੂੰ ਮੰਨ ਲੈਂਦੇ ਹਨ, ਜਾਂ ਭਾਣੇ ਦੇ ਰਸ ਦਾ ਸੁਆਦ ਮਾਣ ਲੈਂਦੇ ਹਨ, ਉਨ੍ਹਾਂ ਦੇ ਮਨ ਵਿਚੋਂ ਮਾਇਆ ਦਾ ਭਰਮ ਨਸ਼ਟ ਹੋ ਜਾਂਦਾ ਹੈ:

ਜਿਨਾ ਭਾਣੇ ਕਾ ਰਸੁ ਆਇਆ ॥
ਤਿਨ ਵਿਚਹੁ ਭਰਮੁ ਚੁਕਾਇਆ ॥...੧੦॥ (ਪੰਨਾ ੭੨)

ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਭਾਣੇ ਵਿਚ ਹੀ ਮਨੁੱਖ ਦੇ ਦੁੱਖ ਸੁੱਖ ਦੀ ਕਲਪਨਾ ਕੀਤੀ ਹੈ। ਉਸ ਦੇ ਭਾਣੇ ਨਾਲ ਹੀ ਮੁਕਤੀ ਅਤੇ ਭਵ-ਬੰਧਨ ਪ੍ਰਾਪਤ ਹੁੰਦੇ ਹਨ:

ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥...
ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ ॥ (ਪੰਨਾ ੭੬੨)

ਗੁਰੂ ਅਰਜਨ ਦੇਵ ਜੀ ਨੇ ਵੀ ਇਸੇ ਗੱਲ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਪਰਮਾਤਮਾ ਦੇ ਭਾਣੇ ਨਾਲ ਹੀ ਆਵਾਗਵਣ ਵਿਚ ਪਈਦਾ ਹੈ ਅਤੇ ਭਾਣੇ ਰਾਹੀਂ ਹੀ ਉਹ ਬਖ਼ਸ਼ਿਸ਼ ਕਰਦਾ ਹੈ, ਭਾਣੇ ਨਾਲ ਹੀ ਦੁੱਖ ਸੁੱਖ ਦਾ ਭੋਗ ਕਰਨਾ ਪੈਂਦਾ ਹੈ ਅਤੇ ਭਾਣੇ ਨਾਲ ਹੀ ਮਿਹਰ ਦੀ ਦ੍ਰਿਸ਼ਟੀ ਹੁੰਦੀ ਹੈ, ਭਾਣੇ ਨਾਲ ਹੀ ਪੰਜ-ਭੌਤਿਕ ਸਰੀਰ ਹੋਂਦ ਧਾਰਨ ਕਰਦਾ ਹੈ ਅਤੇ ਉਸ ਵਿਚ ਬ੍ਰਹਮ ਜੋਤਿ ਦਾ ਪ੍ਰਕਾਸ਼ ਹੁੰਦਾ ਹੈ, ਭਾਣੇ ਨਾਲ ਹੀ ਨਰਕ-ਸਵਰਗ ਦੀ ਪ੍ਰਾਪਤੀ ਹੁੰਦੀ ਹੈ ਅਤੇ ਭਾਣੇ ਨਾਲ ਹੀ ਵਿਅਕਤੀ ਹਰਿ-ਭਗਤੀ ਵਿਚ ਲੀਨ ਹੁੰਦਾ ਹੈ:

ਭਾਣੈ ਜੋਨਿ ਭਵਾਈਐ ਭਾਣੈ ਬਖਸ ਕਰੇਇ ॥...੨॥੧੨॥ (ਪੰਨਾ ੯੬੩)

ਸਾਫ਼ ਹੈ ਕਿ ਗੁਰਬਾਣੀ ਵਿਚ ਭਾਣਾ (ਰਜ਼ਾ) ਈਸ਼ਵਰੀ ਇੱਛਾ ਦੀ ਭਾਵ-ਭੂਮੀ ਦਾ ਲਖਾਇਕ ਸ਼ਬਦ ਹੈ। ਪਰ ਕਈਆਂ ਥਾਵਾਂ 'ਤੇ 'ਹੁਕਮ' ਸ਼ਬਦ ਦੀ ਵਰਤੋਂ ਵੀ 'ਭਾਣਾ' ਜਾਂ 'ਰਜ਼ਾ' ਸ਼ਬਦਾਂ ਦੇ ਨਾਲ ਹੋਈ ਮਿਲਦੀ ਹੈ ਅਤੇ ਪਰਸਪਰ ਇਕ ਦੂਜੇ ਦੀ ਪੁਸ਼ਟੀ ਹੁੰਦੀ ਹੈ:

ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥
ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥...੩॥ (ਪੰਨਾ ੯੩੮)

ਇਸ ਲਈ ਇਥੇ 'ਹੁਕਮ' ਸ਼ਬਦ ਬਾਰੇ ਕੁਝ ਵਿਚਾਰ ਕਰ ਲੈਣਾ ਉਚਿਤ ਹੋਵੇਗਾ। 'ਹੁਕਮ' ਅਰਬੀ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ—ਫ਼ੁਰਮਾਨ, ਆਗਿਆ, ਆਦੇਸ਼। ਪਰ ਗੁਰਬਾਣੀ ਵਿਚ ਵਰਤੇ ਇਸ ਸ਼ਬਦ ਦੇ ਵਿਦਵਾਨਾਂ ਨੇ ਅਰਥ ਕਰਦਿਆਂ ਇਸ ਨੂੰ ਈਸ਼ਵਰੀ ਇੱਛਾ, ਸ੍ਰਿਸ਼ਟੀ ਵਿਧਾਨ, ਦੈਵੀ ਵਿਧਾਨ ਆਦਿ ਕਿਹਾ ਹੈ। 'ਜਪੁ ਜੀ' ਵਿਚ "ਹੁਕਮੁ ਨ ਕਹਿਆ ਜਾਈ॥"[1] ਅਨੁਸਾਰ ਇਹ ਅਕਥਨੀਯ ਹੈ ਸਗੋਂ "ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥"[2] ਤਕ ਕਹਿ ਦਿੱਤਾ ਗਿਆ ਹੈ। ਇਸ ਤਰ੍ਹਾਂ ਗੁਰਬਾਣੀ ਵਿਚ ਕਈਆਂ ਥਾਵਾਂ 'ਤੇ ਭਾਣਾ, ਰਜ਼ਾ ਅਤੇ ਹੁਕਮ ਸਮਾਨ-ਅਰਥਕ ਰੂਪ ਵਿਚ ਵਰਤੇ ਮਹਿਸੂਸ ਹੁੰਦੇ ਹਨ। ਇਸ ਸੰਬੰਧ ਵਿਚ ਪ੍ਰੋ: ਗੁਰਬਚਨ ਸਿੰਘ ਤਾਲਿਬ ਦੀ ਧਾਰਨਾ ਹੈ ਕਿ 'ਭਾਣਾ' ਦਾ ਅਰਥ ਹੈ ਜੋ ਪ੍ਰਭੂ ਨੂੰ ਭਾਵੇ, ਅਰਥਾਤ, ਉਸ ਦੀ ਇੱਛਾ, ਜਿਸ ਦੇ ਮਰਮ, ਰਹੱਸ ਅਤੇ ਭੇਤ ਦਾ ਮਾਨਵੀ ਬੁੱਧੀ ਨੂੰ ਪਤਾ ਨਹੀਂ। ਇਹ ਸ਼ਬਦ 'ਭਾਣਾ' ਹੁਕਮ ਦੇ ਸੰਕਲਪ ਦੀ ਕੁਝ ਵਿਆਖਿਆ ਕਰਦਾ ਹੈ। 'ਹੁਕਮ' ਰੱਬੀ ਭਾਵਨਾ ਉਪਰ ਆਧਾਰਿਤ ਹੈ, ਅਰਥਾਤ, ਦੈਵੀ ਮਨ ਦਾ ਨਿਸਚਾ ਜਾਂ ਨਿਯਮ; ਭਾਣਾ ਉਸੇ ਕਲਪਨਾ ਦਾ ਇੱਛਾ ਦੇ ਰੂਪ ਵਿਚ ਪ੍ਰਗਟਾਉ ਹੈ।

ਪਰ ਇਕ ਹੋਰ ਵਿਦਵਾਨ ਨੇ 'ਹੁਕਮ' ਅਤੇ 'ਰਜ਼ਾ' (ਭਾਣਾ) ਦੇ ਅਰਥਗਤ ਭੇਦ ਨੂੰ ਸਪੱਸ਼ਟ ਕਰਦਿਆਂ ਦੱਸਿਆ ਹੈ ਕਿ 'ਹੁਕਮ' ਦੁਆਰਾ ਸ੍ਰਿਸ਼ਟੀ ਦੀ ਉਤਪਤੀ ਹੁੰਦੀ ਹੈ ਅਤੇ ਰਜ਼ਾ ਦੁਆਰਾ ਸਿਰਜੇ ਗਏ ਬ੍ਰਹਮੰਡ ਦੀ ਪਾਲਣਾ ਜਾਂ ਸੰਭਾਲ ਹੁੰਦੀ ਹੈ। ਪਰ ਗੁਰੂ ਅਰਜਨ ਦੇਵ ਜੀ ਨੇ ਸੰਸਾਰ ਦੀ ਉਤਪਤੀ ਤੋਂ ਲੈ ਕੇ ਉਸ ਦੀ ਪਾਲਣਾ, ਸੰਭਾਲ ਅਤੇ ਵਿਨਾਸ਼ ਤਕ ਦੀ ਸਾਰੀ ਕਾਰਵਾਈ ਹੁਕਮ ਅਧੀਨ ਮੰਨੀ ਹੈ :

ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ॥
ਹੁਕਮੇ ਪਰਪੰਚੁ ਪਸਰਿਆ ਹੁਕਮਿ ਕਰੇ ਰਸ ਭੋਗ ਜੀਉ॥...੩॥੧॥੩॥

(ਪੰਨਾ ੭੬੦)

ਇਕ ਹੋਰ ਵਿਦਵਾਨ ਨੇ ਇਨ੍ਹਾਂ ਸ਼ਬਦਾਂ ਦੀ ਅਰਥ ਸੰਬੰਧੀ ਸੂਖਮਤਾ ਉੱਤੇ ਪ੍ਰਕਾਸ਼ ਪਾਉਂਦਿਆਂ ਕਿਹਾ ਹੈ ਕਿ ਭਾਣਾ ਮੰਨਣਾ ਤੇ ਰਜ਼ਾ ਵਿਚ ਰਹਿਣਾ ਅਸਲ ਵਿਚ ਹੁਕਮ ਮੰਨਣਾ ਹੀ ਹੈ। ਪਰ ਭਾਣਾ ਮੰਨਣ ਜਾਂ ਰਜ਼ਾ ਵਿਚ ਰਹਿਣ ਵਾਲੇ ਸਾਧਕ ਦੀ ਮਾਨਸਿਕ ਤੇ ਰੂਹਾਨੀ ਪ੍ਰਤਿਭਾ ਉਸ ਨੂੰ ਕੇਵਲ 'ਹੁਕਮ' ਤਕ ਸੀਮਿਤ ਨਹੀਂ ਰਹਿਣ ਦਿੰਦੀ, ਵਿਸ਼ਾਲਤਾ ਵੱਲ ਲੈ ਜਾਂਦੀ ਹੈ। ਪਰਮਾਤਮਾ ਦੀ ਆਗਿਆ ਭਾਵਨਾ ਤੋਂ ਨਿਰਲੇਪ ਹੋ ਕੇ ਇਕ ਨਿਰਜਿੰਦ ਵਸਤੂ ਵਾਂਗ ਮੰਨਣਾ 'ਹੁਕਮ' ਵਿਚ ਵਿਚਰਨਾ ਹੈ; ਪਰ ਜੇ ਸਾਧਕ ਆਗਿਆ ਚਾਅ ਨਾਲ ਤੇ ਪਿਆਰ ਨਾਲ ਮੰਨ ਰਿਹਾ ਹੋਵੇ, ਤਾਂ ਉਹ ਭਾਣੇ ਵਿਚ ਵਿਚਰ ਰਿਹਾ ਹੁੰਦਾ ਹੈ।

ਪਰੰਤੂ ਇਹ ਅੰਤਰ ਸਹੀ ਨਹੀਂ, ਕਿਉਂਕਿ 'ਹੁਕਮ', 'ਭਾਣਾ' ਜਾਂ 'ਰਜ਼ਾ' ਦਾ ਸੰਬੰਧ ਪਰਮਾਤਮਾ ਨਾਲ ਹੈ, ਮਨੁੱਖ ਨਾਲ ਨਹੀਂ; ਨਾ ਹੀ ਮਨੁੱਖ ਇਨ੍ਹਾਂ ਦੇ ਸਰੂਪ ਜਾਂ ਪ੍ਰਭਾਵ ਵਿਚ ਕੋਈ ਆਪਣਾ ਯੋਗਦਾਨ ਦੇ ਸਕਦਾ ਹੈ। ਇਥੇ ਮਨੁੱਖ ਦੀ ਚਾਹ ਜਾਂ

---

੧. ਜਪੁ ਜੀ, ਪਉੜੀ ੨, ਪੰਨਾ ੧.
੨. ਜਪੁ ਜੀ, ਪਉੜੀ ੧, ਪੰਨਾ ੧.

ਆਪਣੇਪਨ ਦੀ ਭਾਵਨਾ ਦੀ ਹੋਂਦ ਦੀ ਗੱਲ ਹੀ ਨਹੀਂ ਹੈ। ਇਨ੍ਹਾਂ ਦੀ ਵਰਤੋਂ ਵਿਚ ਇੱਕੋ ਪਰਮ ਸ਼ਕਤੀ ਦੀ ਕਲਪਨਾ ਹੈ, ਉਸ ਵਿਚ ਕਿਸੇ ਪ੍ਰਕਾਰ ਦਾ ਕੋਈ ਬਦਲ ਕਰਨ ਦੀ ਸਮਰੱਥਾ ਮਨੁੱਖ ਵਿਚ ਨਹੀਂ ਹੈ। ਇਸ ਵਾਸਤੇ ਇਨ੍ਹਾਂ ਤਿੰਨਾਂ ਵਿਚ ਕੋਈ ਤਾਤਵਿਕ ਅੰਤਰ ਨਹੀਂ ਹੈ ਸਗੋਂ ਪਰਸਪਰ ਨਿਰਭਰਤਾ ਹੈ। 'ਹੁਕਮ' ਤੋਂ ਪਹਿਲਾਂ ਇੱਛਾ ਦਾ ਹੋਣਾ ਲਾਜ਼ਮੀ ਹੈ, ਬਿਨਾਂ ਇੱਛਾ 'ਹੁਕਮ' ਦੇ ਉਪਜਣ ਦਾ ਕਾਰਣ ਹੀ ਨਹੀਂ ਰਹਿੰਦਾ। ਇਨ੍ਹਾਂ ਵਿਚ ਜੇ ਕੋਈ ਅੰਤਰ ਹੈ ਤਾਂ ਉਸ ਦਾ ਸੰਬੰਧ ਕੇਵਲ ਪ੍ਰਕਾਰਜ (function) ਨਾਲ ਹੈ। 'ਰਜ਼ਾ' ਜਾਂ 'ਭਾਣਾ' ਪਰਮਾਤਮਾ ਦੀ ਇਕ ਸਹਿਜ ਬਿਰਤੀ ਹੈ। ਜਦੋਂ ਇਹ ਬਿਰਤੀ ਆਪਣੀ ਸਹਿਜ ਅਵਸਥਾ ਤੋਂ ਉਭਰ ਕੇ ਕੋਈ ਰੂਪ ਧਾਰਦੀ ਹੈ ਜਾਂ ਕ੍ਰਿਆਤਮਿਕ ਹੁੰਦੀ ਹੈ ਤਾਂ 'ਹੁਕਮ' ਬਣ ਜਾਂਦੀ ਹੈ।

ਜੇ ਫ਼ਲਸਫ਼ੇ ਦੇ ਪ੍ਰਸੰਗ ਵਿਚ ਇਨ੍ਹਾਂ ਦਾ ਸੰਬੰਧ ਜਾਂ ਅੰਤਰ ਦੱਸੀਏ ਤਾਂ 'ਰਜ਼ਾ' ਜਾਂ 'ਭਾਣਾ' ਦਾ 'ਹੁਕਮ' ਨਾਲ ਕਾਰਣ-ਕਾਰਜ ਦਾ ਸੰਬੰਧ ਹੈ, ਜਿਵੇਂ ਸੋਨਾ (ਕਾਰਣ) ਅਤੇ ਗਹਿਣਾ (ਕਾਰਜ), ਜਾਂ ਜਲ (ਕਾਰਣ) ਅਤੇ ਜਲ-ਤਰੰਗ (ਕਾਰਜ), ਜਾਂ ਮਿੱਟੀ (ਕਾਰਣ) ਅਤੇ ਘੜਾ (ਕਾਰਜ) ਵਿਚ ਕਿਸੇ ਪ੍ਰਕਾਰ ਦਾ ਕੋਈ ਤਾਤਵਿਕ ਅੰਤਰ ਨਹੀਂ, ਕੇਵਲ ਰੂਪ-ਆਕਾਰ ਦਾ ਅੰਤਰ ਹੈ, ਉਸੇ ਤਰ੍ਹਾਂ 'ਰਜ਼ਾ' ਜਾਂ 'ਭਾਣਾ' (ਕਾਰਣ) ਅਤੇ 'ਹੁਕਮ' (ਕਾਰਜ) ਵਿਚ ਵੀ ਕੋਈ ਬੁਨਿਆਦੀ ਅੰਤਰ ਨਹੀਂ। ਪਰ ਚੂੰਕਿ ਉਪਰੋਕਤ ਗਹਿਣੇ, ਜਲ-ਤਰੰਗ ਜਾਂ ਘੜੇ (ਕਾਰਜ) ਦਾ ਵਿਵਹਾਰਿਕ ਮਹੱਤਵ ਹੈ ਅਤੇ ਰੂਪ-ਆਕਾਰ ਰਾਹੀਂ ਅੰਤਰ ਭਾਸਦਾ ਹੈ, ਉਸੇ ਤਰ੍ਹਾਂ 'ਹੁਕਮ' (ਕਾਰਜ) ਦਾ ਵੀ ਰਜ਼ਾ ਜਾਂ ਭਾਣੇ (ਕਾਰਣ) ਤੋਂ ਵਿਵਹਾਰਿਕ ਤੌਰ 'ਤੇ ਅੰਤਰ ਹੈ। ਇਸ ਤਰ੍ਹਾਂ 'ਹੁਕਮ' ਪਰਮਾਤਮਾ ਦੀ ਰਜ਼ਾ ਜਾਂ ਭਾਣੇ ਨੂੰ ਕ੍ਰਿਆਤਮਿਕ ਰੂਪ ਜਾਂ ਰੂਪ-ਆਕਾਰ ਦੇਣ ਵਾਲਾ ਅਨੁਸ਼ਾਸਨਿਕ ਵਿਧਾਨ ਹੈ।

ਇਸ ਚਰਚਾ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਰੱਬ ਦੇ ਭਾਣੇ ਜਾਂ ਰਜ਼ਾ ਵਿਚ ਰਹਿਣਾ ਹੀ ਮਨੁੱਖ ਦਾ ਸਭ ਤੋਂ ਸ੍ਰੇਸ਼ਟ ਕਰਮ ਹੈ। ਇਹੀ ਉਸ ਨੂੰ ਪਰਮਾਤਮਾ ਨਾਲ ਅਦਵੈਤ ਅਵਸਥਾ ਦੀ ਪ੍ਰਾਪਤੀ ਕਰਾਉਂਦਾ ਹੈ। ਇਹੀ ਭਾਣਾ ਹੁਕਮ ਰਾਹੀਂ ਪ੍ਰਗਟ ਹੋ ਕੇ ਪਰਮਾਤਮਾ ਦੀ ਇੱਛਾ ਦਾ ਸਹਿਜ ਤੋਂ ਵਿਸ਼ੇਸ਼ ਵੱਲ ਦੀ ਯਾਤਰਾ ਦਾ ਬੋਧ ਕਰਾਉਂਦਾ ਹੈ:

ਜੋ ਕਿਛੁ ਵਰਤੈ ਸਭ ਤੇਰਾ ਭਾਣਾ॥
ਹੁਕਮੁ ਬੂਝੈ ਸੋ ਸਚਿ ਸਮਾਣਾ॥੩॥੧੩੫॥ *(ਪੰਨਾ ੧੯੩)*

•

ਭੈ ਤੇ ਨਿਰਭਉ ਪਾਈਐ

ਪਰਮਾਤਮਾ ਦੇ ਭੈ ਵਿਚ ਰਹਿਣ ਜਾਂ ਸੰਸਾਰਿਕ ਯਾਤਰਾ ਕਰਨ ਵੇਲੇ ਪਰਮਾਤਮਾ ਤੋਂ ਡਰਨ ਦੀ ਗੱਲ ਬਹੁਤ ਸਾਰੇ ਧਰਮ-ਗ੍ਰੰਥਾਂ ਵਿਚ ਲਿਖੀ ਮਿਲਦੀ ਹੈ। ਗੁਰਬਾਣੀ ਵਿਚ ਵੀ ਪਰਮਾਤਮਾ ਤੋਂ ਡਰਨ ਦੀ ਥਾਂ ਥਾਂ ਤਾਕੀਦ ਕੀਤੀ ਗਈ ਹੈ। ਇਸ ਤੋਂ ਬਿਨਾਂ ਪਰਮਾਤਮਾ ਦੀ ਭਗਤੀ ਜਾਂ ਉਸ ਨਾਲ ਪ੍ਰੇਮ ਸਥਾਪਿਤ ਹੋਣ ਦੀ ਗੱਲ ਸੰਭਵ ਹੀ ਨਹੀਂ ਹੋ ਸਕਦੀ, ਕਿਉਂਕਿ :

ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥੫॥ *(ਪੰਨਾ ੪੬੫)*

ਈਸ਼ਵਰੀ ਸ਼ਕਤੀ ਜਾਂ ਇਸ਼ਟ-ਦੇਵ ਤੋਂ ਡਰਨ ਦੀ ਗੱਲ ਦਾ ਪਿਛੋਕੜ ਲੱਭਣ ਵੇਲੇ ਸਾਨੂੰ ਪ੍ਰਤੀਤ ਹੁੰਦਾ ਹੈ ਕਿ ਸ਼ੈਵ ਮਤ ਵਿਚ ਭੈ ਦੇ ਭਾਵ ਦੀ ਚਰਚਾ ਹੋਈ ਹੈ। ਉਥੇ ਮ੍ਰਿਤੂ ਦੇਵਤਾ ਅਤੇ ਤਿੰਨ ਪ੍ਰਕਾਰ ਦੇ ਕਸ਼ਟਾਂ ਨੂੰ ਨਸ਼ਟ ਕਰਨ ਵਾਲੇ ਸ਼ਿਵ ਦੀ ਕਲਪਣਾ ਕੀਤੀ ਗਈ ਹੈ। ਉਸ ਨੂੰ ਪ੍ਰਸੰਨ ਰੱਖਣ ਲਈ, ਉਸ ਦੀ ਉਪਾਸ਼ਨਾ ਵਿਚ ਭੈ ਦੇ ਭਾਵ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਸਾਮੀ ਧਰਮਾਂ ਵਿੱਚੋਂ ਇਸਲਾਮ ਰੱਬ ਦੇ ਡਰ ਦੀ ਗੱਲ ਵਧੇਰੀ ਸਪੱਸ਼ਟਤਾ ਨਾਲ ਕਰਦਾ ਹੈ। ਕੁਰਾਨ ਸ਼ਰੀਫ਼ ਵਿਚ ਖ਼ੁਦਾ ਤੋਂ ਡਰਦੇ ਰਹਿਣ ਲਈ ਚੇਤਾਵਨੀ ਦਿੱਤੀ ਗਈ ਹੈ, ਕਿਉਂਕਿ ਮਾੜੇ ਕਰਮ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਇਸਲਾਮ ਵਿਚ ਰੱਬ ਦਾ ਸੰਕਲਪ 'ਜਬਾਰ' (ਜਬਰ ਵਾਲਾ) ਤੇ 'ਕਹਾਰ' (ਕਹਿਰ ਵਾਲਾ) ਵੀ ਹੈ, ਜਿਸ ਤੋਂ ਭੈ ਦੀ ਉਤਪਤੀ ਹੋਣੀ ਸੁਭਾਵਿਕ ਹੈ।

ਗੁਰਬਾਣੀ ਵਿਚ ਰੱਬ ਦੇ ਭੈ ਦਾ ਸੰਕਲਪ ਨਾ ਸ਼ੈਵ ਮਤ ਵਾਲਾ ਹੈ ਅਤੇ ਨਾ ਹੀ ਇਸਲਾਮ ਦੇ ਅੱਲਾਹ ਦੇ ਭੈ ਵਰਗਾ ਹੈ। ਇਸ ਦਾ ਰੂਪ ਪਰੰਪਰਾਗਤ ਭੈ-ਭਾਵ ਤੋਂ ਵੱਖਰਾ ਅਤੇ ਸੁਤੰਤਰ ਚਿੰਤਨ 'ਤੇ ਆਧਾਰਿਤ ਹੈ। ਇਸ ਤੋਂ ਭਾਵ ਹੈ—ਸੰਸਾਰਿਕ ਕਾਰਜ-ਵਿਧਾਨ ਪ੍ਰਤਿ ਅਨੁਸ਼ਾਸਨ ਜਾਂ ਮਰਯਾਦਾ ਵਿਚ ਰਹਿਣਾ ਅਤੇ ਉਸ ਨੂੰ ਸਿਰ ਮੱਥੇ ਮੰਨ ਕੇ ਸੰਸਾਰਿਕ ਯਾਤਰਾ ਕਰਨਾ। ਇਸ ਪ੍ਰਕਾਰ ਦੇ ਡਰ ਵਿਚ ਅਸਲੋਂ ਸਾਰੀ ਸ੍ਰਿਸ਼ਟੀ, ਸਾਰਾ ਬ੍ਰਹਿਮੰਡ, ਸਾਰੀ ਸੰਸਾਰਿਕ ਗਤੀ-ਵਿਧੀ, ਸਾਰੀ ਮਖ਼ਲੂਕ ਅਦਬ ਵਿਚ ਖੜੋਤੀ ਪਾਲਨਾ ਕਰਨ ਲਈ ਤਤਪਰ ਹੈ :

ਭੈ ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥...੧॥੪॥ *(ਪੰਨਾ ੪੬੪)*

ਭੈ ਦੇ ਸਰੂਪ ਨੂੰ ਸਪੱਸ਼ਟ ਕਰਦਿਆਂ ਹੋਇਆਂ ਗੁਰੂ ਨਾਨਕ ਦੇਵ ਜੀ ਨੇ ਭੈ ਦੇ

ਪ੍ਰਕਾਰ ਦਾ ਦੱਸਿਆ ਹੈ—ਇਕ ਸੰਸਾਰਿਕ ਭੈ ਅਤੇ ਦੂਜਾ ਵਾਸਤਵਿਕ ਪਰਮਾਤਮਾ ਦਾ ਭੈ। ਪਹਿਲਾ ਭੈ ਸੰਸਾਰਿਕ ਖ਼ਤਰਿਆਂ, ਦੁੱਖਾਂ, ਤਕਲੀਫ਼ਾਂ ਤੋਂ ਪੈਦਾ ਹੁੰਦਾ ਹੈ। ਇਸੇ ਤਰ੍ਹਾਂ ਪਰਾ-ਸਰੀਰਿਕ ਸ਼ਕਤੀਆਂ, ਜਿਵੇਂ ਜਮ, ਰਾਖਸ਼, ਜਿੰਨ, ਭੂਤ ਆਦਿ ਦਾ ਭੈ ਭੀ ਸੰਸਾਰਿਕ ਭੈ ਦੀ ਸੀਮਾ ਵਿਚ ਆਉਂਦਾ ਹੈ। ਇਸ ਨੂੰ ਦੁਨਿਆਵੀ ਭੈ ਜਾਂ ਸਾਧਾਰਨ ਭੈ ਵੀ ਕਿਹਾ ਜਾ ਸਕਦਾ ਹੈ। ਦੂਜੇ ਭੈ ਦਾ ਸੰਬੰਧ ਪਰਮਾਤਮਾ ਦੇ ਹੁਕਮ, ਰਜ਼ਾ ਜਾਂ ਭਾਣੇ ਵਿਚ ਚੱਲਣ ਨਾਲ ਹੈ। ਇਸ ਵਿਚ ਆਪਣੀ ਤੁੱਛਤਾ ਅਤੇ ਆਪਣੇ ਵਿਚ ਦੋਸ਼ ਵੇਖਣ ਦੀ ਰੁਚੀ ਦਾ ਸਥਾਨ ਵੀ ਹੈ। ਇਸ ਪ੍ਰਕਾਰ ਭੈ ਨੂੰ ਗੁਰੂ ਰਾਮਦਾਸ ਜੀ ਨੇ 'ਨਿਰਮਲ ਭਉ' ਨਾਂ ਦਿੱਤਾ ਹੈ:

ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥...੨॥੨॥

(ਪੰਨਾ ੭੭੪)

ਡਾ: ਜਸਵੰਤ ਸਿੰਘ ਨੇਕੀ ਦਾ ਵਿਚਾਰ ਹੈ ਕਿ ਇਸ ਭਉ ਦੀ ਅਵਸਥਾ ਵਿਚ ਕਿਸੇ ਖ਼ਤਰੇ ਦਾ ਅਨੁਭਵ ਨਹੀਂ ਹੁੰਦਾ, ਸਗੋਂ ਸਾਡੀ ਹੋਂਦ ਆਪਣੇ ਆਪ ਨੂੰ ਕਿਸੇ ਅਲੌਕਿਕ ਜਾਦੂ ਦੀ ਬਲਵਾਨ ਪਕੜ ਵਿਚ ਮਹਿਸੂਸ ਕਰਦੀ ਹੈ, ਪਰ ਉਸ ਤੋਂ ਮੁਕਤ ਹੋਣ ਦਾ ਕੋਈ ਯਤਨ ਨਹੀਂ ਕਰਦੀ। ਸਾਧਾਰਨ ਡਰ ਵੇਲੇ ਮਨੁੱਖ ਭਉ ਦੇ ਸੋਮੇ ਤੋਂ ਭੱਜਣ ਦੀ ਕੋਸ਼ਿਸ਼ ਕਰਦਾ ਹੈ, ਪਰ 'ਨਿਰਮਲ ਭਉ' ਵਿਚ ਉਹ ਭਉ ਦੇ ਸੋਮੇ ਵੱਲ ਖਿਚੀਂਦਾ ਜਾਂਦਾ ਹੈ ਅਤੇ ਉਸ ਧ੍ਰੂ ਨੂੰ, ਜੋ ਉਸ ਨੂੰ ਤਨੋਂ ਮਨੋਂ ਸੁਖਾਵੀਂ ਲੱਗਦੀ ਹੈ, ਹੱਸ ਕੇ ਸਵੀਕਾਰ ਕਰਦਾ ਹੈ। ਸਾਧਾਰਨ ਭਉ ਵਿਚ ਬੰਦਾ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦਾ ਹੈ, ਪਰ ਰੱਬੀ ਭਉ ਵਿਚ ਉਸ ਨੂੰ ਨਾ ਕੇਵਲ ਪੂਰੀ ਸੁਰੱਖਿਆ ਦਾ ਵਿਸ਼ਵਾਸ ਹੁੰਦਾ ਹੈ, ਸਗੋਂ ਇਕ ਭਰਪੂਰ ਭਰੋਸੇ ਦੀ ਸ਼ਾਂਤੀ ਉਸ ਦੀ ਹੋਂਦ ਵਿਚ ਸਿੰਜਰਦੀ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ ਕਿ ਜੇ ਵਾਸਤਵਿਕ ਭੈ ਰਾਹੀਂ ਮਨੁੱਖ ਨੂੰ ਆਤਮ-ਸਰੂਪੀ ਘਰ ਦੀ ਪ੍ਰਾਪਤੀ ਹੋ ਜਾਏ ਤਾਂ ਉਸ ਦੇ ਹਿਰਦੇ-ਰੂਪੀ ਘਰ ਵਿਚ ਅਜਿਹਾ ਭੈ ਵੱਸ ਜਾਂਦਾ ਹੈ, ਜਿਸ ਕਰਕੇ ਸੰਸਾਰਿਕ ਭੈ ਨਸ਼ਟ ਹੋ ਜਾਂਦਾ ਹੈ:

ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥
ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥...੧॥੨॥ *(ਪੰਨਾ ੧੫੧)*

ਅਸਲ ਵਿਚ ਵਾਸਤਵਿਕ ਭੈ ਤੋਂ ਬਿਨਾਂ ਪ੍ਰਾਣੀ ਨਿਰਭੈਤਾ ਦੀ ਅਵਸਥਾ ਨੂੰ ਪ੍ਰਾਪਤ ਹੀ ਨਹੀਂ ਕਰ ਸਕਦਾ। ਸੰਸਾਰਿਕ ਭੈ ਤਾਂ ਮਨ ਦੇ ਸੰਕਲਪ ਅਤੇ ਵਿਕਲਪ ਦੇ ਦਵੰਦ ਦਾ ਫਲ ਹੈ। ਇਸ ਨਾਲ ਸੰਸਾਰਿਕ ਪ੍ਰਪੰਚ ਵਿਚ ਜਗਿਆਸੂ ਹੋਰ ਉਲਝਦਾ ਹੈ। ਇਸ ਲਈ 'ਨਿਰਮਲ ਭਉ' ਨੂੰ ਮਨ ਵਿਚ ਧਾਰਨ ਕਰਨਾ ਹੀ ਉਚਿਤ ਹੈ। ਇਸ ਤੋਂ ਬਿਨਾਂ ਭਗਤੀ ਕਰ ਸਕਣਾ ਸੰਭਵ ਹੀ ਨਹੀਂ:

ਵਿਣੁ ਭੈ ਪਇਐ ਭਗਤਿ ਨ ਹੋਈ ॥...੧॥੧॥ *(ਪੰਨਾ ੯੩੧)*

ਇਸ ਭੈ ਤੋਂ ਬਿਨਾਂ ਭਰਮ ਕਟ ਨਹੀਂ ਸਕਦੇ ਅਤੇ ਨਾਮ ਨਾਲ ਪ੍ਰੇਮ-ਭਾਵ ਦੀ ਸਥਾਪਨਾ ਨਹੀਂ ਹੋ ਸਕਦੀ। ਮਨਮੁਖ ਵਿਅਕਤੀ ਭੈ ਦੀ ਵਾਸਤਵਿਕਤਾ ਨੂੰ ਨਹੀਂ ਸਮਝਦੇ

ਅਤੇ ਤ੍ਰਿਸ਼ਨਾ ਦੀ ਅੱਗ ਵਿਚ ਸੜਦੇ ਹੋਏ ਚੀਕਦੇ ਹਨ:

ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ ॥...੨੨॥ *(ਪੰਨਾ ੧੨੮੮)*

ਇਸ ਤਰ੍ਹਾਂ ਪਰਮਾਤਮਾ ਪ੍ਰਤਿ ਭੈ ਦੀ ਭਾਵਨਾ ਦੇ ਜਾਗ੍ਰਿਤ ਹੋਣ ਨਾਲ ਹੀ ਸੰਸਾਰਿਕ ਭੈ ਨਸ਼ਟ ਹੁੰਦੇ ਹਨ, ਭਗਤੀ ਸਫਲ ਹੁੰਦੀ ਹੈ, ਭਰਮ ਨਸ਼ਟ ਹੁੰਦੇ ਹਨ। ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਇਹੀ ਸਹੀ ਸਾਧਨ ਹੈ, ਮੰਜ਼ਿਲ ਵੱਲ ਵਧਣ ਦਾ ਗਾਡੀ ਰਾਹ ਹੈ:

ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥...੧॥੧੯॥
(ਪੰਨਾ ੫੧੬)

ਇਸ ਭੈ ਦੀ ਪ੍ਰਾਪਤੀ ਲਈ ਗੁਰਬਾਣੀ ਵਿਚ ਸਤਿਗੁਰੂ/ਗੁਰੂ ਦਾ ਵਿਸ਼ੇਸ਼ ਮਹੱਤਵ ਦੱਸਿਆ ਗਿਆ ਹੈ, ਕਿਉਂਕਿ ਸਤਿਗੁਰੂ ਦੇ ਮਿਲਣ ਉਪਰੰਤ ਹੀ ਇਸ ਪ੍ਰਕਾਰ ਦਾ ਸੱਚਾ ਭੈ ਉਤਪੰਨ ਹੋ ਸਕਦਾ ਹੈ, ਫਿਰ ਇਸ ਭੈ ਦੇ ਨਾਲ ਪ੍ਰੇਮ ਦਾ ਸਰੂਪ ਸੰਵਾਰਿਆ ਜਾ ਸਕਦਾ ਹੈ:

ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ ॥...੯॥ *(ਪੰਨਾ ੭੮੮)*

ਸਤਿਗੁਰੂ ਰਾਹੀਂ ਭੈ ਦੀ ਉਤਪਤੀ ਨਾਲ ਮੋਖ-ਦੁਆਰ ਦੀ ਪ੍ਰਾਪਤੀ ਹੁੰਦੀ ਹੈ:

ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ ॥...੨੨॥ *(ਪੰਨਾ ੧੨੮੮)*

ਭੈ ਅਤੇ ਭਾਵ (ਪ੍ਰੇਮ) ਦੇ ਪਰਸਪਰ ਸੰਬੰਧ ਦੀ ਸਥਾਪਨਾ ਗੁਰਬਾਣੀ ਵਿਚ ਕਈ ਢੰਗਾਂ ਨਾਲ ਕੀਤੀ ਗਈ ਹੈ। ਇਸ ਦਾ ਵਿਸ਼ੇਸ਼ ਸਰੂਪ ਉਥੇ ਵੇਖਿਆ ਜਾ ਸਕਦਾ ਹੈ, ਜਿਥੇ ਪ੍ਰੇਮ-ਭਾਵ ਦਾ ਪ੍ਰਗਟਾਅ ਕਰਨ ਵੇਲੇ ਪਰਮਾਤਮਾ ਰੂਪੀ ਪਤੀ ਨੂੰ ਪ੍ਰਸੰਨ ਕਰਨ ਲਈ ਗੁਰੂ (ਸਾਧਕ) ਰੂਪ ਅਨੁਕੂਲ ਕਾਰਜ ਕਰਦੀ ਹੈ, ਇਥੇ ਪ੍ਰੇਮ ਦੀ ਅਵਸਥਾ ਨਾ ਮਿੱਤਰ-ਮਿੱਤਰ ਵਾਲੀ ਹੈ, ਨਾ ਸੁਆਮੀ-ਸੇਵਕ ਵਾਲੀ, ਨਾ ਪਿਤਾ-ਪੁੱਤਰ ਵਾਲੀ, ਸਗੋਂ ਦੰਪਤਿਕ ਪ੍ਰੇਮ ਦੇ ਗੂੜ੍ਹੇ ਰੰਗ ਵਾਲੀ ਹੈ। ਇਸ ਪ੍ਰੇਮ ਲਈ ਭੈ ਦਾ ਸੰਕਲਪ ਮਨ ਵਿਚ ਅਵੱਸ਼ ਵਿਦਮਾਨ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ:

ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥...੧॥੪॥
(ਪੰਨਾ ੭੨੨)

ਸਪੱਸ਼ਟ ਹੈ ਕਿ ਜੇ ਪ੍ਰੇਮ (ਭਾਵ) ਸੁਰਮਾ ਹੈ ਤਾਂ ਭੈ ਸੁਰਮੇ ਨੂੰ ਅੱਖ ਵਿਚ ਪਾਉਣ ਵਾਲੀ ਸਿਲਾਈ ਹੈ। ਪਰਮਾਤਮਾ ਰੂਪੀ ਪਤੀ ਨੂੰ ਪ੍ਰਸੰਨ ਕਰਨ ਲਈ ਭੈ ਅਤੇ ਭਾਵ ਦਾ ਮਿਲਵਾਂ ਸ਼ਿੰਗਾਰ ਹੀ ਲਾਭਦਾਇਕ ਅਤੇ ਸਫਲ ਮਨੋਰਥ ਹੈ।

ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ ॥
ਸਦ ਹੀ ਸੇਜੈ ਰਵੈ ਭਤਾਰੁ ॥੪॥੨੭॥ *(ਪੰਨਾ ੩੫੭)*

ਉਪਰੋਕਤ ਵਿਸ਼ਲੇਸ਼ਣ ਤੋਂ ਭਲੀ ਭਾਂਤ ਸਪੱਸ਼ਟ ਹੈ ਕਿ ਗੁਰਮਤਿ ਵਿਚਲੀ ਭਗਤੀ ਸਾਧਨਾ ਜਾਂ ਪ੍ਰੇਮਾ-ਭਗਤੀ ਵਿਚ ਭੈ ਦਾ ਬਹੁਤ ਅਧਿਕ ਮਹੱਤਵ ਹੈ। ਇਹ ਪਰਮਾਤਮਾ ਦੀ ਪ੍ਰਾਪਤੀ ਦੇ ਮਾਰਗ ਉੱਤੇ ਰੱਖਿਆ ਪਹਿਲਾ ਕਦਮ ਹੈ। ਇਸ ਤੋਂ

ਇਲਾਵਾ ਸਮਾਜਿਕ ਜੀਵਨ ਵਿਚ ਵੀ ਪਰਮਾਤਮਾ ਦੇ ਭੈ ਦਾ ਕੋਈ ਘੱਟ ਮਹੱਤਵ ਨਹੀਂ। ਜੋ ਵਿਅਕਤੀ ਪਰਮਾਤਮਾ ਦੇ ਡਰ ਨੂੰ ਮਨ ਵਿਚ ਧਾਰਨ ਕਰ ਲੈਂਦਾ ਹੈ, ਉਹ ਭਰਮਾਂ ਤੋਂ ਮੁਕਤ ਹੋ ਕੇ ਸਹਿਜ ਅਵਸਥਾ ਵਿਚ ਸੰਸਾਰ ਵਿਚ ਵਿਚਰਦਾ ਹੈ ਅਤੇ ਇਕ ਚੰਗਾ ਸਮਾਜਿਕ ਪ੍ਰਾਣੀ ਬਣਦਾ ਹੈ, ਉਸ ਨੂੰ ਫਿਰ ਕਿਸੇ ਦਾ ਡਰ ਨਹੀਂ ਰਹਿੰਦਾ :

ਕਿਆ ਡਰੀਐ ਡਰੁ ਡਰਹਿ ਸਮਾਨਾ॥...ਰਹਾਉ॥੧੧॥ *(ਪੰਨਾ ੧੫੪)*

ਅਤੇ ਇਕ ਨਿਡਰ ਵਿਅਕਤੀ ਹੀ ਸਮਾਜ ਦਾ ਕਲਿਆਣ ਕਰਨ ਵਿਚ ਸਫਲ ਹੋ ਸਕਦਾ ਹੈ।

•

ਬਿਨਾ ਸੰਤੋਖ ਨਹੀ ਕੋਊ ਰਾਜੈ

ਗੁਰਬਾਣੀ ਵਿਚ ਮਨੁੱਖ ਨੂੰ 'ਸੰਤੋਖ' ਧਾਰਨ ਕਰਨ ਲਈ ਥਾਂ ਥਾਂ 'ਤੇ ਪ੍ਰੇਰਨਾ ਦਿੱਤੀ ਗਈ ਹੈ। ਇਥੋਂ ਤਕ ਕਿ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਉਪਰੰਤ ਅਖ਼ੀਰ 'ਤੇ ਮੁਹਰ ਵਜੋਂ ਇਹ ਸ਼ਬਦ ਅੰਕਿਤ ਕੀਤਾ :

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥...੧॥

(ਪੰਨਾ ੧੪੨੯)

ਇਥੇ ਥਾਲ ਕਿਹੜਾ ਹੈ ? ਉੱਤਰ ਹੈ ਗੁਰੂ ਗ੍ਰੰਥ ਸਾਹਿਬ, ਜਿਸ ਵਿਚ ਤਿੰਨ ਵਸਤੂਆਂ ਪਈਆਂ ਹਨ—ਸਤੁ, ਸੰਤੋਖੁ ਅਤੇ ਵੀਚਾਰ। ਸਤੁ ਤੋਂ ਭਾਵ ਹੈ ਸਦਾਚਰਣ, ਸੰਤੋਖੁ ਤੋਂ ਭਾਵ ਹੈ ਸੁੱਖ ਦੁੱਖ ਨੂੰ ਸਮਾਨ ਜਾਣਨ ਦੀ ਅਵਸਥਾ ਅਤੇ ਵੀਚਾਰ ਤੋਂ ਭਾਵ ਹੈ ਵਿਵੇਕ। ਇਨ੍ਹਾਂ ਤਿੰਨ ਵਸਤੂਆਂ ਨੂੰ ਮਿਲਾ ਕੇ ਤਿਆਰ ਕੀਤੇ ਗਏ ਭੋਜਨ ਵਿਚ ਚੌਥੀ ਵਸਤੂ ਨਾਮ ਰੂਪੀ ਅੰਮ੍ਰਿਤ-ਜਲ ਹੈ। ਇਸ ਪ੍ਰਕਾਰ ਦੀ ਤਿਆਰ ਕੀਤੀ ਖ਼ੁਰਾਕ ਦਾ ਜੋ ਸੇਵਨ ਕਰਦਾ ਹੈ, ਨਿਸਚੇ ਹੀ ਉਸ ਦਾ ਜਗਤ ਤੋਂ ਉੱਧਾਰ ਹੋ ਜਾਂਦਾ ਹੈ। ਅਜਿਹੀ ਵਸਤੂ ਨੂੰ ਛੱਡਣਾ ਨਹੀਂ ਚਾਹੀਦਾ, ਇਸ ਨੂੰ ਸਦਾ ਹਿਰਦੇ ਵਿਚ ਵਸਾਉਣਾ ਹੀ ਕਲਿਆਣਕਾਰੀ ਹੈ। ਇਨ੍ਹਾਂ ਚਾਰ ਪਦਾਰਥਾਂ ਵਿੱਚੋਂ ਪਹਿਲੇ ਤਿੰਨ ਮਨੁੱਖ ਦੀਆਂ ਸਦ-ਬਿਰਤੀਆਂ ਹਨ ਅਤੇ ਇਨ੍ਹਾਂ ਤਿੰਨਾਂ ਨੂੰ ਧਾਰਨ ਕਰਨ ਵਾਲੇ ਸਦਾਚਾਰੀ ਵਿਅਕਤੀ ਦੀ ਮਨੋ-ਭੂਮੀ ਹਰਿ ਨਾਮ ਰੂਪੀ ਜਲ ਨੂੰ ਗ੍ਰਹਿਣ ਕਰਨ ਦੇ ਯੋਗ ਹੈ। ਇਸ ਤੋਂ ਸਾਫ਼ ਹੈ ਕਿ ਗੁਰਮਤਿ ਧਰਮ-ਸਾਧਨਾ ਵਿਚ ਸੰਤੋਖ ਦਾ ਵਿਸ਼ੇਸ਼ ਸਥਾਨ ਹੈ।

'ਸੰਤੋਖ' ਸ਼ਬਦ ਦੇ ਪਿਛੋਕੜ ਵਿਚ ਜਾਈਏ ਤਾਂ ਪਤਾ ਲੱਗਦਾ ਹੈ ਕਿ ਇਹ ਸੰਸਕ੍ਰਿਤ ਦੇ 'ਸੰਤੋਸ਼' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਅਰਥ ਹੈ—ਮਨ ਦੀ ਉਹ ਬਿਰਤੀ ਜਾਂ ਅਵਸਥਾ ਜਿਸ ਵਿਚ ਮਨੁੱਖ ਆਪਣੀ ਵਰਤਮਾਨ ਦਸ਼ਾ ਵਿਚ ਹੀ ਪੂਰਨ ਅਨੁਭਵ ਕਰਦਾ ਹੋਇਆ ਤ੍ਰਿਪਤ ਰਹਿੰਦਾ ਹੈ। ਭਾਰਤੀ ਦਰਸ਼ਨ ਅਤੇ ਸੰਸਕ੍ਰਿਤੀ ਵਿਚ ਸੰਤੋਖ ਨੂੰ ਸਦਾ ਮਹੱਤਵ ਦਿੱਤਾ ਜਾਂਦਾ ਰਿਹਾ ਹੈ। *ਪਾਤੰਜਲ ਯੋਗ ਸੂਤ੍ਰ* ਅਨੁਸਾਰ ਅਸ਼ਟਾਂਗ ਮਾਰਗ ਦੇ ਨਿਯਮਾਂ ਵਿਚ ਸੰਤੋਖ ਨੂੰ ਦੂਜਾ ਸਥਾਨ ਪ੍ਰਾਪਤ ਹੈ। ਉਥੇ ਇਸ ਤੋਂ ਭਾਵ ਹੈ ਕਰਤੱਵ ਕਰਮ ਦੀ ਪਾਲਨਾ ਕਰਦੇ ਹੋਇਆਂ, ਉਸਦਾ ਜੋ ਕੁਝ ਵੀ ਸਿੱਟਾ ਨਿਕਲੇ ਅਤੇ ਪ੍ਰਾਲਬਧ ਅਨੁਸਾਰ ਆਪਣੇ ਆਪ ਨੂੰ ਜੋ ਕੁਝ ਵੀ

ਪ੍ਰਾਪਤ ਹੋਵੇ, ਉਸੇ ਵਿਚ ਤ੍ਰਿਪਤ ਰਹਿਣਾ ਅਤੇ ਕਿਸੇ ਪ੍ਰਕਾਰ ਦੀ ਕਾਮਨਾ, ਇੱਛਾ ਜਾਂ ਤ੍ਰਿਸ਼ਨਾ ਨਾ ਕਰਨਾ 'ਸੰਤੋਸ਼' ਹੈ। ਧਿਆਨ ਰਹੇ ਕਿ ਇਥੇ ਸੰਤੋਸ਼ ਤੋਂ ਭਾਵ ਕਰਮਹੀਨਤਾ ਜਾਂ ਨਿਸ਼ਕਰਮਤਾ ਨਹੀਂ, ਸਗੋਂ ਉਹ ਅਵਸਥਾ ਹੈ ਜਦੋਂ ਭੌਤਿਕ ਪਦਾਰਥਾਂ ਨੂੰ ਚਾਹੁਣ ਦੀ ਕ੍ਰਿਆਸ਼ੀਲਤਾ ਆਪਣਾ ਰੁਖ਼ ਅਧਿਆਤਮ ਪਦਾਰਥਾਂ ਵੱਲ ਮੋੜ ਲੈਂਦੀ ਹੈ, ਜਿਸ ਦੇ ਫਲਸਰੂਪ ਸਾਧਕ ਨੂੰ ਸ੍ਰੇਸ਼ਟ ਸੁੱਖ ਦੀ ਪ੍ਰਾਪਤੀ ਹੁੰਦੀ ਹੈ।

ਸੂਫ਼ੀ ਮਤ ਵਿਚ ਵੀ ਸੰਤੋਖ ਦੇ ਸਮਾਨਾਂਤਰ 'ਸਬਰ' ਦੀ ਬਿਰਤੀ ਦਾ ਸੂਫ਼ੀ ਸਾਧਕ ਦੇ ਜੀਵਨ ਵਿਚ ਮਹੱਤਵ ਦੱਸਿਆ ਗਿਆ ਹੈ। ਇਸ ਨੂੰ ਸੂਫ਼ੀ ਸਾਧਨਾ ਦਾ ਇਕ ਪੜਾਅ ਮੰਨਿਆ ਗਿਆ ਹੈ। ਇਸ ਬਿਰਤੀ ਦੇ ਫਲਸਰੂਪ ਸਾਧਕ ਦੁਨਿਆਵੀ ਸੁੱਖਾਂ ਸੁਵਿਧਾਵਾਂ ਦਾ ਤਿਆਗ ਕਰ ਕੇ ਫ਼ਕਰ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ, ਉਹ ਦੁਨਿਆਵੀ ਸੁੱਖਾਂ ਦੇ ਮੁਕਾਬਲੇ ਈਸ਼ਵਰ-ਪ੍ਰਾਪਤੀ ਨੂੰ ਉਚੇਰਾ ਸਮਝਣ ਲੱਗ ਜਾਂਦਾ ਹੈ। ਸਬਰ ਦੀ ਬਿਰਤੀ ਦੇ ਵਿਕਸਿਤ ਹੋਣ ਨਾਲ ਇੱਛਾਵਾਂ ਦਾ ਦਮਨ ਹੋ ਜਾਂਦਾ ਹੈ। ਇਹ ਅਵਸਥਾ ਸਾਰੀਆਂ ਦੁਨਿਆਵੀ ਇੱਛਾਵਾਂ ਉੱਤੇ ਪ੍ਰਾਪਤ ਕੀਤੀ ਜਿੱਤ ਹੈ। ਸ਼ੇਖ਼ ਫ਼ਰੀਦ ਜੀ ਨੇ ਸਬਰ ਦੇ ਸਰਬਾਂਗੀ ਰੂਪ ਨੂੰ ਪੇਸ਼ ਕਰਦਿਆਂ ਕਿਹਾ ਹੈ ਕਿ ਜੇ ਮਨ ਵਿਚ ਸਬਰ ਦੀ ਕਮਾਣ ਹੋਵੇ ਅਤੇ ਸਬਰ ਦਾ ਹੀ ਚਿਲਾ ਹੋਵੇ ਅਤੇ ਸਬਰ ਦਾ ਬਾਣ ਇਸ ਕਮਾਣ 'ਤੇ ਚੜ੍ਹਾਇਆ ਗਿਆ ਹੋਵੇ ਤਾਂ ਪਰਮਾਤਮਾ ਉਸ ਤੀਰ ਨੂੰ ਨਿਸ਼ਾਨਿਓਂ ਚੁਕਣ ਨਹੀਂ ਦਿੰਦਾ। ਪਰਮ-ਪਦ ਦੀ ਪ੍ਰਾਪਤੀ ਅਵੱਸ਼ ਹੁੰਦੀ ਹੈ:

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥
ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥੧੧੫॥ *(ਪੰਨਾ ੧੩੮੪)*

ਇਸ ਬਿਰਤੀ ਨੂੰ ਜੀਵਨ ਵਿਚ ਢਾਲਦੇ ਹੋਇਆਂ ਫ਼ਰੀਦ ਜੀ ਨੇ ਦੱਸਿਆ ਹੈ:

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥੨੯॥ *(ਪੰਨਾ ੧੩੭੯)*

ਸੰਤੋਖ ਦੇ ਇਸ ਭਾਰਤੀ ਅਤੇ ਸਾਮੀ ਸੰਦਰਭ ਤੋਂ ਮਨੁੱਖੀ ਜੀਵਨ ਵਿਚ ਇਸ ਦੇ ਮਹੱਤਵ ਦੀ ਗੱਲ ਸਪੱਸ਼ਟ ਹੈ। ਗੁਰੂ ਸਾਹਿਬਾਨ ਨੇ ਵੀ ਆਪਣੇ ਢੰਗ ਨਾਲ ਮਾਨਵ ਜੀਵਨ ਵਿਚ ਇਸ ਦੇ ਮਹੱਤਵ ਉੱਤੇ ਵਿਸਥਾਰ ਸਹਿਤ ਪ੍ਰਕਾਸ਼ ਪਾਇਆ ਹੈ। 'ਸੁਖਮਨੀ' ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਦੱਸਿਆ ਹੈ ਕਿ ਜਦ ਵਿਅਕਤੀ ਹਜ਼ਾਰ ਰੁਪਏ ਕਮਾ ਲੈਂਦਾ ਹੈ ਤਾਂ ਲੱਖ ਖੱਟਣ ਲਈ ਉਤਾਵਲਾ ਹੋ ਜਾਂਦਾ ਹੈ, ਉਹ ਮਾਇਆ ਨੂੰ ਇਕੱਠੀ ਕਰਨੋਂ ਤ੍ਰਿਪਤ ਨਹੀਂ ਹੁੰਦਾ, ਅਨੇਕ ਪ੍ਰਕਾਰ ਦੇ ਵਿਸ਼ੇ ਭੋਗ ਕਰਨ 'ਤੇ ਵੀ ਨਹੀਂ ਰੱਜਦਾ ਅਤੇ ਖ਼ੁਆਰ ਹੋ ਹੋ ਕੇ ਮਰਦਾ ਹੈ। ਅਸਲ ਵਿਚ ਸੰਤੋਖ ਧਾਰਨ ਕੀਤੇ ਬਿਨਾਂ ਕੋਈ ਵਿਅਕਤੀ ਤ੍ਰਿਪਤ ਨਹੀਂ ਹੋ ਸਕਦਾ ਅਤੇ ਉਸ ਦੇ ਸਾਰੇ ਕੰਮ-ਕਾਰ ਸੁਪਨੇ ਦੇ ਮਨੋਰਥ ਵਾਂਗ ਨਿਸਫਲ ਜਾਂਦੇ ਹਨ:

ਸਹਸ ਖਟੇ ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
ਅਨਿਕ ਭੋਗ ਬਿਖਿਆ ਕੇ ਕਰੈ ॥
ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥

ਬਿਨਾ ਸੰਤੋਖ ਨਹੀ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥...੫॥੧੨॥ *(ਪੰਨਾ ੨੭੯)*

ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਵਿਚ ਸੰਤੋਖ ਧਾਰਨ ਕਰਨ ਵਾਲੇ ਜਗਿਆਸੂ ਦੇ ਵਿਅਕਤਿਤਵ ਨੂੰ ਸਪੱਸ਼ਟ ਕਰਦਿਆਂ ਫ਼ੁਰਮਾਂਦੇ ਹਨ ਕਿ ਸਦਾ ਪਰਮਾਤਮਾ ਦੀ ਆਰਾਧਨਾ ਕਰਨ ਵਾਲੇ ਸੰਤੋਖੀ ਸਾਧਕ ਹੀ ਸੇਵਾ ਵਿਚ ਸਫਲਤਾ ਪ੍ਰਾਪਤ ਕਰਦੇ ਹਨ, ਉਹ ਕਦੇ ਮੰਦੇ ਕੰਮਾਂ ਵੱਲ ਆਪਣੇ ਕਦਮ ਨਹੀਂ ਰੱਖਦੇ, ਸਦਾ ਚੰਗੇ ਕੰਮ ਕਰਦੇ ਹਨ, ਧਰਮ ਅਨੁਸਾਰੀ ਜੀਵਨ ਜੀਂਦੇ ਹਨ। ਉਨ੍ਹਾਂ ਨੇ ਦੁਨੀਆ ਦੇ ਮਾਇਕ ਪ੍ਰਪੰਚ ਅਤੇ ਬੰਧਨ ਤੋੜ ਦਿੱਤੇ ਹਨ ਅਤੇ ਸਦਾ ਅਲਪਾਹਾਰ ਕਰਦੇ ਹਨ। ਸਭ 'ਤੇ ਮਿਹਰਾਂ ਅਤੇ ਬਖ਼ਸ਼ਿਸ਼ਾਂ ਕਰਨ ਵਾਲੇ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਸੰਤੋਖੀ ਮਨੁੱਖ ਹੀ ਸਿਫ਼ਤਿ-ਸਾਲਾਹ ਰਾਹੀਂ ਸਫਲ ਹੁੰਦੇ ਹਨ:

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥੭॥ *(ਪੰਨਾ ੪੬੭)*

ਗੁਰਬਾਣੀ ਵਿਚ ਸੰਤੋਖ ਨੂੰ ਸ੍ਰੇਸ਼ਟ ਕਰਨੀਆਂ ਵਿਚ ਵੀ ਸ਼ਾਮਲ ਕੀਤਾ ਗਿਆ ਹੈ:

ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥...੩॥੯੫॥ *(ਪੰਨਾ ੫੧)*

ਬਿਰਤੀਆਂ ਦੇ ਪਰਿਵਾਰ ਦੀ ਕਲਪਨਾ ਕਰਦਿਆਂ ਗੁਰੂ ਦੀ ਮਤਿ ਨੂੰ ਮਾਤਾ, ਸੰਤੋਖ ਨੂੰ ਪਿਤਾ ਅਤੇ ਸਦਾਚਰਣ ਨੂੰ ਭਰਾ ਮੰਨਿਆ ਗਿਆ ਹੈ:

ਮਾਤਾ ਮਤਿ ਪਿਤਾ ਸੰਤੋਖੁ ॥
ਸਤੁ ਭਾਈ ਕਰਿ ਏਹੁ ਵਿਸੇਖੁ ॥੧॥੩॥ *(ਪੰਨਾ ੧੫੧)*

ਵਾਸਤਵਿਕ ਜਨੇਊ ਦਾ ਪਰਿਚਯ ਦਿੰਦਿਆਂ ਗੁਰੂ ਨਾਨਕ ਦੇਵ ਜੀ ਨੇ ਸੰਤੋਖ ਨੂੰ ਉਸ ਵਿਚਲਾ ਸੂਤਰ ਦੱਸਿਆ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥...੧॥੧੫॥
(ਪੰਨਾ ੪੭੧)

ਅਤੇ ਜੋਗ ਦੇ ਸਹੀ ਰੂਪ ਨੂੰ ਪੇਸ਼ ਕਰਦਿਆਂ ਸੰਤੋਖ ਦੀਆਂ ਮੁੰਦਰਾਂ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ:

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥...੨੮॥ *(ਪੰਨਾ ੬)*

ਹੋਰ ਵੀ ਕਈਆਂ ਪ੍ਰਸੰਗਾਂ ਵਿਚ ਰੂਪਾਤਮਕ ਵਿਧਾਨ ਰਾਹੀਂ ਸੰਤੋਖ ਦੇ ਮੱਹਤਵ ਦਾ ਪ੍ਰਤਿਪਾਦਨ ਹੋਇਆ ਹੈ। ਕਿਤੇ ਕਿਤੇ ਗੁਰੂ ਨੂੰ ਸੰਤੋਖ ਦਾ ਸਰੋਵਰ ਕਹਿ ਕੇ ਉਸ ਵਿਚ ਇਸ਼ਨਾਨ ਕਰਨ ਵਾਲਿਆਂ ਨੂੰ ਵਡਭਾਗੀ ਦੱਸਿਆ ਗਿਆ ਹੈ:

ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ ॥...੩॥੧੬॥
(ਪੰਨਾ ੧੬੯)

ਇਕ ਥਾਂ ਗੁਰੂ ਨੂੰ ਸੰਤੋਖ ਦਾ ਬ੍ਰਿਛ ਦੱਸ ਕੇ ਧਰਮ ਅਤੇ ਗਿਆਨ ਨੂੰ ਇਸ ਦੇ ਫੁਲ ਫਲ ਮੰਨੇ ਦੱਸੇ ਹਨ:

ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ ॥...੧॥੨੦॥ *(ਪੰਨਾ ੧੪੭)*

ਗੁਰਬਾਣੀ ਵਿਚ ਸੰਤੋਖ ਦੀ ਪ੍ਰਾਪਤੀ ਲਈ ਸ਼੍ਰਵਣ, ਸਤਿਸੰਗਤ, ਪ੍ਰੇਮ-ਭਾਵ, ਗੁਰੂ ਸੇਵਾ, ਆਦਿ ਉਪਾਅ ਵੀ ਦੱਸੇ ਗਏ ਹਨ। ਸਦਾਚਰਣ ਅਤੇ ਸੰਤੋਖ ਦੀਆਂ ਬਿਰਤੀਆਂ ਧਾਰਨ ਕਰ ਕੇ ਕੀਤੀ ਅਰਦਾਸ ਅਵੱਸ਼ ਸੁਣੀ ਜਾਂਦੀ ਹੈ:

ਸਤੁ ਸੰਤੋਖੁ ਹੋਵੈ ਅਰਦਾਸਿ ॥
ਤਾ ਸੁਣਿ ਸਦਿ ਬਹਾਲੇ ਪਾਸਿ ॥੧॥੮॥ *(ਪੰਨਾ ੮੭੮)*

ਸੰਤੋਖ ਦੀ ਅਵਸਥਾ ਵਿਚ ਪਹੁੰਚਿਆ ਪ੍ਰਾਣੀ ਦੁਬਿਧਾ ਤੋਂ ਮੁਕਤ, ਇਕ ਪਰਮਾਤਮਾ ਦੀ ਟੇਕ ਰੱਖਦਾ ਹੋਇਆ ਇਹ ਸੰਸਾਰਿਕ ਯਾਤਰਾ ਸੰਪੂਰਨ ਕਰਦਾ ਹੈ:

ਜੇਤਾ ਦੇਹਿ ਤੇਤਾ ਹਉ ਖਾਉ ॥
ਬਿਆ ਦਰੁ ਨਾਹੀ ਕੈ ਦਰਿ ਜਾਉ ॥...੩॥੩੧॥ *(ਪੰਨਾ ੨੫)*

ਗੁਰਬਾਣੀ ਦੇ ਵਿਆਖਿਆ-ਮੁਖੀ ਸਾਹਿੱਤ ਵਿਚ ਵੀ 'ਸੰਤੋਖ' ਦੇ ਮਹੱਤਵ ਦੀ ਸਥਾਪਨਾ ਹੋਈ ਹੈ। ਗੁਰਬਾਣੀ ਦੇ ਸੁਪ੍ਰਸਿੱਧ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਸਿਖ ਦੇ ਆਚਰਣ ਦੇ ਪ੍ਰਸੰਗ ਵਿਚ ਸੰਤੋਖ ਦੀ ਆਵਸ਼ਕਤਾ 'ਤੇ ਬਲ ਦਿੱਤਾ ਹੈ। ਉਨ੍ਹਾਂ ਅਨੁਸਾਰ ਇਹ ਸ੍ਰੇਸ਼ਟ ਪਦਾਰਥ ਹਰ ਗੁਰਸਿਖ ਨੂੰ ਧਾਰਨ ਕਰਨਾ ਚਾਹੀਦਾ ਹੈ, ਕਿਉਂਕਿ ਇਹ ਪਰਮ-ਪਦ ਦੀ ਪ੍ਰਾਪਤੀ ਦੇ ਸਮਰੱਥ ਵਿਧਾਨਾਂ ਵਿੱਚੋਂ ਇਕ ਹੈ:

ਸਤਿ ਸੰਤੋਖੁ ਦਇਆ ਧਰਮੁ ਅਰਥੁ ਸਮਰਥੁ ਸਭੋ ਬੰਧਾਨਾ ॥ *(ਵਾਰ ੩੦, ਪਉੜੀ ੧੫)*

ਜਨਮਸਾਖੀ ਜਾਂ ਸਾਖੀ-ਸਾਹਿੱਤ ਦੇ ਅਨੇਕ ਪ੍ਰਸੰਗਾਂ ਵਿਚ ਜਗਿਆਸੂ ਨੂੰ ਗੁਰੂ ਨਾਨਕ ਦੇਵ ਜੀ ਨੇ ਸੰਤੋਖ ਨੂੰ ਧਾਰਨ ਕਰਨ ਲਈ ਉਪਦੇਸ਼ ਦਿੱਤੇ ਹਨ ਕਿਉਂਕਿ ਗੁਰਮੁਖਤਾ ਦੀ ਅਵਸਥਾ ਜਾਂ ਸਹਿਜ ਬਿਰਤੀ ਨੂੰ ਪ੍ਰਾਪਤ ਕਰਨ ਦਾ ਇਹ ਇਕ ਮਹੱਤਵਪੂਰਨ ਅਤੇ ਅਚੁੱਕ ਸਾਧਨ ਹੈ।

ਇਸ ਵਿਸ਼ਲੇਸ਼ਣ ਤੋਂ ਭਲੀ ਭਾਂਤ ਸਪੱਸ਼ਟ ਹੈ ਕਿ ਗੁਰਬਾਣੀ ਵਿਚ 'ਸੰਤੋਖ' ਨੂੰ ਧਾਰਨ ਕਰਨ ਉੱਤੇ ਬਹੁਤ ਬਲ ਦਿੱਤਾ ਗਿਆ ਹੈ, ਕਿਉਂਕਿ ਇਸ ਨਾਲ ਜਗਿਆਸੂ ਸਰਬਉਚ ਅਧਿਆਤਮਿਕ ਅਵਸਥਾ ਜਾਂ ਮੋਖ-ਪਦ ਨੂੰ ਪ੍ਰਾਪਤ ਕਰਦਾ ਹੈ। ਇਸ ਅਧਿਆਤਮਿਕ ਪ੍ਰਾਪਤੀ ਤੋਂ ਇਲਾਵਾ ਸੰਤੋਖ ਬਿਰਤੀ ਦੇ ਵਿਕਸਣ ਨਾਲ ਅਤ੍ਰਿਪਤੀ ਤੋਂ ਪੈਦਾ ਹੋਣ ਵਾਲੇ ਸਾਰੇ ਸਮਾਜਿਕ ਦੁਰਾਚਾਰ ਅਤੇ ਵਿਕਾਰ ਵੀ ਖ਼ਤਮ ਹੁੰਦੇ ਹਨ। ਸਪੱਸ਼ਟ ਹੈ ਕਿ 'ਸੰਤੋਖ' ਦੀ ਦੋਹਰੀ ਉਪਯੋਗਤਾ ਹੈ—ਅਧਿਆਤਮਿਕ ਵੀ ਅਤੇ ਸਮਾਜਿਕ ਵੀ। ਸੰਤੁਸ਼ਟ ਵਿਅਕਤੀਆਂ ਨਾਲ ਸ੍ਰੇਸ਼ਟ ਸਮਾਜ ਦਾ ਵਿਧਾਨ ਹੁੰਦਾ ਹੈ, ਅਤੇ ਸ੍ਰੇਸ਼ਟ ਸਮਾਜ ਹੀ ਕਿਸੇ ਦੇਸ਼, ਰਾਸ਼ਟਰ ਜਾਂ ਜਾਤਿ ਦੀ ਸਦਾ ਮਹੱਤਵ ਅਕਾਂਕਸ਼ਾ ਰਹੀ ਹੈ।

•

ਸਭੁ ਜਗੁ ਦੇਖਿਆ ਮਾਇਆ ਛਾਇਆ

ਗੁਰਬਾਣੀ ਵਿਚ ਥਾਂ ਥਾਂ ਮਾਇਆ ਦੇ ਮਾੜੇ ਪ੍ਰਭਾਵ ਅਤੇ ਇਸ ਦੁਆਰਾ ਹੋ ਰਹੇ ਪ੍ਰਾਣੀਆਂ ਦੇ ਵਿਨਾਸ਼ ਦਾ ਉਲੇਖ ਹੋਇਆ ਹੈ। ਗੁਰੂ ਸਾਹਿਬਾਨ ਨੇ ਉਸ ਦੇ ਨਿੰਦਿਤ ਰੂਪ ਨੂੰ ਸਪੱਸ਼ਟ ਹੀ ਨਹੀਂ ਕੀਤਾ, ਸਗੋਂ ਉਸ ਤੋਂ ਬਚਣ ਦੀ ਚੇਤਾਵਨੀ ਵੀ ਦਿੱਤੀ ਹੈ। ਗੁਰੂ ਨਾਨਕ ਦੇਵ ਜੀ ਨੇ ਸੱਸ ਦੇ ਰੂਪਕ ਰਾਹੀਂ ਇਸ ਨੂੰ ਪਰਮਾਤਮਾ ਰੂਪੀ ਪਤੀ ਨਾਲ ਜਗਿਆਸੂ ਨੂੰ ਮਿਲਣ ਲਈ ਰੁਕਾਵਟ ਮੰਨਿਆ ਹੈ:

ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ॥...੨॥੨੨॥

(ਪੰਨਾ ੩੫੫)

ਮਾਇਆ ਦਾ ਸਿੱਧਾਂਤ ਭਾਰਤੀ ਦਰਸ਼ਨ ਵਿਚ ਆਪਣਾ ਇਕ ਵਿਸ਼ੇਸ਼ ਸਥਾਨ ਰੱਖਦਾ ਹੈ। ਇਹ ਬੜੇ ਵਿਰੋਧਾਤਮਕ ਗੁਣਾਂ ਵਾਲੀ ਸ਼ਕਤੀ ਹੈ। ਇਹ ਅਜਿਹੀ ਵੇਲ ਵਾਂਗ ਹੈ ਜਿਸ ਨੂੰ ਜਿਤਨਾ ਅਧਿਕ ਕੱਟ ਕੱਟ ਕੇ ਖਾਉਗੇ, ਇਹ ਉਤਨੀ ਹੀ ਅਧਿਕ ਫੈਲਦੀ ਹੈ ਅਤੇ ਜੇ ਇਸ ਨੂੰ ਪਰਮਾਤਮਾ ਦੇ ਧਿਆਨ ਰੂਪੀ ਜਲ ਨਾਲ ਸਿੰਜੋ ਤਾਂ ਆਪਣੇ ਆਪ ਕੁਮਲਾ ਜਾਏਗੀ। ਸਾਧਕ ਦੇ ਮਨ ਵਿਚ ਸੰਸਾਰਿਕ ਪ੍ਰਪੰਚ ਪ੍ਰਤਿ ਵੈਰਾਗ ਦੀ ਭਾਵਨਾ ਪੈਦਾ ਹੋਣ ਨਾਲ ਮਾਇਆ ਦਾ ਆਦਰ ਘੱਟ ਜਾਂਦਾ ਹੈ ਅਤੇ ਇਹ ਨਿਰਾਸ਼ ਹੋ ਕੇ ਆਪਣੇ ਆਪ ਨੂੰ ਸੰਕੋਚ ਲੈਂਦੀ ਹੈ।

'ਮਾਇਆ' ਸ਼ਬਦ *ਰਿਗਵੇਦ* ਤੋਂ ਲੈ ਕੇ ਸ਼ੰਕਰਾਚਾਰਯ ਤਕ ਆਪਣੇ ਕਈ ਅਰਥ ਬਦਲ ਚੁੱਕਿਆ ਹੈ। ਇਸ ਤਰ੍ਹਾਂ ਇਸ ਸ਼ਬਦ ਦੇ ਅਰਥਗਤ ਅਤੇ ਸਿੱਧਾਂਤਗਤ ਵਿਕਾਸ ਦਾ ਆਪਣਾ ਇਕ ਇਤਿਹਾਸ ਹੈ। ਸ਼ੰਕਰ ਨੇ ਮਾਇਆ ਦਾ ਵਿਸਥਾਰ ਸਹਿਤ ਵਿਸ਼ਲੇਸ਼ਣ ਕੀਤਾ ਹੈ। ਉਸ ਦਾ ਮਤ ਹੈ ਕਿ ਜੇ ਪਰਮਾਰਥਿਕ ਸੱਤਾ ਇਕ ਹੈ ਤਾਂ ਸੰਸਾਰ ਦੀ ਸ੍ਰਿਸ਼ਟੀ ਅਸਲ ਵਿਚ ਸ੍ਰਿਸ਼ਟੀ ਨਹੀਂ ਹੈ। ਈਸ਼ਵਰ ਆਪਣੀ ਮਾਇਆ ਸ਼ਕਤੀ ਰਾਹੀਂ ਸੰਸਾਰ ਦਾ ਇੰਦਰ-ਜਾਲ ਰਚਦਾ ਹੈ। ਫਲਸਰੂਪ ਉਹ ਇਕ ਹੁੰਦੇ ਹੋਏ ਵੀ ਅਨੇਕ ਰੂਪਾਂ ਵਾਲਾ ਦਿਸ ਪੈਂਦਾ ਹੈ। ਇਸ ਦਾ ਕਾਰਣ ਅਗਿਆਨ ਹੈ। ਅਗਿਆਨ ਦੇ ਨਾ ਰਹਿਣ ਤੇ ਪਰਮਾਤਮਾ ਦੀ ਅਨੇਕਤਾ ਦੇ ਭਰਮ ਵਿਚ ਨਹੀਂ ਪਿਆ ਜਾ ਸਕਦਾ। ਇਸ ਲਈ ਮਾਇਆ, ਅਵਿਦਿਆ ਜਾਂ ਅਗਿਆਨ ਇੱਕੋ ਹੀ ਗੱਲ ਦੇ ਸੂਚਕ ਹਨ। ਮਿਥਿਆ ਗਿਆਨ ਜਾਂ ਭਰਮ ਨੂੰ ਸ਼ੰਕਰ ਨੇ 'ਅਧਿਆਸ' ਦਾ ਨਾਂ ਦਿੱਤਾ ਹੈ। ਅਵਸਤੂ (ਅਤੱਤ) ਵਿਚ ਵਸਤੂ (ਤੱਤ) ਦਾ ਆਰੋਪ ਹੋਣਾ ਮਿਥਿਆ ਗਿਆਨ ਹੈ। ਇਹੀ ਆਰੋਪ ਜਾਂ ਅਧਿਆਸ ਹੈ। ਹਨੇਰੇ ਵਿਚ ਰੱਸੀ ਨੂੰ ਸੱਪ ਸਮਝਣਾ, ਇਹ ਅਧਿਆਸ ਹੈ, ਭਰਮ ਹੈ। ਸ਼ੰਕਰ ਨੇ ਮਾਇਆ ਨੂੰ ਸ਼ਕਤੀ, ਪ੍ਰਕ੍ਰਿਤੀ ਆਦਿ ਨਾਂ ਵੀ ਦਿੱਤੇ ਹਨ। ਬਾਦ ਦੇ

ਸਿੱਧਾਂਤਵਾਦੀ ਆਚਾਰੀਆਂ ਨੇ ਕਿਸੇ ਨਾ ਕਿਸੇ ਰੂਪ ਵਿਚ ਇਸ ਦਾ ਵਿਸ਼ਲੇਸ਼ਣ ਕੀਤਾ ਹੈ। ਨਾਥ ਪੰਥੀਆਂ ਨੇ ਇਸ ਨੂੰ 'ਵਿਸ਼ੈਲੀ ਨਾਗਿਨ' ਕਹਿ ਕੇ, ਇਸ ਨੂੰ ਨਸ਼ਟ ਕਰਨ 'ਤੇ ਬਲ ਦਿੱਤਾ ਹੈ। ਮੱਧ ਯੁੱਗ ਦੇ ਸੰਤਾਂ/ਭਗਤਾਂ ਨੇ ਵੀ ਹਰਿ ਭਗਤੀ ਦੇ ਸੰਦਰਭ ਵਿਚ ਇਸ ਨੂੰ ਵਿਰੋਧਨੀ ਸ਼ਕਤੀ ਦੱਸਿਆ ਹੈ। ਸਾਮੀ ਵਿਚਾਰਧਾਰਾ ਵਿਚ ਇਸ ਦੀ ਸਥਾਨ-ਪੂਰਤੀ ਸ਼ੈਤਾਨ ਦੀ ਕਲਪਨਾ ਰਾਹੀਂ ਕੀਤੀ ਪ੍ਰਤੀਤ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਅਤੱਤ ਵਿਚ ਤੱਤ ਬੁੱਧੀ ਨੂੰ ਮਾਇਆ ਕਿਹਾ ਹੈ, ਅਰਥਾਤ ਅਸਤਿ ਨੂੰ ਸਤਿ ਮੰਨ ਲੈਣਾ ਮਾਇਆ ਹੈ। ਇਹ ਪਰਮਾਤਮਾ ਦੁਆਰਾ ਦਿੱਤਾ ਨਸ਼ੇ ਦਾ ਗੋਲਾ ਹੈ, ਜਿਸਦੇ ਨਸ਼ੇ ਕਰਕੇ ਪ੍ਰਾਣੀਆਂ ਦੀ ਬੁੱਧੀ ਮਰਣ ਅਵਸਥਾ ਨੂੰ ਭੁੱਲ ਜਾਂਦੀ ਹੈ ਅਤੇ ਚਾਰ ਦਿਨਾਂ ਦੀਆਂ ਭੌਤਿਕ ਖ਼ੁਸ਼ੀਆਂ ਮਨਾਉਣ ਵਿਚ ਲੀਨ ਰਹਿੰਦੀ ਹੈ:

ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ॥
ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ॥ *(ਪੰਨਾ ੧੫)*

ਇਥੇ ਰੂਪਕ ਸ਼ੈਲੀ ਵਿਚ ਅਸਤਿ ਨੂੰ ਸਤਿ ਕਲਪਿਤ ਕਰਨ ਦਾ ਸੰਕੇਤ ਹੈ।

ਗੁਰਮਤਿ ਅਨੁਸਾਰ ਮਾਇਆ ਦੇ ਰੂਪਾਂ ਦੀ ਕੋਈ ਸੀਮਾ ਨਹੀਂ। ਇਹ ਕਈ ਪ੍ਰਕਾਰ ਦੇ ਮਨਮੋਹਕ ਰੂਪ ਧਾਰ ਕੇ ਜਗ ਨੂੰ ਠੱਗਦੀ ਹੈ। ਪੁੱਤਰ, ਭਰਾ, ਪਤਨੀ, ਧਨ, ਜੋਬਨ, ਲੋਭ ਅਤੇ ਹੰਕਾਰ ਦੇ ਫਲਸਰੂਪ ਸਾਰੇ ਸੰਸਾਰ ਵਿਚ ਮਾਇਆ ਦੇ ਮੋਹ ਦੀ ਠਗੌਲੀ ਵਿਆਪਤ ਹੈ:

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ॥
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ॥੧॥੧੩॥ *(ਪੰਨਾ ੬੧)*

ਮਾਇਆ ਦੀ ਸਾਰੀ ਰਚਨਾ ਧੋਖਾ ਹੀ ਧੋਖਾ ਹੈ "ਬਾਬਾ ਮਾਇਆ ਰਚਨਾ ਧੋਹੁ॥"[੧]। ਗੁਰੂ ਅਮਰ ਦਾਸ ਜੀ ਨੇ ਮਾਇਆ ਨੂੰ ਨਾਗਿਨ ਕਿਹਾ ਹੈ, ਜੋ ਜਗਤ ਨਾਲ ਲਿਪਟੀ ਹੋਈ ਹੈ। ਜੋ ਇਸ ਦੀ ਸੇਵਾ ਕਰਦਾ ਹੈ, ਉਸੇ ਨੂੰ ਇਹ ਡੰਗਦੀ ਹੈ। ਕੋਈ ਵਿਰਲਾ ਗੁਰਮੁਖ ਵਿਅਕਤੀ ਹੀ ਇਸ ਦੀ ਵਿਸ਼ ਨੂੰ ਨਸ਼ਟ ਕਰਨ ਦਾ ਮੰਤਰ ਜਾਣਦਾ ਹੈ ਅਤੇ ਇਸ ਨੂੰ ਮਸਲ ਕੇ ਪੈਰਾਂ ਵਿਚ ਸੁੱਟ ਦਿੰਦਾ ਹੈ:

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥...੨॥੫॥

(ਪੰਨਾ ੫੧੦)

ਇਕ ਹੋਰ ਪ੍ਰਸੰਗ ਵਿਚ ਗੁਰੂ ਅਮਰ ਦਾਸ ਜੀ ਨੇ ਇਸ ਨੂੰ ਅਜਿਹੀ ਮਨਮੋਹਕ ਕਿਹਾ ਹੈ, ਜਿਸ ਨੇ ਬਿਨਾਂ ਦੰਦਾਂ ਦੇ ਜਗ ਨੂੰ ਖਾ ਲਿਆ ਹੈ। ਮਨਮੁਖਾਂ ਨੂੰ ਇਸ ਨੇ ਗ੍ਰਸਿਆ ਹੋਇਆ ਹੈ ਅਤੇ ਸੱਚੇ ਨਾਮ ਵਿਚ ਚਿੱਤ ਲਾਉਣ ਵਾਲੇ ਗੁਰਮੁਖ ਇਸ ਦੇ ਪ੍ਰਭਾਵ ਤੋਂ ਉੱਚੇ ਉਠ ਗਏ ਹਨ:

---

੧. ਸਿਰੀਰਾਗੁ ਮ: ੧, ਰਹਾਉ॥ ੩, ਪੰਨਾ ੧੫.

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥...੧॥੪॥

(ਪੰਨਾ ੬੪੩)

ਗੁਰੂ ਨਾਨਕ ਦੇਵ ਜੀ ਨੇ ਮਾਇਆ ਨੂੰ ਤ੍ਰਿਗੁਣਾਤਮਕ ਸ਼ਕਤੀ ਕਹਿ ਕੇ ਇਸ ਨੂੰ ਤਿੰਨ ਗੁਣਾਂ ਦੇ ਮੇਲ ਨਾਲ ਬਣਨ ਵਾਲਾ ਮੰਨਿਆ ਹੈ:

ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ ॥ਰਹਾਉ॥੧੬॥

(ਪੰਨਾ ੧੫੬)

ਗੁਰਬਾਣੀ ਦੇ ਕਈਆਂ ਪ੍ਰਸੰਗਾਂ ਵਿਚ ਇਸ ਨੂੰ ਸਾਸ (ਸੱਸ), ਜਾਲ, ਨਾਗਨ, ਸਰਪਣੀ ਆਦਿ ਪ੍ਰਤੀਕਾਂ ਦੁਆਰਾ ਵਰਣਿਤ ਕੀਤਾ ਗਿਆ ਹੈ। 'ਜਪੁ ਜੀ' ਵਿਚ ਇਸ ਨੂੰ ਕੂੜ ਦੀ ਪਾਲਿ, ਜਾਂ ਝੂਠ ਦੀ ਦੀਵਾਰ ਕਿਹਾ ਗਿਆ ਹੈ। ਜਦ ਤਕ ਇਹ ਟੁੱਟਦੀ ਨਹੀਂ, ਮਨੁੱਖ ਸਚਿਆਰ ਨਹੀਂ ਹੋ ਸਕਦਾ, ਉਹ ਆਪਣੇ ਵਾਸਤਵਿਕ ਰੂਪ ਨੂੰ ਨਹੀਂ ਪਛਾਣ ਸਕਦਾ।

ਸਾਂਖ ਮਤ ਵਾਲੇ ਪ੍ਰਕ੍ਰਿਤੀ (ਮਾਇਆ) ਨੂੰ ਪਰਮਾਤਮਾ ਵਾਂਗ ਆਪਣੇ ਆਪ ਹੋਣ ਵਾਲੀ, ਸੁਤੰਤਰ ਅਤੇ ਅਨਾਦਿ ਸੱਤਾ ਮੰਨਦੇ ਹਨ, ਪਰ ਉਪਨਿਸ਼ਦਾਂ ਵਿਚ ਇਹ ਪਰਮਾਤਮਾ ਦੇ ਆਸਰੇ ਵਿਚ ਦੱਸੀ ਗਈ ਹੈ। ਇਸ ਦਾ ਪਰਮ ਸੱਤਾ 'ਤੇ ਕੋਈ ਪ੍ਰਭਾਵ ਨਹੀਂ। ਗੁਰੂ ਨਾਨਕ ਦੇਵ ਜੀ ਨੇ ਵੀ ਮਾਇਆ ਦੀ ਸੁਤੰਤਰ ਹੋਂਦ ਨਹੀਂ ਮੰਨੀ, ਪਰ ਉਂਜ ਇਹ ਸਾਰਿਆਂ ਲੋਕਾਂ ਵਿਚ ਵਿਆਪਤ ਹੈ। ਇਸ ਦਾ ਸਰੂਪ ਰਹੱਸਮਈ ਹੈ। ਇਸ ਨੂੰ ਇਸ ਦਾ ਸਿਰਜਣਹਾਰ ਪਰਮਾਤਮਾ ਹੀ ਸਹੀ ਰੂਪ ਵਿਚ ਸਮਝ ਸਕਦਾ ਹੈ:

ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ ॥੪੮॥ *(ਪੰਨਾ ੯੩੭)*

ਗੁਰੂ ਨਾਨਕ ਦੇਵ ਜੀ ਨੇ ਮਾਇਆ ਨੂੰ 'ਚੇਰੀ' ਅਤੇ ਪਰਮਾਤਮਾ ਨੂੰ 'ਠਾਕੁਰ' ਕਹਿ ਕੇ ਇਨ੍ਹਾਂ ਦੋਹਾਂ ਵਿਚਾਲੇ ਸੁਆਮੀ-ਸੇਵਿਕਾ ਦਾ ਸੰਬੰਧ ਸਥਾਪਿਤ ਕੀਤਾ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਜੋ ਸੁਆਮੀ ਨੂੰ ਛੱਡ ਕੇ ਸੇਵਿਕਾ ਦੀ ਸੇਵਾ ਕਰਦੇ ਹਨ, ਉਨ੍ਹਾਂ ਦਾ ਸਾਰਾ ਕਰਮ ਧਰਮ ਪਾਣੀ ਨੂੰ ਰਿੜਕਣ ਦੇ ਸਮਾਨ ਨਿਰਉਤਪਾਦਕ ਹੈ:

ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥੭॥੧੮॥ *(ਪੰਨਾ ੨੨੯)*

ਮਾਇਆ ਨੂੰ 'ਜਪੁ ਜੀ' ਵਿਚ ਤਿੰਨ ਚੇਲਿਆਂ ਵਾਲੀ ਕਥਨ ਕਰਕੇ ਜਿਥੇ ਤ੍ਰਿਗੁਣਾਤਮਕ ਦੱਸਿਆ ਹੈ, ਉਥੇ ਸਾਰੇ ਸੰਸਾਰ ਵਿਚ ਇਸ ਦੀ ਵਿਆਪਕਤਾ ਮੰਨੀ ਹੈ। ਇਸ ਦਾ ਪਰਿਵਾਰ ਬਹੁਤ ਵੱਡਾ ਹੈ, ਇਸ ਵਿਚ ਸਾਰੇ ਵਿਕਾਰ, ਵਾਸ਼ਨਾਵਾਂ ਅਤੇ ਕੁਰੁਚੀਆਂ ਸ਼ਾਮਲ ਹਨ। ਕਾਮ, ਕਰੋਧ, ਲੋਭ, ਮੋਹ, ਹੰਕਾਰ, ਤ੍ਰਿਸ਼ਨਾ, ਦੁਰਮਤਿ, ਦੁਬਿਧਾ ਆਦਿ ਇਸ ਦੇ ਪੁੱਤਰ ਪੁੱਤਰੀਆਂ ਹਨ। ਇਨ੍ਹਾਂ ਦੁਆਰਾ ਮਨ ਸਦਾ ਵਿਕਾਰੀ ਬਣਿਆ ਰਹਿੰਦਾ ਹੈ। ਇਨ੍ਹਾਂ ਵਿਕਾਰਾਂ ਤੋਂ ਅੱਗੋਂ ਹੋਰ ਵਿਕਾਰਾਂ ਦੀ ਉਤਪਤੀ ਤੇ ਵਿਕਾਸ ਹੁੰਦਾ ਹੈ। ਇਸ ਤਰ੍ਹਾਂ ਵਿਕਾਰ ਅਨੰਤ ਹਨ। ਗੁਰਬਾਣੀ ਵਿਚ ਇਨ੍ਹਾਂ ਵਿਕਾਰਾਂ ਦਾ ਖੰਡਨ ਕਰ ਕੇ ਇਨ੍ਹਾਂ ਤੋਂ ਬਚਣ ਦਾ ਉਪਦੇਸ਼ ਦਿੱਤਾ ਗਿਆ ਹੈ।

ਮਾਇਆ ਦੇ ਦੋ ਰੂਪ ਪ੍ਰਧਾਨ ਰੂਪ ਵਿਚ ਗੁਰਬਾਣੀ ਵਿਚ ਚਿਤਰੇ ਗਏ ਹਨ। ਸਮੱਸ਼ਟੀ ਰੂਪ 'ਕੁਦਰਤ' ਸ਼ਬਦ ਰਾਹੀਂ ਵਿਅਕਤ ਹੋਇਆ ਹੈ ਅਤੇ ਵਿਅਸ਼ਟੀ ਰੂਪ 'ਅਵਿਦਿਆ' ਰਾਹੀਂ ਬੋਧਕ ਹੋਇਆ ਹੈ। ਇਸ ਦਾ ਪ੍ਰਭਾਵ-ਖੇਤਰ ਬਹੁਤ ਵਿਆਪਕ ਹੈ। ਸਾਧਾਰਨ ਪ੍ਰਾਣੀ ਨੂੰ ਤਾਂ ਕੀ, ਇਸ ਨੇ ਦੇਵੀ ਦੇਵਤਿਆਂ ਨੂੰ ਵੀ ਮੋਹਿਆ ਹੋਇਆ ਹੈ ("ਮਾਇਆ ਮੋਹੇ ਦੇਵੀ ਸਭਿ ਦੇਵਾ"[1])। ਸਾਰਾ ਸੰਸਾਰ ਮਾਇਆ ਦਾ ਹੀ ਰੂਪਾਕਾਰ ਹੈ ("ਸੰਸਾਰੁ ਮਾਇਆ ਮੋਹੁ ਮੀਠਾ"[2]) ਅਤੇ ਇਹ ਮਾਇਆ ਦੀ ਹੀ ਛਾਇਆ ਹੈ:

ਸਭੁ ਜਗੁ ਦੇਖਿਆ ਮਾਇਆ ਛਾਇਆ॥...੪॥੧੭॥ *(ਪੰਨਾ ੩੫੪)*

ਮਨੁੱਖ ਦਾ ਮਨ ਮੂਲ ਰੂਪ ਵਿਚ ਪ੍ਰਕਾਸ਼ਮਈ ਹੈ, ਪਰ ਮਾਇਆ ਦੇ ਪ੍ਰਭਾਵ ਕਰਕੇ ਇਹ ਅੰਧਕਾਰਮਈ ਹੋ ਜਾਂਦਾ ਹੈ। ਜਦ ਤਕ ਮਨ ਮਰਦਾ ਨਹੀਂ, ਅੰਧਕਾਰ ਤੋਂ ਨਿਕਲਦਾ ਨਹੀਂ ("ਨਾ ਮਨੁ ਮਰੈ ਨ ਮਾਇਆ ਮਰੈ"[3]), ਤਦ ਤਕ ਮਾਇਆ ਨਹੀਂ ਮਰਦੀ ਅਤੇ ਵਿਅਕਤੀ ਮੁਕਤ ਅਵਸਥਾ ਨੂੰ ਪ੍ਰਾਪਤ ਨਹੀਂ ਕਰ ਸਕਦਾ। ਗੁਰਬਾਣੀ ਵਿਚ ਮਾਇਆ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਕਈ ਉਪਾਅ ਦੱਸੇ ਗਏ ਹਨ, ਜਿਵੇਂ ਪਰਮਾਤਮਾ ਅਤੇ ਗੁਰੂ ਦੀ ਕਿਰਪਾ, ਗੁਰੂ ਦੀ ਸ਼ਰਨ, ਹਰਿ ਭਗਤੀ, ਨਾਮ ਜਾਪ, ਸਤਿਸੰਗਤ, ਆਦਿ। ਮਾਇਆ ਤੋਂ ਮੁਕਤ ਹੋਣ 'ਤੇ ਹੀ ਮਨੁੱਖ ਵਾਸਤਵਿਕ ਮਨੁੱਖ ਬਣਨ ਦਾ ਅਧਿਕਾਰੀ ਹੋ ਸਕਦਾ ਹੈ।

•

---

੧. ਗਉੜੀ ਮ: ੧, ਅੰਕ ੨੧੪, ਪੰਨਾ ੨੨੭.
੨. ਆਸਾ ਮ: ੧ ਛੰਤ, ਅੰਕ ੩, ਪੰਨਾ ੪੩੯.
੩. ਪ੍ਰਭਾਤੀ ਅਸ: ਮ: ੧, ਰਹਾਉ। ੧, ਪੰਨਾ ੧੩੪੨.

ਜੀਵਨ ਮੁਕਤੁ ਸੋ ਆਖੀਐ

ਗੁਰੂ ਦੇ ਉਪਦੇਸ਼ ਪ੍ਰਾਪਤ ਕੀਤੇ ਬਿਨਾਂ ਕੋਈ ਵੀ ਵਿਅਕਤੀ ਮੁਕਤੀ ਪ੍ਰਾਪਤ ਕਰਨ ਵਿਚ ਸਮਰੱਥ ਨਹੀਂ ਹੋ ਸਕਦਾ, ਕਿਉਂਕਿ ਗੁਰੂ ਦੇ ਉਪਦੇਸ਼ ਰਾਹੀਂ ਮਨੁਖ ਆਪਣੇ ਵਾਸਤਵਿਕ ਸਰੂਪ ਨੂੰ ਪਛਾਣਦਾ ਹੋਇਆ ਠੀਕ ਮਾਰਗ 'ਤੇ ਅੱਗੇ ਵਧਦਾ ਹੈ।

ਮੁਕਤੀ ਜਾਂ ਮੋਖ ਭਾਰਤੀ ਅਧਿਆਤਮਿਕਤਾ ਦਾ ਅੰਤਿਮ ਫਲ ਹੈ। ਇਸ ਨੂੰ ਚਾਰ ਪਦਾਰਥਾਂ (ਧਰਮ, ਅਰਥ, ਕਾਮ ਅਤੇ ਮੋਖ) ਵਿਚ ਆਖ਼ਰੀ ਅਤੇ ਮੁੱਖ ਸਥਾਨ ਪ੍ਰਾਪਤ ਹੈ। ਇਹ ਮਨੁੱਖੀ ਜੀਵਨ ਦਾ ਪਰਮ ਪੁਰਸ਼ਾਰਥ ਸਮਝਿਆ ਜਾਂਦਾ ਹੈ। ਵੱਖ ਵੱਖ ਭਾਰਤੀ ਦਾਰਸ਼ਨਿਕ ਪਰੰਪਰਾਵਾਂ ਵਿਚ ਇਸ ਦੇ ਸਰੂਪ ਅਤੇ ਸਥਿਤੀ ਵਿਚ ਕਾਫ਼ੀ ਮਤਭੇਦ ਰਿਹਾ ਹੈ, ਪਰ ਇਕ ਗੱਲ ਬਾਰੇ ਸਾਰੇ ਸਹਿਮਤ ਹਨ ਕਿ ਮੋਖ-ਮੁਕਤੀ ਉਸ ਸਥਿਤੀ ਦਾ ਸੂਚਕ ਹੈ ਜਦ ਮਨੁਖ ਤਿੰਨ ਪ੍ਰਕਾਰ ਦੇ ਦੁੱਖਾਂ (ਦੈਹਿਕ, ਭੌਤਿਕ ਅਤੇ ਦੈਵਿਕ) ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ। ਇਸ ਤਰ੍ਹਾਂ ਮੋਖ ਤੋਂ ਭਾਵ ਮਨੁਖ ਦੇ ਸੰਸਾਰਿਕ ਦੁੱਖਾਂ ਦਾ ਪੂਰਣ ਅਭਾਵ ਹੈ। ਵੱਖ ਵੱਖ ਦਾਰਸ਼ਨਿਕਾਂ ਨੇ ਇਸ ਅਵਸਥਾ ਨੂੰ ਮੋਖ, ਮੁਕਤੀ, ਨਿਰਵਾਣ, ਕੈਵਲਯ, ਅਪਵਰਗ, ਪਰਮਪਦ, ਪਰਮਗਤਿ, ਪਰਮਸੁਖ, ਤੁਰੀਆਵਸਥਾ ਆਦਿ ਨਾਂ ਦਿੱਤੇ ਹਨ।

ਗੁਰਬਾਣੀ ਵਿਚ ਮੁਕਤੀ ਦੇ ਸਰੂਪ ਸੰਬੰਧੀ ਕੋਈ ਵਿਵਸਥਿਤ ਚਰਚਾ ਨਹੀਂ ਹੋਈ। ਕੁਝ ਕੁ ਉਕਤੀਆਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਸੰਸਾਰਿਕ ਬੰਧਨਾਂ ਤੋਂ ਛੁਟਕਾਰਾ ਪ੍ਰਾਪਤ ਕਰਨਾ ਹੀ 'ਮੁਕਤੀ' ਹੈ। ਅਧਿਆਤਮਿਕ ਸਾਧਨਾ ਦੁਆਰਾ ਸੰਸਾਰਿਕ ਬੰਧਨਾਂ ਨੂੰ ਕਟ ਕੇ ਉਨ੍ਹਾਂ ਤੋਂ ਨਿਰਬੰਧ ਹੋਣਾ ਹੀ ਮੁਕਤੀ ਦੀ ਅਵਸਥਾ ਹੈ। ਗੁਰਮਤਿ ਅਨੁਸਾਰ ਸਾਰਾ ਸੰਸਾਰ ਤ੍ਰਿਗੁਣਾਤਮਕ ਮਾਇਆ ਦਾ ਸਾਕਾਰ ਰੂਪ ਹੈ। ਅਸਲ ਵਿਚ ਇਹ ਮਾਇਆ ਦੇ ਮਿੱਠੇ ਮੋਹ ਦਾ ਪਸਾਰ ਹੈ। ਮਾਇਆ ਅਤੇ ਉਸ ਦੇ ਉਪਕਰਣਾਂ ਦੇ ਫਲਸਰੂਪ ਮਨੁਖ ਭਰਮ-ਗ੍ਰਸਤ ਹੋ ਜਾਂਦਾ ਹੈ ਅਤੇ ਉਹ ਆਪਣੇ ਵਾਸਤਵਿਕ ਸਰੂਪ ਨੂੰ ਭੁੱਲ ਜਾਂਦਾ ਹੈ। ਇਹ ਭੁੱਲਣਾ ਹੀ ਸੰਸਾਰਿਕ ਦੁੱਖ ਸੁੱਖ ਦਾ ਕਾਰਣ ਬਣਦਾ ਹੈ। ਇਹੀ ਅਗਿਆਨ ਹੈ। ਇਸੇ ਦੇ ਵਸ ਹੋ ਕੇ ਮਨੁਖ ਨਾਮ ਰੂਪਾਤਮਕ ਸੰਸਾਰ ਦੇ ਮਾਇਆ-ਜਾਲ ਵਿਚ ਫਸ ਜਾਂਦਾ ਹੈ, ਬੰਧਨ ਵਿਚ ਗ੍ਰਸਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਇਨ੍ਹਾਂ ਬਹੁ-ਪ੍ਰਕਾਰੀ ਬੰਧਨਾਂ ਵਿੱਚੋਂ ਕੋਈ ਵਿਰਲਾ ਵਿਅਕਤੀ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ:

ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥...੫॥੧੪॥ *(ਪੰਨਾ ੬੨)*

ਸੰਸਾਰਿਕ ਬੰਧਨਾਂ ਦਾ ਮੂਲ ਕਾਰਣ ਹਉਮੈ ਹੈ। ਹਉਮੈ ਵਸ ਕੀਤੇ ਗਏ ਸਾਰੇ

ਕਰਮ-ਧਰਮ ਬੰਧਨ ਹਨ। ਹਉਮੈ ਮਨੁੱਖ ਨੂੰ ਸੰਸਾਰਿਕ ਯਾਤਰਾ ਲਈ ਮਜਬੂਰ ਕਰਦੀ ਹੈ। ਇਸੇ ਤਰ੍ਹਾਂ ਮਾਇਆ ਦੇ ਹੋਰ ਤੱਤ ਵੀ ਬੰਧਨ—ਗ੍ਰਸਤ ਹਨ। ਗੁਰੂ ਦੀ ਕਿਰਪਾ ਦੁਆਰਾ ਮਾਇਆ ਦੇ ਪ੍ਰਭਾਵ ਦੇ ਹਟਣ ਨਾਲ ਮਨੁੱਖ ਵਾਸਤਵਿਕਤਾ ਨੂੰ ਪਛਾਣਨ ਦੇ ਸਮਰੱਥ ਹੁੰਦਾ ਹੈ। ਇਹ ਇਕ ਪ੍ਰਕਾਰ ਆਤਮਾ -ਪਰਮਾਤਮਾ ਦਾ ਸਾਖਿਆਤਕਾਰ ਹੈ। ਗੁਰੂ ਨਾਨਕ ਦੇਵ ਜੀ ਬੈਕੁੰਠ ਧਾਮ ਪਹੁੰਚਣ ਵਾਲੀ ਮੁਕਤੀ ਨੂੰ ਆਤਮ-ਸਾਖਿਆਤਕਾਰ ਵਾਲੀ ਮੁਕਤੀ ਨਾਲੋਂ ਤੁੱਛ ਸਮਝਦੇ ਹਨ:

ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥੩੮॥ (ਪੰਨਾ ੩੬੦)

ਇਸ ਤੱਥ ਦੀ ਪੁਸ਼ਟੀ ਗੁਰੂ ਰਾਮਦਾਸ ਜੀ ਦੀ ਬਾ-ਣੀ ਤੋਂ ਵੀ ਹੋ ਜਾਂਦੀ ਹੈ:

ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ,
ਨਿਤਿ ਆਸਾ ਆਸ ਕਰੀਜੈ ॥
ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ,
ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ ॥੧॥੨॥ (ਪੰਨਾ ੧੩੨੪)

ਗੁਰੂ ਅਰਜਨ ਦੇਵ ਜੀ ਨੇ ਵੀ ਪਰਮਾਤਮਾ ਦੇ ਚਰਣ-ਕਮਲਾਂ ਨਾਲ ਆਪਣੀ ਪ੍ਰੀਤ ਨੂੰ ਰਾਜ ਅਤੇ ਮੁਕਤੀ ਦੀ ਚਾਹਨਾ ਤੋਂ ਉੱਚਾ ਸਮਝਿਆ ਹੈ:

ਰਾਜੁ ਨ ਚਾਹਉ ਮੁਕਤਿ ਨ ਚਾਹਉ,
ਮਨਿ ਪ੍ਰੀਤਿ ਚਰਨ ਕਮਲਾਰੇ ॥...੧॥੨੧॥ (ਪੰਨਾ ੫੩੪)

ਇਥੇ ਇਕ ਗੱਲ ਹੋਰ ਸਪੱਸ਼ਟ ਕਰ ਦੇਣੀ ਠੀਕ ਪ੍ਰਤੀਤ ਹੁੰਦੀ ਹੈ ਕਿ ਗੁਰਬਾਣੀ ਵਿਚ ਮੁਕਤੀ-ਪ੍ਰਾਪਤੀ ਸੰਬੰਧੀ ਬੰਧਨਾਂ ਤੋਂ ਨਿਰਬੰਧ ਹੋਣ ਦੀ ਜੋ ਗੱਲ ਕਹੀ ਗਈ ਹੈ, ਉਸ ਤੋਂ ਭਾਵ ਮ੍ਰਿਤੂ ਨਹੀਂ, ਸਗੋਂ ਜੀਵਿਤ ਅਵਸਥਾ ਵਿਚ ਹੀ ਆਪਣੇਪਨ ਦੀ ਭਾਵਨਾ ਨੂੰ ਮਾਰਨਾ ਹੈ। ਜਦ ਆਪਣੇਪਨ ਜਾਂ ਮਾਇਆ ਦੇ ਪ੍ਰਪੰਚ ਦਾ ਪ੍ਰਭਾਵ ਨਸ਼ਟ ਹੋ ਜਾਂਦਾ ਹੈ ਤਾਂ ਜੀਵਾਤਮਾ ਅਤੇ ਪਰਮਾਤਮਾ ਵਿਚ ਏਕਤਾ ਹੋ ਜਾਂਦੀ ਹੈ। ਜੀਵ ਤਾਂ ਸੁਭਾਅ ਤੋਂ ਹੀ ਮੁਕਤ ਹੈ। ਮੁਕਤੀ ਨਾ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ, ਨਾ ਹੀ ਇਸ ਨੂੰ ਉਤਪੰਨ ਕੀਤਾ ਜਾ ਸਕਦਾ ਹੈ। ਇਸ ਲਈ ਮੁਕਤੀ ਤਾਂ ਜੀਵ ਪਾਸ ਸਦਾ ਮੌਜੂਦ ਰਹਿੰਦੀ ਹੈ, ਪਰ ਜੀਵ ਭਰਮ-ਵਸ ਇਸ ਨੂੰ ਕਿਤੋਂ ਬਾਹਰੋਂ ਖੋਜਣ ਦਾ ਯਤਨ ਕਰਦਾ ਹੈ। ਜਦੋਂ ਗੁਰੂ ਦੇ ਗਿਆਨ ਨਾਲ ਅਗਿਆਨ ਅਤੇ ਭਰਮ ਹਟ ਜਾਂਦੇ ਹਨ, ਬਿਬੇਕ ਉਤਪੰਨ ਹੁੰਦਾ ਹੈ ਤਾਂ ਵਿਅਕਤੀ ਸਹਿਜ-ਸੁਭਾ ਮੁਕਤੀ ਨੂੰ ਪ੍ਰਾਪਤ ਕਰ ਕੇ ਪ੍ਰਸੰਨ ਹੁੰਦਾ ਹੈ। ਅਸਲ ਵਿਚ, ਇਹ ਮੁਕਤੀ ਗਲ ਦੀ ਮਾਲਾ ਵਾਂਗ ਉਸ ਪਾਸ ਪਹਿਲਾਂ ਹੀ ਮੌਜੂਦ ਹੈ, ਜੋ ਬਸਤ੍ਰਾਂ ਦੇ ਹੇਠਾਂ ਲੁਕ ਜਾਣ ਕਰਕੇ ਸਪੱਸ਼ਟ ਨਹੀਂ ਹੋ ਰਹੀ, ਪਰ ਕੱਪੜਿਆਂ ਦੇ ਹਟਣ ਨਾਲ ਮਾਲਾ ਸਾਫ਼ ਦਿਸ ਪੈਂਦੀ ਹੈ। ਇਸੇ ਤਰ੍ਹਾਂ ਭਰਮਾਂ ਦੇ ਕੱਟਣ ਨਾਲ ਆਤਮ-ਬੋਧ ਹੋ ਜਾਂਦਾ ਹੈ। ਇਹੀ ਮੁਕਤੀ ਹੈ। ਇਹ ਕੋਈ ਨਵੀਂ ਪ੍ਰਾਪਤੀ ਨਹੀਂ, ਪ੍ਰਾਪਤੀ ਦੀ ਹੀ ਪੁਨਰ-ਪ੍ਰਾਪਤੀ ਹੈ ਅਤੇ ਇਸ ਦੀ ਪ੍ਰਾਪਤੀ ਜੀਵਿਤ ਅਵਸਥਾ ਵਿਚ ਹੀ ਸੰਭਵ ਹੈ।

ਮੁਕਤੀ ਪ੍ਰਾਪਤ ਕਰਨ ਵਾਲੇ ਸਾਧਕਾਂ ਨੂੰ 'ਮੁਕਤ' ਕਿਹਾ ਗਿਆ ਹੈ। ਇਹ ਆਮ ਤੌਰ 'ਤੇ ਤਿੰਨ ਤਰ੍ਹਾਂ ਦੇ ਹੁੰਦੇ ਹਨ—ਜੀਵਨ ਮੁਕਤ, ਵਿਦੇਹ ਮੁਕਤ ਅਤੇ ਨਿੱਤ ਮੁਕਤ। ਜੋ ਸਰੀਰ ਨੂੰ ਧਾਰਨ ਕਰਦੇ ਹੋਇਆਂ ਆਤਮ-ਗਿਆਨ ਰਾਹੀਂ ਸੰਸਾਰਿਕ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ, ਉਹ ਜੀਵਨ-ਮੁਕਤ ਅਖਵਾਂਦੇ ਹਨ। ਜੋ ਜੀਵ ਦੇਹ ਦੇ ਨਸ਼ਟ ਹੋਣ 'ਤੇ ਮੁਕਤੀ ਪ੍ਰਾਪਤ ਕਰਦੇ ਹਨ, ਉਹ ਵਿਦੇਹ-ਮੁਕਤ ਹਨ ਅਤੇ ਜੋ ਆਪਣੇ ਕਰਮਾਂ ਦੇ ਵਸ ਵਿਚ ਹੋ ਕੇ ਜਨਮ ਮਰਨ ਨੂੰ ਪ੍ਰਾਪਤ ਨਹੀਂ ਹੁੰਦੇ ਅਤੇ ਅਵਤਾਰਾਂ ਵਾਂਗ ਆਪਣੀ ਜਾਂ ਪਰਮਾਤਮਾ ਦੀ ਇੱਛਾ ਅਨੁਸਾਰ ਵੱਖ ਵੱਖ ਲੋਕਾਂ ਵਿਚ ਵਿਚਰਣ ਕਰਦੇ ਰਹਿੰਦੇ ਹਨ, ਉਹ ਨਿੱਤ-ਮੁਕਤ ਹਨ।

ਉਪਰੋਕਤ ਤਿੰਨਾਂ ਵਿੱਚੋਂ ਗੁਰੂ ਸਾਹਿਬਾਨ ਦੀ ਰੁਚੀ ਕੇਵਲ ਜੀਵਨ-ਮੁਕਤ ਪ੍ਰਤਿ ਰਹੀ ਹੈ। ਕਿਉਂਕਿ ਗੁਰੂ ਸਾਹਿਬਾਨ ਮੁਕਤੀ ਨੂੰ ਜੀਵਨ ਉਪਰੰਤ ਪ੍ਰਾਪਤ ਹੋਣ ਵਾਲਾ ਕੋਈ ਪਦਾਰਥ ਨਹੀਂ ਮੰਨਦੇ। ਗੁਰੂ ਨਾਨਕ ਦੇਵ ਜੀ ਦਾ ਆਦਰਸ਼-ਵਿਅਕਤੀ-ਗੁਰਮੁਖ ਜੀਵਿਤ ਅਵਸਥਾ ਵਿਚ ਹੀ ਮੁਕਤ ਹੈ। ਉਹ ਜਗਤ ਤੋਂ ਭੱਜਦਾ ਨਹੀਂ, ਸਗੋਂ ਸੰਸਾਰ ਵਿਚ ਰਹਿੰਦਾ ਹੋਇਆ ਲੋਕ-ਕਲਿਆਣ ਵਿਚ ਲੀਨ ਰਹਿੰਦਾ ਹੈ। ਉਹ ਪੰਜ-ਭੌਤਿਕ ਸਰੀਰ ਧਾਰਨ ਕਰਦੇ ਹੋਏ ਵੀ ਆਪਣੇ ਆਪ ਨੂੰ ਦੇਹ ਜਾਂ ਹੱਡ-ਚੰਮ ਅਤੇ ਇੰਦਰੀਆਂ ਦਾ ਢਾਂਚਾ ਨਹੀਂ ਸਮਝਦਾ। ਸਾਰੇ ਜਗਤ ਦਾ ਖੇਲ-ਪਸਾਰਾ ਉਸ ਸਾਹਮਣੇ ਮੌਜੂਦ ਰਹਿੰਦਾ ਹੈ, ਪਰ ਉਹ ਆਪਣੇ ਸੰਜਮ ਕਰਕੇ ਨਾਮ-ਰੂਪਾਤਮਕ ਵਿਸ਼ਿਆਂ ਵਿਚ ਨਹੀਂ ਫਸਦਾ, ਉਨ੍ਹਾਂ ਨੂੰ ਪ੍ਰਾਪਤ ਕਰਨ ਵਿਚ ਉਸ ਦੇ ਮਨ ਵਿਚ ਕੋਈ ਇੱਛਾ ਨਹੀਂ ਰਹਿ ਜਾਂਦੀ। ਉਸ ਨੂੰ ਜੀਉਂਦੇ-ਜੀ ਹੀ ਮੁਕਤੀ ਪ੍ਰਾਪਤ ਹੋ ਚੁੱਕੀ ਹੁੰਦੀ ਹੈ। ਇਸੇ ਵਿਅਕਤੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਵਨ-ਮੁਕਤ ਆਖਿਆ ਹੈ। ਉਸ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੇ ਮਨ ਤੋਂ ਹਉਮੈ ਦੀ ਭਾਵਨਾ ਨੂੰ ਮਿਟਾ ਦਿੰਦਾ ਹੈ, ਸੱਚੀ ਰਹਿਣੀ ਰਹਿੰਦਾ ਹੈ ਅਤੇ ਮਨ ਵਿਚ ਹਰਿ ਨਾਮ ਨੂੰ ਵਸਾਂਦਾ ਹੈ:

(੧) **ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥੬॥੨॥** *(ਪੰਨਾ ੧੦੧੦)*

(੨) **ਜੀਵਨ ਮੁਕਤੁ ਜਾ ਸਬਦੁ ਸੁਣਾਏ ॥**
ਸਚੀ ਰਹਤ ਸਚਾ ਸੁਖੁ ਪਾਏ ॥੭॥੨॥ *(ਪੰਨਾ ੧੩੪੩)*

(੩) **ਜੀਵਨ ਮੁਕਤੁ ਮਨਿ ਨਾਮੁ ਵਸਾਏ ॥...੩॥੩॥** *(ਪੰਨਾ ੪੧੨)*

'ਸਿਧ ਗੋਸਟਿ' ਵਿਚ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਦੇ ਇਸ ਪ੍ਰਸ਼ਨ—ਦੁਸਤਰ ਸੰਸਾਰ ਸਾਗਰ ਨੂੰ ਕਿਵੇਂ ਤਰਿਆ ਜਾਏ?—ਦਾ ਉੱਤਰ ਦਿੰਦਿਆਂ ਜੀਵਨ-ਮੁਕਤ ਵਾਲੀ ਗੱਲ ਪ੍ਰਕਾਰਾਂਤਰ ਨਾਲ ਕਮਲ ਅਤੇ ਮੁਰਗ਼ਾਬੀ ਦੇ ਉਪਮਾਨਾਂ ਰਾਹੀਂ ਇਸੇ ਤਰ੍ਹਾਂ ਕਹੀ ਹੈ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥...੫॥ *(ਪੰਨਾ ੯੩੮)*

ਸਾਰਾਂਸ਼ ਇਹ ਕਿ ਸੱਚਾ ਸਾਧਕ ਜੀਵਿਤ ਅਵਸਥਾ ਵਿਚ ਹੀ ਮਨ ਨੂੰ ਵਸ ਵਿਚ ਕਰ ਕੇ ਮੁਕਤ ਅਵਸਥਾ ਪ੍ਰਾਪਤ ਕਰ ਸਕਦਾ ਹੈ ਅਤੇ ਅਜਿਹੇ ਸਾਧਕ ਹੀ ਮਨੁੱਖਤਾ ਦਾ ਸੱਚੇ ਅਰਥਾਂ ਵਿਚ ਸੁਧਾਰ ਕਰ ਸਕਦੇ ਹਨ।

•

ਗੁਰਮੁਖਿ ਰਾਮ ਨਾਮ ਗੁਣ ਗਾਵਹਿ

ਗੁਰਬਾਣੀ ਵਿਚ ਸਾਰੇ ਮਨੁੱਖਾਂ ਨੂੰ ਸਮੁੱਚੇ ਤੌਰ 'ਤੇ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ–ਗੁਰਮੁਖ ਅਤੇ ਮਨਮੁਖ। ਦੋਵੇਂ ਵਿਪਰੀਤ ਰੁਚੀਆਂ, ਇੱਛਾਵਾਂ ਅਤੇ ਭਾਵਨਾਵਾਂ ਵਾਲੇ ਮਨੁੱਖ ਹਨ। ਗੁਰਮੁਖ ਕੌਣ ਹੈ? ਇਸ ਦਾ ਉੱਤਰ ਦੇਣਾ ਬਹੁਤ ਕਠਿਨ ਹੈ। ਫਿਰ ਵੀ ਵਿਦਵਾਨਾਂ ਨੇ ਇਸ ਸੰਬੰਧ ਵਿਚ ਯਤਨ ਕੀਤਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਦੇ ਉਪਦੇਸ਼ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਵਾਲਾ ਵਿਅਕਤੀ 'ਗੁਰਮੁਖ' ਹੈ। ਡਾ. ਜਯਰਾਮ ਮਿਸ਼ਰ ਅਨੁਸਾਰ ਗੁਰਮੁਖ ਉਹ ਹੈ ਜਿਸ ਨੇ ਗੁਰੂ ਤੋਂ ਦੀਖਿਆ ਲਈ ਹੋਵੇ, ਜਾਂ ਉਹ ਸਾਧਕ ਜੋ ਰਾਤ ਦਿਨ ਨਾਮ ਸਿਮਰਦਾ ਹੋਵੇ, ਜਾਂ ਉਹ ਸਿੱਧ ਵਿਅਕਤੀ ਜਿਸ ਨੇ ਪੂਰੀ ਨਿਸ਼ਠਾ ਨਾਲ ਧਿਆਨ ਲਗਾ ਕੇ ਮਨ ਨੂੰ ਜਿੱਤ ਲਿਆ ਹੋਵੇ।

ਮੇਰੀ ਸਮਝ ਵਿਚ ਗੁਰਮੁਖ ਇਕ ਅਧਿਆਤਮਿਕ ਪਦਵੀ ਹੈ ਅਤੇ ਇਸ ਪਦਵੀ ਦਾ ਅਧਿਕਾਰੀ ਉਹ ਵਿਅਕਤੀ ਹੈ ਜੋ ਆਪਣਾ ਜੀਵਨ ਗੁਰੂ ਦੀ ਸਿਖਿਆ ਅਨੁਸਾਰ ਬਤੀਤ ਕਰਦਾ ਹੈ। ਗੁਰੂ ਵਿਚ ਇਤਨੀ ਅਪਾਰ ਸ਼ਕਤੀ ਹੈ ਕਿ ਉਹ ਮਨੁੱਖ ਨੂੰ ਸਾਧਾਰਣ ਤੋਂ ਅਸਾਧਾਰਣ, ਮਾਣਸ ਤੋਂ ਦੇਵਤਾ ਬਣਾ ਸਕਦਾ ਹੈ:

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥੧॥੧॥

(ਪੰਨੇ ੪੬੨-੬੩)

ਉਪਰੋਕਤ ਸਲੋਕ ਵਿਚ ਦੱਸਿਆ ਗਿਆ ਦੇਵਤਵ ਹੀ ਵਾਸਤਵ ਵਿਚ 'ਗੁਰਮੁਖਤਾ' ਹੈ ਅਤੇ ਇਸ ਨੂੰ ਧਾਰਨ ਕਰਨ ਵਾਲਾ ਵਿਅਕਤੀ 'ਗੁਰਮੁਖ' ਹੈ। ਇਹੀ ਗੁਰਮਤਿ ਵਿਚਲੇ ਆਦਰਸ਼-ਪੁਰਸ਼ ਦਾ ਸਰੂਪ ਹੈ। ਗੁਰੂ ਨਾਨਕ ਦੇਵ ਜੀ ਦੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ 'ਕੂੜ ਦੀ ਪਾਲਿ' ਨੂੰ ਤੋੜ ਕੇ ਮਨੁੱਖ ਨੂੰ ਸਦਾਚਾਰੀ ਬਣਾਉਣਾ ਸੀ–"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥"[੧] ਇਹ ਸਦਾਚਰਣ ਹੀ ਦੇਵਤਵ ਹੈ। ਇਹੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼-ਪੁਰਸ਼ ਦਾ ਮੂਲ ਆਧਾਰ ਹੈ।

ਸਾਧਕ ਦੁਆਰਾ ਪ੍ਰਾਪਤ ਕੀਤਾ ਦੇਵਤਵ ਜਾਂ ਗੁਰਮੁਖਤਾ ਕਿਸੇ ਪਰੀ-ਲੋਕ ਦਾ ਅਜੂਬਾ ਨਹੀਂ, ਸਗੋਂ ਇਸ ਸੰਸਾਰ ਵਿਚ ਹੀ ਉਸ ਦਾ ਵਿਕਾਸ ਹੁੰਦਾ ਹੈ। ਮਾਇਆ ਵਿਚ ਰਹਿ ਕੇ ਮਾਇਆ ਤੋਂ ਨਿਰਲੇਪ ਰਹਿਣਾ ਹੀ ਗੁਰਮੁਖ ਦੀ ਵਿਸ਼ੇਸ਼ਤਾ ਹੈ। 'ਸਿਧ ਗੋਸਟਿ' ਨਾਂ ਦੀ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ ਜੋਗੀਆਂ ਨੂੰ ਆਦਰਸ਼-ਜੋਗੀ

---

੧. ਜਪੁ ਜੀ, ਪਉੜੀ ੧, ਪੰਨਾ ੧.

ਬਣਨ ਲਈ ਜੋ ਉਪਦੇਸ਼ ਦਿੱਤਾ, ਉਹ ਅਸਲ ਵਿਚ ਉਨ੍ਹਾਂ ਦੇ ਆਪਣੇ ਆਦਰਸ਼-ਪੁਰਸ਼ ਦਾ ਹੀ ਪਰਿਚਯ ਦਿੰਦਾ ਹੈ। ਜਿਵੇਂ ਜਲ ਵਿਚ ਰਹਿੰਦੇ ਹੋਇਆਂ ਵੀ ਕਮਲ ਨਿਰਲਿਪਤ ਰਹਿੰਦਾ ਹੈ ਅਤੇ ਜਿਵੇਂ ਮੁਰਗ਼ਾਬੀ ਨਦੀ ਵਿਚ ਤਰਦੇ ਹੋਇਆਂ ਵੀ ਅਭਿੱਜ ਰਹਿੰਦੀ ਹੈ, ਉਸੇ ਤਰ੍ਹਾਂ ਆਦਰਸ਼-ਜੋਗੀ ਆਪਣੀ ਸੁਰਤਿ ਨੂੰ ਸ਼ਬਦ ਵਿਚ ਟਿਕਾ ਕੇ, ਮਾਇਆ ਦੇ ਪ੍ਰਭਾਵ ਤੋਂ ਮੁਕਤ ਰਹਿੰਦਾ ਹੋਇਆ, ਸਹਿਜ ਵਿਚ ਹੀ ਇਹ ਭਵਸਾਗਰ ਤਰ ਜਾਂਦਾ ਹੈ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥...੫॥ *(ਪੰਨਾ ੯੩੮)*

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਕਲਪੇ ਸਹੀ ਜੋਗੀ ਜਾਂ ਉਨ੍ਹਾਂ ਦੇ ਆਪਣੇ ਆਦਰਸ਼-ਪੁਰਸ਼ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਉਸ ਵਿਚ ਵਿਅਕਤੀਗਤ ਨਾਲੋਂ ਸਮਾਜਗਤ ਰੁਚੀਆਂ ਅਧਿਕ ਹਨ। ਇਸ ਲਈ ਉਹ ਕੇਵਲ ਆਪਣੀ ਅਧਿਆਤਮਿਕ ਉੱਨਤੀ ਨਾਲ ਸੰਤੁਸ਼ਟ ਨਹੀਂ; ਸਗੋਂ ਸਾਰੇ ਸਮਾਜ ਨੂੰ ਸੁਧਾਰਨਾ ਉਸ ਦਾ ਕਰਤੱਵ ਹੈ। ਉਹ ਆਪਣਾ ਜਨਮ ਤਦ ਹੀ ਸਫਲ ਸਮਝਦਾ ਹੈ ਜੇ ਉਸ ਦੇ ਆਪਣੇ ਵਿਕਾਸ ਦੇ ਨਾਲ ਨਾਲ ਸਮਾਜ ਦਾ ਵਿਕਾਸ ਵੀ ਸੰਭਵ ਹੋਵੇ:

ਐਸੇ ਜਨ ਵਿਰਲੇ ਸੰਸਾਰੇ॥
ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ॥
ਆਪਿ ਤਰਹਿ ਸੰਗਤਿ ਕੁਲ ਤਾਰਹਿ
ਤਿਨ ਸਫਲ ਜਨਮੁ ਜਗਿ ਆਇਆ॥੧੧॥ *(ਪੰਨਾ ੧੦੩੯)*

ਗੁਰਬਾਣੀ ਵਿਚ ਗੁਰਮੁਖ ਵਿਅਕਤੀ ਦੇ ਸਰੂਪ ਅਤੇ ਸਮਰੱਥਾ ਬਾਰੇ ਵੀ ਥਾਂ ਥਾਂ ਉਲੇਖ ਹੋਇਆ ਹੈ। ਸਮੁੱਚੇ ਤੌਰ 'ਤੇ ਉਹ ਸਦਾ ਪਰਮਾਤਮਾ ਦੇ ਪ੍ਰੇਮ-ਰੰਗ ਵਿਚ ਰੰਗਿਆ ਰਹਿੰਦਾ ਹੈ, ਆਪਣੇਪਨ ਦੀ ਭਾਵਨਾ ਨੂੰ ਮਾਰ ਕੇ ਅਨੰਤ ਪਰਮਾਤਮਾ ਵਿਚ ਪੂਰੀ ਨਿਸ਼ਠਾ ਰੱਖਦਾ ਹੈ, ਗੁਰੂ ਦੁਆਰਾ ਦੱਸੇ ਮਾਰਗ 'ਤੇ ਚੱਲ ਕੇ ਆਪਣਾ ਕਰਤੱਵ ਨਿਭਾਂਦਾ ਹੈ, ਸੱਚੇ ਪਰਮਾਤਮਾ ਦਾ ਭੈ ਮੰਨਦਾ ਹੋਇਆ ਉਸ ਵਿਚ ਸਮਾਹਿਤ ਹੋ ਜਾਂਦਾ ਹੈ:

ਗੁਰਮੁਖਿ ਸਾਚੇ ਕਾ ਭਉ ਪਾਵੈ॥
ਗੁਰਮੁਖਿ ਬਾਣੀ ਅਘੜੁ ਘੜਾਵੈ॥
ਗੁਰਮੁਖਿ ਨਿਰਮਲ ਹਰਿ ਗੁਣ ਗਾਵੈ॥
ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ॥
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥
ਨਾਨਕ ਗੁਰਮੁਖਿ ਸਾਚਿ ਸਮਾਵੈ॥੨੭॥ *(ਪੰਨਾ ੯੪੧)*

ਗੁਰਮੁਖ ਵਿਅਕਤੀ ਪ੍ਰਵਿਰਤੀ ਅਤੇ ਨਿਵਿਰਤੀ ਦੇ ਮਾਰਗ ਅਤੇ ਭੇਦ ਨੂੰ ਪਛਾਣਦਾ ਹੈ। ਉਹ ਖ਼ੁਦ ਹੀ ਮੁਕਤ ਨਹੀਂ ਹੁੰਦਾ, ਆਪਣੇ ਸੰਪਰਕ ਵਿਚ ਆਉਣ ਵਾਲਿਆਂ ਦਾ ਵੀ ਉੱਧਾਰ ਕਰਦਾ ਹੈ। ਉਹ ਵੈਰ ਵਿਰੋਧ ਦੀਆਂ ਸਾਰੀਆਂ ਚਿੰਤਾਵਾਂ ਨੂੰ ਖ਼ਤਮ ਕਰ ਦਿੰਦਾ ਹੈ, ਹੰਕਾਰ ਨੂੰ ਸ਼ਬਦ ਰਾਹੀਂ ਮਾਰ ਦਿੰਦਾ ਹੈ। ਸੰਸਾਰ ਵਿਚ ਆਪਣੇ

ਆਪ ਨੂੰ ਅਤਿਥੀ ਹੀ ਸਮਝਦਾ ਹੈ ਅਤੇ ਆਪਣੇ ਪਤੀ ਪਰਮਾਤਮਾ ਨੂੰ ਪਛਾਣ ਲੈਂਦਾ ਹੈ:

ਗੁਰਮੁਖਿ ਵੈਰ ਵਿਰੋਧ ਗਵਾਵੈ॥
ਗੁਰਮੁਖਿ ਸਗਲੀ ਗਣਤ ਮਿਟਾਵੈ॥
ਗੁਰਮੁਖਿ ਰਾਮ ਨਾਮ ਰੰਗਿ ਰਾਤਾ॥
ਨਾਨਕ ਗੁਰਮੁਖਿ ਖਸਮੁ ਪਛਾਤਾ॥੩੭॥ *(ਪੰਨਾ ੯੪੨)*

ਗੁਰਮੁਖ ਨਿਰਵੈਰ ਅਤੇ ਸਮਦਰਸੀ ਹੈ; ਉਹ ਰਾਗ ਦਵੈਸ਼ ਤੋਂ ਉੱਚਾ ਭਗਤੀ ਵਿਚ ਲੀਨ, ਅਗਿਆਨ ਦੀ ਨਿੰਦਰਾ ਤੋਂ ਮੁਕਤ ਹੈ:

ਗੁਰਮੁਖਿ ਰਾਗ ਸੁਆਦ ਅਨ ਤਿਆਗੇ॥
ਗੁਰਮੁਖਿ ਇਹੁ ਮਨੁ ਭਗਤੀ ਜਾਗੇ॥...੭॥੯॥ *(ਪੰਨਾ ੪੧੫)*

ਗੁਰਮੁਖ ਵਿਅਕਤੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਸਦਾ ਦੁੱਖ ਸੁੱਖ ਤੋਂ ਪਰੇ ਰਹਿੰਦਾ ਹੈ। ਇਨ੍ਹਾਂ ਤੋਂ ਬਚਣ ਲਈ ਉਸ ਪਾਸ ਸਦਾ ਸ਼ੀਲ ਦਾ ਕਵਚ ਰਹਿੰਦਾ ਹੈ, ਜਿਸ ਨੂੰ ਧਾਰਨ ਕਰ ਕੇ ਉਹ ਦੁੱਖ ਸੁੱਖ ਤੋਂ ਨਿਰਲਿਪਤ ਹੋ ਜਾਂਦਾ ਹੈ। ਆਪਣੇ ਵਾਸਤਵਿਕ ਘਰ ਨੂੰ ਪ੍ਰਾਪਤ ਕਰਨ ਦਾ ਇਹੀ ਉਚਿਤ ਸਾਧਨ ਹੈ:

(੧) **ਦੂਖ ਸੂਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ॥੯॥** *(ਪੰਨਾ ੧੦੩੨)*

(੨) **ਸੁਖ ਦੂਖ ਹੀ ਤੇ ਅਮਰੁ ਅਤੀਤਾ ਗੁਰਮੁਖਿ ਨਿਜ ਘਰੁ ਪਾਇਦਾ॥੯॥** *(ਪੰਨਾ ੧੦੩੭)*

ਗੁਰਮੁਖ ਦਾ ਅੰਤਹਕਰਣ ਰੇਸ਼ਮੀ ਵਸਤ੍ਰ ਵਾਂਗ ਕੋਮਲ ਹੈ, ਉਸ ਦਾ ਮਨ ਇਕਾਗਰ ਹੈ, ਚਿੱਤ-ਬਿਰਤੀਆਂ 'ਤੇ ਉਸ ਦਾ ਪੂਰਾ ਕਾਬੂ ਹੈ, ਕਿਸੇ ਤੋਂ ਉਹ ਕੋਈ ਆਸ ਨਹੀਂ ਰੱਖਦਾ। ਪਰ ਅਜਿਹੇ ਵਿਅਕਤੀ ਸੰਸਾਰ ਵਿਚ ਵਿਰਲੇ ਹਨ। ਗੁਰਮੁਖ ਹਰ ਕੋਈ ਨਹੀਂ ਬਣ ਸਕਦਾ, ਉਹੀ ਬਣਦਾ ਹੈ ਜਿਸ ਉੱਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ। ਉਹ ਪਰਮਾਤਮਾ ਨੂੰ ਪਛਾਣ ਕੇ, ਆਖ਼ਰ ਉਸ ਵਿਚ ਲੀਨ ਹੋ ਜਾਂਦਾ ਹੈ, ਉਹੋ ਜਿਹਾ ਹੀ ਹੋ ਜਾਂਦਾ ਹੈ, ਫਿਰ ਉਸ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ:

ਜਿਨਿ ਜਾਤਾ ਸੋ ਤਿਸ ਹੀ ਜੇਹਾ॥
ਅਤਿ ਨਿਰਮਾਇਲੁ ਸੀਝਸਿ ਦੇਹਾ॥...੧੦॥ *(ਪੰਨਾ ੯੩੧)*

ਗੁਰਬਾਣੀ ਵਿਚ 'ਗੁਰਮੁਖ' ਲਈ ਪੰਚ, ਸਾਧ, ਸੰਤ, ਜੀਵਨ-ਮੁਕਤ, ਬ੍ਰਹਮ-ਗਿਆਨੀ, ਸਮਦਰਸੀ ਆਦਿ ਹੋਰ ਵੀ ਕਈ ਸ਼ਬਦ ਵਰਤੇ ਗਏ ਹਨ।

ਗੁਰਬਾਣੀ ਦੇ ਵਿਆਖਿਆ-ਪਰਕ ਸਾਹਿੱਤ ਵਿਚ ਗੁਰਮੁਖ ਦੇ ਸਰੂਪ, ਲੱਛਣ, ਮਹੱਤਵ ਆਦਿ 'ਤੇ ਵਿਸਥਾਰ ਸਹਿਤ ਪ੍ਰਕਾਸ਼ ਪਾਇਆ ਗਿਆ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਇਸ ਬਾਰੇ ਵਿਸ਼ੇਸ਼ ਚਰਚਾ ਹੋਈ ਹੈ। ਇਸ ਦੇ ਵਿਅਕਤਿਤਵ ਨੂੰ ਚਿਤਰਦਿਆਂ ਗਿਆਰ੍ਹਵੀਂ ਵਾਰ ਵਿਚ ਲਿਖਿਆ ਹੈ:

ਸਬਦ ਸੁਰਤਿ ਲਿਵ ਲੀਣੁ ਹੋਇ ਸਾਧ ਸੰਗਤਿ ਸਚਿ ਮੇਲਿ ਮਿਲਾਇਆ॥
ਹੁਕਮ ਰਜਾਈ ਚਲਣਾ ਆਪੁ ਗਵਾਇ ਨ ਆਪੁ ਜਣਾਇਆ॥...
ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇ ਕੈ ਭਲਾ ਮਨਾਇਆ॥
ਇਕ ਮਨਿ ਇਕੁ ਅਰਾਧਣਾ ਦੁਬਿਧਾ ਦੂਜਾ ਭਾਉ ਮਿਟਾਇਆ॥
ਗੁਰਮੁਖਿ ਸੁਖ ਫਲ ਨਿਜ ਪਦੁ ਪਾਇਆ॥੪॥੧੧॥

ਭਾਈ ਮਨੀ ਸਿੰਘ ਜੀ ਦੇ ਨਾਂ ਨਾਲ ਸੰਬੰਧਿਤ *ਭਗਤ ਰਤਨਾਵਲੀ* ਵਿਚ ਜਨਮ ਮਰਨ ਦੇ ਦੁੱਖਾਂ ਨੂੰ ਕਟਣ ਲਈ ਜਗਿਆਸੂਆਂ ਵੱਲੋਂ ਕੀਤੇ ਪ੍ਰਸ਼ਨ ਦੇ ਉੱਤਰ ਵਿਚ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, "ਤੁਸੀਂ ਗੁਰਮੁਖਾਂ ਦੇ ਕਰਮ ਕਰੋ, ਮਨਮੁਖਾਂ ਦੇ ਕਰਮ ਤਿਆਗੋ।" ਅੱਗੇ ਗੁਰਮੁਖਾਂ ਦੇ ਪ੍ਰਕਾਰਾਂ 'ਤੇ ਝਾਤੀ ਪਾਂਦਿਆਂ ਗੁਰੂ ਸਾਹਿਬ ਨੇ ਕਿਹਾ, "ਤਿੰਨ ਪ੍ਰਕਾਰ ਦੇ ਗੁਰਮੁਖ ਹੈਨਿ...ਇਕ ਗੁਰਮਖ ਹੈਨਿ, ਇਕ ਗੁਰਮੁਖਿ-ਤਰ ਹੈਨਿ, ਇਕ ਗੁਰਮੁਖਿ-ਤਮ ਹੈਨਿ। ਗੁਰਮੁਖ ਕਉਣ ਹੈਨਿ, ਜਿਨ੍ਹਾਂ ਨੇ ਖੋਟਿਆਂ ਕਰਮਾਂ ਵਲੋਂ ਪਿਠ ਦਿੱਤੀ ਹੈ ਤੇ ਗੁਰੂ ਦੇ ਵਚਨਾਂ ਵਲ ਮੁਖ ਕੀਤਾ ਹੈ, ਤੇ ਇਕ ਭੀ ਓਨਾ ਨਾਲਿ ਚੰਗਿਆਈ ਕਰਦਾ ਹੈ ਤਾਂ ਆਪਣੇ ਵਲੋਂ ਸਦੀਵ ਉਸ ਦੇ ਨਾਲਿ ਚੰਗਿਆਈ ਕਰਦੇ ਰਹਿੰਦੇ ਹੈਨਿ, ਤਾਂ ਉਸ ਦੀ ਭਲਿਆਈ ਵਿਸਾਰਦੇ ਨਹੀਂ ਤੇ ਆਪਣੀ ਭਲਿਆਈ ਚਿਤ ਨਹੀਂ ਕਰਦੇ।"

"ਗੁਰਮੁਖਿ-ਤਰ ਓਹ ਹੈਨਿ ਜੋ ਬੁਰੇ ਕਰਮ ਓਨਾ ਤਿਆਗਿ ਦਿੱਤੇ ਹੈਨਿ, ਤੇ ਭਲਿਆਂ ਕਰਮਾਂ ਨੂੰ ਅੰਗੀਕਾਰ ਕੀਤਾ ਹੈ ਤੇ ਕਿਸ ਕੰਮੁ ਓਨਾ ਦੇ ਤੀਕ ਆਂਵਦਾ ਹੈ ਤਾਂ ਸਭਸੈ ਨਾਲ ਭਲਾ ਹੀ ਕਰਦੇ ਹੈਨਿ, ਭਾਵੇ ਕੋਈ ਭਲਾ ਕਰੇ ਭਾਵੇ ਕੋਈ ਬੁਰਾ ਕਰੇ, ਓਹ ਆਪਣੇ ਵਲੋਂ ਭਲਾ ਹੀ ਕਰਦੇ ਹੈਨਿ।"

"ਤੇ ਗੁਰਮੁਖਿ-ਤਮ ਓਹ ਹੈਨਿ ਜੋ ਗਿਆਨ ਸੰਪੰਨਿ ਹੈਨਿ। ਭਲਾ ਸਭਸੈ ਨਾਲਿ ਕਰਦੇ ਹੈਨਿ। ਜੇ ਕੋਈ ਓਨਾ ਨੂੰ ਬੁਰਾ ਭੀ ਕਰੇ ਤਾਂ ਓਨਾ ਦੇ ਨਾਲਿ ਭੀ ਭਲਾ ਹੀ ਕਰਦੇ ਹੈਨਿ।"

ਇਸ ਤਰ੍ਹਾਂ ਸਪੱਸ਼ਟ ਹੈ ਕਿ ਗੁਰਬਾਣੀ ਅਤੇ ਸਿਖ-ਧਰਮ-ਪਰੰਪਰਾ ਅਨੁਸਾਰ ਗੁਰਮੁਖ ਆਦਰਸ਼ ਪੁਰਸ਼ ਦਾ ਸੂਚਕ ਸ਼ਬਦ ਹੈ, ਜੋ ਸੰਸਾਰਿਕਤਾ ਤੋਂ ਮੁਕਤ ਹਰ ਪ੍ਰਕਾਰ ਦੇ ਗੁਣਾਂ ਦਾ ਸਮੂਹ ਹੈ। ਅਜਿਹੇ ਗੁਰਮੁਖ ਵਿਅਕਤੀ ਹੀ ਸੱਚੇ ਅਰਥਾਂ ਵਿਚ ਸਮਾਜ ਦਾ ਭਲਾ ਕਰਦੇ ਹੋਏ, ਸਾਰੀ ਮਾਨਵਤਾ ਨੂੰ ਕਲਿਆਣਕਾਰੀ ਮਾਰਗ ਉੱਤੇ ਚਲਾਂਦੇ ਹਨ।

•

ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ

'ਗੁਰਮੁਖ' ਦੇ ਵਿਪਰੀਤ ਗੁਰਬਾਣੀ ਵਿਚ ਮਨੁੱਖ ਦਾ ਦੂਜਾ ਵਰਗ 'ਮਨਮੁਖ' ਦਾ ਹੈ। ਇਸ ਦੀ ਪਰਿਭਾਸ਼ਾ ਦਿੰਦਿਆਂ ਭਾਈ ਕਾਨ੍ਹ ਸਿੰਘ ਜੀ ਨੇ ਕਿਹਾ ਹੈ ਕਿ ਜਿਸ ਨੇ ਆਪਣੇ ਮਨ (ਸੰਕਲਪ) ਨੂੰ ਹੀ ਮੁੱਖ ਜਾਣਿਆ ਹੈ, ਉਹ 'ਮਨਮੁਖ' ਹੈ।

ਮੇਰੀ ਸਮਝ ਅਨੁਸਾਰ ਗੁਰਬਾਣੀ ਵਿਚ 'ਮਨਮੁਖ' ਸ਼ਬਦ ਅਜਿਹੇ ਵਿਅਕਤੀ ਲਈ ਵਰਤਿਆ ਗਿਆ ਹੈ ਜੋ ਮਨ ਦੇ ਅਨੁਕੂਲ ਜਾਂ ਮਨ ਵੱਲ ਝੁਕ ਕੇ ਆਪਣਾ ਜੀਵਨ ਬਿਤਾਂਦਾ ਹੈ। ਮਨ ਦੇ ਵੀ ਦੋ ਰੂਪ ਹਨ—ਪ੍ਰਕਾਸ਼ਮਈ ਮਨ ਅਤੇ ਅੰਧਕਾਰਮਈ ਮਨ। ਜਿਸ ਦਾ ਮਨ ਪ੍ਰਕਾਸ਼ਿਤ ਹੈ ਉਸ ਨੂੰ ਵਾਸਤਵਿਕਤਾ ਦਾ ਬੋਧ ਹੈ, ਇਸ ਲਈ ਉਹ ਗੁਰਮੁਖ ਹੈ। ਪਰ ਜਿਸ ਮਨੁੱਖ ਦਾ ਮਨ ਅੰਧਕਾਰਮਈ ਹੈ ਜਾਂ ਜਿਸ ਦੇ ਮਨ ਵਿਚ ਅਗਿਆਨ ਦਾ ਹਨੇਰਾ ਹੈ, ਉਹ ਵਾਸਤਵਿਕਤਾ ਦਾ ਬੋਧ ਨਾ ਰੱਖਣ ਕਾਰਣ ਸੰਸਾਰਿਕਤਾ ਨੂੰ ਹੀ ਆਪਣਾ ਸਭ ਕੁਝ ਸਮਝ ਲੈਂਦਾ ਹੈ। ਉਹ ਪਰਮਾਰਥਿਕ ਆਨੰਦ ਵੱਲ ਧਿਆਨ ਹੀ ਨਹੀਂ ਦਿੰਦਾ।

ਗੁਰੂ ਨਾਨਕ ਦੇਵ ਜੀ ਅਤੇ ਹੋਰ ਸਿਖ ਗੁਰੂ ਸਾਹਿਬਾਨ ਅਜਿਹੇ ਸਮੇਂ ਵਿਚ ਇਸ ਸੰਸਾਰ 'ਤੇ ਆਏ ਸਨ ਜਦੋਂ ਹਰ ਪਾਸੇ ਪਾਖੰਡ ਅਤੇ ਬਾਹਰਲੇ ਅਡੰਬਰਾਂ ਦਾ ਪਸਾਰ ਸੀ। ਧਰਮ ਦਾ ਵਾਸਤਵਿਕ ਰੂਪ ਲਗਪਗ ਲੁਪਤ ਹੋ ਚੁਕਿਆ ਸੀ ਅਤੇ ਮਨੁੱਖ ਜਾਤਿ ਆਪਣੇ ਜੀਵਨ-ਮਨੋਰਥ ਨੂੰ ਛੱਡ ਕੇ ਕਰਮ-ਕਾਂਡਾਂ ਵਿਚ ਮਗਨ ਸੀ। ਗੁਰੂ ਨਾਨਕ ਦੇਵ ਜੀ ਨੇ ਥਾਂ ਥਾਂ 'ਤੇ ਜਾ ਕੇ ਜਨ-ਸਾਧਾਰਣ ਅਤੇ ਉਸ ਦੇ ਤਥਾ-ਕਥਿਤ ਧਾਰਮਿਕ ਆਗੂਆਂ ਨੂੰ ਸਮਝਾਇਆ ਅਤੇ ਉਨ੍ਹਾਂ ਨੂੰ ਸਨਮਾਰਗ ਉੱਤੇ ਲਿਆਂਦਾ। ਪਰ ਅਜਿਹੇ ਵਿਅਕਤੀ ਵੀ ਉਨ੍ਹਾਂ ਨੂੰ ਮਿਲੇ ਜਿਨ੍ਹਾਂ ਨੇ ਸ੍ਰੇਸ਼ਟ ਉਪਦੇਸ਼ ਨੂੰ ਗ੍ਰਹਿਣ ਨਹੀਂ ਕੀਤਾ। ਅਧਿਆਤਮਿਕਤਾ ਤੋਂ ਵਾਂਝੇ ਅਜਿਹੇ ਮਨੁੱਖਾਂ ਲਈ ਗੁਰੂ ਜੀ ਨੇ 'ਮਨਮੁਖ' ਸ਼ਬਦ ਦੀ ਵਰਤੋਂ ਕੀਤੀ।

ਮਨਮੁਖ ਵਿਅਕਤੀ ਦਾ ਸਮੁੱਚਾ ਸੁਭਾਅ ਅਤੇ ਸਰੂਪ ਚਿਤਰਦੇ ਹੋਇਆਂ ਗੁਰੂ ਸਾਹਿਬ ਨੇ ਦੱਸਿਆ ਕਿ ਮਨਮੁਖ ਵਿਅਕਤੀ ਪੱਥਰ ਦੀ ਸਿਲ ਵਾਂਗ ਕਠੋਰ ਹੈ, ਉਹ ਗੰਦਾ, ਘਿਨੌਣਾ ਅਤੇ ਭਿਆਨਕ ਹੈ, ਉਹ ਕੇਵਲ ਕਥਨ ਕਰਨਾ ਜਾਣਦਾ ਹੈ, ਕਰਨੀ ਵਿਚ ਵਿਸ਼ਵਾਸ ਨਹੀਂ ਰੱਖਦਾ। ਉਸ ਦਾ ਸੁਭਾਅ ਪਸ਼ੂਆਂ ਵਰਗਾ ਹੈ, ਉਹ ਅਧਿਆਤਮਿਕ ਅਨੁਸ਼ਾਸਨ ਵਿਚ ਯਕੀਨ ਨਹੀਂ ਰੱਖਦਾ, ਸਦਾ ਝੂਠ ਵਿਚ ਗ੍ਰਸਿਆ ਰਹਿੰਦਾ ਹੈ, ਹਰਿ-ਭਗਤੀ ਲਈ ਉਹ ਸਦਾ ਆਲਸੀ ਬਣਿਆ ਰਹਿੰਦਾ ਹੈ ਅਤੇ ਸੰਸਾਰਿਕਤਾ ਵਿਚ ਉਹ ਬਹੁਤ ਅਧਿਕ ਖਚਿਤ ਹੁੰਦਾ ਹੈ, ਉਹ ਮਲੀਨ ਸੁਭਾਅ ਵਾਲਾ

ਆਚਰਣਿਕ ਤੌਰ 'ਤੇ ਬਹੁਤ ਕਮਜ਼ੋਰ ਹੈ, ਮਰਨ ਉਪਰੰਤ ਉਸ ਦਾ ਜੀਵਨ ਨਾਰਕੀ ਸਿੱਧ ਹੁੰਦਾ ਹੈ।

ਮਨਮੁਖ ਵਿਅਕਤੀ ਦੇ ਮਨ ਵਿਚ ਵੈਰਾਗ ਦੀ ਮਾੜੀ ਜਿੰਨੀ ਭਾਵਨਾ ਪੈਦਾ ਹੋਣ ਨਾਲ, ਉਹ ਘਰ ਨੂੰ ਛੱਡ ਕੇ ਦੁਆਰ ਦੁਆਰ 'ਤੇ ਘੁੰਮਦਾ ਫਿਰਦਾ ਹੈ ਅਤੇ ਆਪਣਾ ਪੇਟ ਭਰਨ ਲਈ ਹੋਰਨਾਂ ਦੇ ਘਰਾਂ ਵੱਲ ਝਾਕਦਾ ਹੈ। ਇਸ ਤਰ੍ਹਾਂ ਉਹ ਆਪਣੇ ਗ੍ਰਿਹਸਥ ਧਰਮ ਨੂੰ ਨਸ਼ਟ ਕਰ ਦਿੰਦਾ ਹੈ। ਸਤਿਗੁਰੂ ਦੇ ਨਾ ਮਿਲਣ ਕਰਕੇ ਦੁਰਮਤਿ ਦੇ ਚੱਕਰ ਵਿਚ ਦੇਸ-ਦੇਸਾਂਤਰਾਂ ਵਿਚ ਭਟਕਦਾ ਫਿਰਦਾ ਹੈ, ਧਰਮ-ਗ੍ਰੰਥਾਂ ਦਾ ਪਾਠ ਕਰ ਕਰ ਕੇ ਥੱਕ ਜਾਂਦਾ ਹੈ, ਪਰ ਉਸ ਦੀ ਤ੍ਰਿਸ਼ਨਾ ਹੋਰ ਵੀ ਜ਼ਿਆਦਾ ਵਧਦੀ ਹੈ। ਉਹ ਕੇਵਲ ਪਸ਼ੂਆਂ ਵਾਂਗ ਆਪਣਾ ਢਿੱਡ ਭਰਦਾ ਹੋਇਆ ਜੀਵਨ ਬਿਤਾਂਦਾ ਹੈ:

ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ॥
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ॥
ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ॥
ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ॥੧॥੭॥

(ਪੰਨਾ ੧੦੧੨)

ਸਾਰਾਂਸ਼ ਇਹ ਕਿ ਮਨਮੁਖ ਇਕ ਅਜਿਹਾ ਮਨੁੱਖ ਹੈ, ਜੋ ਹਰ ਤਰ੍ਹਾਂ ਦੇ ਅਧਿਆਤਮਿਕ ਕੰਮਾਂ ਤੋਂ ਬੇਮੁਖ ਹੋ ਕੇ ਪੂਰੀ ਤਰ੍ਹਾਂ ਸੰਸਾਰਿਕਤਾ ਵਿਚ ਲੀਨ ਹੋ ਚੁੱਕਾ ਹੋਵੇ ਅਤੇ ਵਿਸ਼ੇ-ਵਾਸ਼ਨਾਵਾਂ ਦੇ ਚੰਗੀ ਤਰ੍ਹਾਂ ਵਸ ਵਿਚ ਹੋਵੇ, ਜਿਸ ਤੋਂ ਕਿਸੇ ਤਰ੍ਹਾਂ ਦੇ ਉੱਤਮ ਜਾਂ ਸ਼ੁਭ ਕਰਮਾਂ ਦੀ ਆਸ ਨਾ ਹੋਵੇ ਅਤੇ ਜੋ ਆਪਣੇ ਜੀਵਨ ਦੀ ਬੇੜੀ ਨੂੰ ਪਾਪ ਰੂਪੀ ਪੱਥਰਾਂ ਨਾਲ ਭਰ ਕੇ ਮੋਹ ਵਿਕਾਰ ਦੀਆਂ ਲਹਿਰਾਂ ਭਰੇ ਸੰਸਾਰ-ਸਾਗਰ ਵਿਚ ਠਿਲ੍ਹ ਚੁੱਕਾ ਹੋਵੇ ਅਤੇ ਜਿਸ ਦੇ ਸਮੂਲ ਨਾਸ਼ ਹੋਣ ਵਿਚ ਕੋਈ ਕਸਰ ਬਾਕੀ ਨਾ ਰਹਿ ਗਈ ਹੋਵੇ।

ਗੁਰਬਾਣੀ ਦੇ ਵਿਆਖਿਆਤਮਕ ਸਾਹਿੱਤ ਵਿਚ ਵੀ ਮਨਮੁਖ ਦਾ ਸਰੂਪ ਕਾਫ਼ੀ ਮਾਤਰਾ ਵਿਚ ਚਿਤਰਿਆ ਗਿਆ ਹੈ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਅਨੇਕ ਪ੍ਰਸੰਗਾਂ ਵਿਚ ਮਨਮੁਖ ਦੀ ਤਸਵੀਰ ਖਿੱਚ ਕੇ ਇਸ ਦੇ ਵਾਸਤਵਿਕ ਸਰੂਪ ਤੋਂ ਜਗਿਆਸੂਆਂ ਨੂੰ ਜਾਣੂ ਕੀਤਾ ਹੈ:

ਮਨਮੁਖ ਕਰਮ ਕਮਾਂਵਦੇ ਦੁਰਮਤਿ ਦੂਜਾ ਭਾਉ ਦੁਹੇਲਾ॥੧॥੩੦॥
ਮਨਮੁਖ ਆਪੁ ਗਣਾਵਣਾ ਗੁਰਮਤਿ ਗੁਰ ਤੇ ਉਕੜੁ ਚੇਲਾ॥੧॥੩੦॥
ਮਨਮੁਖ ਬਗੁਲ ਸਮਾਧਿ ਹੈ ਘੁਟਿ ਘੁਟਿ ਜੀਆਂ ਖਾਇ ਅਬੋਲਾ॥੪॥੩੦॥
ਮਨਮੁਖ ਕੂੜੁ ਕੁਲਖਣਾ ਸਭ ਕੁਲਖਣ ਕੂੜੁ ਕੁਦਾਵਾ॥੫॥੩੦॥

ਸਾਖੀ-ਸਾਹਿੱਤ ਵਿਚ ਵੀ ਗੁਰਮੁਖ ਦੇ ਪ੍ਰਸੰਗ ਵਿਚ ਮਨਮੁਖ ਦੇ ਆਚਰਣ 'ਤੇ ਝਾਤ ਪਾਈ ਗਈ ਹੈ। *ਭਗਤ ਰਤਨਾਵਲੀ* ਵਿਚ ਇਹ ਤਿੰਨ ਪ੍ਰਕਾਰ ਦੇ ਦੱਸੇ ਗਏ ਹਨ—ਮਨਮੁਖ, ਮਨਮੁਖ-ਤਰ, ਮਨਮੁਖ-ਤਮ। "ਮਨਮੁਖ ਓਹੁ ਹੈਨਿ ਜੋ ਸਦਾ ਵਿਕਾਰ ਹੀ ਕਰਦੇ ਹੈਨਿ, ਜੇ ਕੋਈ ਓਨਾ ਦੇ ਨਾਲਿ ਭਲਿਆਈ ਕਰੇ ਸੋ ਵਿਸਾਰ ਦੇਂਦੇ ਹੈਨਿ ਤੇ ਬੁਰਿਆਈ ਜੇ ਕੋਈ ਕਰੇ ਤਾ ਵਿਸਾਰਦੇ ਨਹੀ। ਤੇ ਮਨਮੁਖ-ਤਰ, ਓਹ ਹੈਨਿ ਜੋ

ਕੋਈ ਭਲਾ ਬੁਰਾ ਹੋਵੇ ਤਾ ਸਭਸੇ ਨਾਲਿ ਬੁਰਿਆਈ ਹੀ ਕਰਦੇ ਹੈਨਿ। ਤੇ ਮਨਮੁਖ-ਤਮ ਓਹ ਹੈਨਿ ਜੋ ਭਲੇ ਨਾਲਿ ਵੀ ਬੁਰਿਆਈ ਕਰਦੇ ਹੈਨਿ, ਅਗਲਾ ਭਲਿਆਈ ਕਰੇ ਤੇ ਓਹ ਫੇਰਿ ਬੁਰਿਆਈ ਕਰਨ ਤੇ ਸ਼ਬਦ ਬਾਣੀ ਦੀ ਸਮਝ ਕਛੂ ਨਾ ਕਰਨ, ਅੱਗੋਂ ਕਹਿੰਦੇ ਹੈਨਿ ਜੋ ਸ਼ਬਦ ਦਾ ਸੁਣਨਾ ਤੇ ਭਲਿਆਈ ਕਰਨੀ ਅਸਾਨੂੰ ਨਹੀਂ ਫਲਦੀ ਹੈ, ਬੁਰਿਆਈ ਅਸਾਨੂੰ ਫਲੁ ਦੇਂਦੀ ਹੈ।"

ਗੁਰਬਾਣੀ ਵਿਚ 'ਮਨਮੁਖ' ਨੂੰ 'ਸਾਕਤ' ਨਾਂ ਵੀ ਦਿੱਤਾ ਗਿਆ ਹੈ, ਕਿਉਂਕਿ ਇੱਕੋ ਪ੍ਰਕਰਣ ਵਿਚ ਜਿਸ ਵਿਅਕਤੀ ਲਈ ਪਹਿਲਾਂ ਮਨਮੁਖ ਸ਼ਬਦ ਵਰਤਿਆ ਗਿਆ ਹੈ, ਉਸੇ ਲਈ ਨਾਲ ਹੀ ਨਾਲ ਸਾਕਤ ਸ਼ਬਦ ਵੀ ਵਰਤ ਦਿੱਤਾ ਗਿਆ ਹੈ, ਜਿਵੇਂ:

ਮਨਮੁਖੁ ਭੂਲਾ ਠਉਰੁ ਨ ਪਾਏ ॥
ਜਮ ਦਰਿ ਬਧਾ ਚੋਟਾ ਖਾਏ ॥
ਬਿਨੁ ਨਾਵੈ ਕੋ ਸੰਗਿ ਨ ਸਾਥੀ,
ਮੁਕਤੇ ਨਾਮੁ ਧਿਆਵਣਿਆ ॥੪॥
ਸਾਕਤ ਕੂੜੇ ਸਚੁ ਨ ਭਾਵੈ ॥
ਦੁਬਿਧਾ ਬਾਧਾ ਆਵੈ ਜਾਵੈ ॥
ਲਿਖਿਆ ਲੇਖੁ ਨ ਮੇਟੈ ਕੋਈ,
ਗੁਰਮੁਖਿ ਮੁਕਤਿ ਕਰਾਵਣਿਆ ॥੫॥੧॥ *(ਪੰਨਾ ੧੦੯)*

ਗੁਰਬਾਣੀ ਵਿਚ 'ਸਾਕਤ' ਸ਼ਬਦ ਦੋ ਸਰੋਤਾਂ ਤੋਂ ਪ੍ਰਾਪਤ ਹੋਇਆ ਪ੍ਰਤੀਤ ਹੁੰਦਾ ਹੈ। ਪਹਿਲਾ ਸਰੋਤ ਸੰਸਕ੍ਰਿਤ ਭਾਸ਼ਾ ਦਾ ਹੈ, ਜਿਥੇ 'ਸਾਕਤ' ਸ਼ਬਦ ਸ਼ਕਤੀ ਉਪਾਸ਼ਕ ਲਈ ਵਰਤਿਆ ਗਿਆ ਹੈ। ਚੂੰਕਿ ਮੱਧ ਯੁੱਗ ਵਿਚ ਸ਼ਕਤੀ ਦੇ ਉਪਾਸ਼ਕਾਂ ਦੀਆਂ ਵਾਮ ਮਾਰਗੀ ਅਤੇ ਤਾਂਤ੍ਰਿਕ ਪ੍ਰਵਿਰਤੀਆਂ ਨੇ ਜਨ-ਜੀਵਨ ਨੂੰ ਬਹੁਤ ਵਿਕਰਿਤ ਕਰ ਦਿੱਤਾ ਸੀ, ਇਸ ਲਈ ਸਾਤਵਿਕ ਸੁਭਾਅ ਵਾਲੇ ਸੰਤਾਂ ਨੂੰ ਇਹ ਭ੍ਰਸ਼ਟੇ ਹੋਏ ਲੋਕ ਪਸੰਦ ਨਹੀਂ ਸਨ। ਸੰਤ ਕਬੀਰ ਦਾਸ ਨੇ ਸਾਕਤ ਦਾ ਅਨੇਕ ਥਾਵਾਂ 'ਤੇ ਚਿਤ੍ਰਣ ਕੀਤਾ ਹੈ। ਉਨ੍ਹਾਂ ਅਨੁਸਾਰ ਬ੍ਰਾਹਮਣ ਸਾਕਤ ਨਾਲੋਂ ਸ਼ੂਦਰ ਵੈਸ਼ਨਵ ਉੱਤਮ ਹੈ।

'ਸਾਕਤ' ਸ਼ਬਦ ਦਾ ਦੂਜਾ ਸਰੋਤ ਅਰਬੀ ਭਾਸ਼ਾ ਦਾ ਹੈ। ਉਥੇ ਪਤਿਤ ਜਾਂ ਨਿਕੰਮੇ ਆਦਮੀ ਨੂੰ ਸਾਕਤ ਕਿਹਾ ਜਾਂਦਾ ਹੈ। ਇਸ ਤਰ੍ਹਾਂ ਪਹਿਲੇ ਸਰੋਤ ਵਾਲੇ ਸ਼ਬਦ ਦਾ ਵਿਹਾਰਿਕ ਰੂਪ ਦੂਜੇ ਸਰੋਤ ਵਾਲੇ ਸ਼ਬਦ ਨਾਲ ਕਾਫ਼ੀ ਮੇਲ ਖਾਂਦਾ ਹੈ। ਭਾਈ ਕਾਨ੍ਹ ਸਿੰਘ ਜੀ ਅਨੁਸਾਰ ਜੋ ਧਰਮ ਅਤੇ ਇਖ਼ਲਾਕ (ਆਚਰਣ) ਤੋਂ ਪਤਿਤ ਅਤੇ ਕਰਤਾਰ ਨਾਲੋਂ ਬੇਮੁਖ ਹੋ ਕੇ ਵਿਕਾਰਾਂ ਵਿਚ ਲੀਨ ਹੁੰਦਾ ਹੈ, ਉਸ ਦਾ ਨਾਂ 'ਸਾਕਤ' ਹੈ।

ਗੁਰੂ ਨਾਨਕ ਦੇਵ ਜੀ ਅਨੁਸਾਰ ਸਾਕਤ ਵਿਅਕਤੀ ਝੂਠ ਅਤੇ ਕਪਟ ਵਿਚ ਵਿਸ਼ਵਾਸ ਰੱਖਦਾ ਹੈ, ਰਾਤ ਦਿਨ ਅਨੇਕ ਤਰ੍ਹਾਂ ਦੀ ਨਿੰਦਿਆ ਕਰਦਾ ਹੈ, ਉਹ ਬਾਰ ਬਾਰ ਜੂਨਾਂ ਵਿਚ ਆਉਂਦਾ ਹੈ, ਉਸ ਲਈ ਜਮ ਦਾ ਭੈ ਸਦਾ ਬਣਿਆ ਰਹਿੰਦਾ ਹੈ ਅਤੇ ਕਦੇ ਵੀ ਪਾਪਾਂ ਦੇ ਭਾਰ ਤੋਂ ਖ਼ਲਾਸ ਨਹੀਂ ਹੁੰਦਾ:

ਸਾਕਤ ਕੂੜ ਕਪਟ ਮਹਿ ਟੇਕਾ॥
ਅਹਿਨਿਸਿ ਨਿੰਦਾ ਕਰਹਿ ਅਨੇਕਾ॥

ਬਿਨੁ ਸਿਮਰਨ ਆਵਹਿ ਫੁਨਿ ਜਾਵਹਿ,
ਗ੍ਰਭ ਜੋਨੀ ਨਰਕ ਮਝਾਰਾ ਹੇ ॥੯॥
ਸਾਕਤ ਜਮ ਕੀ ਕਾਣਿ ਨ ਚੂਕੈ ॥
ਜਮ ਕਾ ਡੰਡੁ ਨ ਕਬਹੂ ਮੂਕੈ ॥
ਬਾਕੀ ਧਰਮ ਰਾਇ ਕੀ ਲੀਜੈ,
ਸਿਰਿ ਅਫਰਿਓ ਭਾਰੁ ਅਫਾਰਾ ਹੇ ॥੧੦॥ (ਪੰਨਾ ੧੦੩੦)

ਸਪੱਸ਼ਟ ਹੈ ਕਿ ਸਾਕਤ ਦਾ ਲੱਛਣ ਅਤੇ ਸਰੂਪ ਮਨਮੁਖ ਵਰਗਾ ਹੀ ਹੈ। ਅਸਲ ਵਿਚ ਗੁਰਮੁਖ ਅਤੇ ਮਨਮੁਖ ਕਿਸੇ ਸਮਾਜ ਦੀਆਂ ਚੰਗੀਆਂ ਅਤੇ ਮਾੜੀਆਂ ਪ੍ਰਵਿਰਤੀਆਂ ਦੇ ਪ੍ਰਤੀਕ ਹਨ। ਮਨਮੁਖ ਆਪਣੇ ਕੁਕਰਮਾਂ ਕਰਕੇ ਸਮਾਜ ਵਿਚ ਅਸੰਤੁਲਨ ਪੈਦਾ ਕਰਦੇ ਹਨ। ਇਹ ਮਨੁੱਖ ਦਾ ਮਨੁੱਖੀ ਗੁਣਾਂ ਤੋਂ ਵਾਂਝਿਆ ਜਾਂ ਅਣਮਨੁੱਖੀ ਰੂਪ ਹੈ। ਅਵਗੁਣਾਂ ਦਾ ਤਿਆਗ ਕਰ ਕੇ ਸੱਚਾ ਮਨੁੱਖ ਬਣਨਾ ਹੀ ਗੁਰਬਾਣੀ ਦਾ ਮੁੱਖ ਸੰਦੇਸ਼ ਹੈ। ਇਸੇ ਨਾਲ ਸਮਾਜ ਦਾ ਭਲਾ ਹੁੰਦਾ ਹੈ।

•

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ

ਪੰਜ ਤੱਤ ਦੇ ਪੁਤਲੇ ਮਨੁੱਖ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਸਮਾਧਾਨ ਦਾ ਵਿਸਥਾਰ ਸਹਿਤ ਚਿਤ੍ਰਣ ਗੁਰਬਾਣੀ ਵਿਚ ਹੋਇਆ ਹੈ। ਅਸਲ ਵਿਚ, ਹੁਣ ਤਕ ਦਾ ਸਾਰਾ ਸਾਹਿੱਤ ਮਨੁੱਖ ਨੂੰ ਹੀ ਕੇਂਦਰ ਬਣਾ ਕੇ ਰਚਿਆ ਜਾਂਦਾ ਰਿਹਾ ਹੈ। ਮਨੁੱਖ ਮਨੁੱਖ ਵਿਚ ਅੰਤਰ ਵੀ ਹੈ। ਇਕ ਮਨੁੱਖ ਦੀ ਦੂਜੇ ਮਨੁੱਖ ਨਾਲ ਸਰੀਰਕ ਰੂਪ ਆਕਾਰ ਦੀ ਸਮਾਨਤਾ ਭਾਵੇਂ ਕਿਤਨੀ ਹੋਵੇ, ਪਰ ਉਨ੍ਹਾਂ ਦੇ ਸੁਭਾਅ ਜਾਂ ਵਿਹਾਰ ਵਿਚ ਬਹੁਤ ਅੰਤਰ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ 'ਜਪੁ ਜੀ' ਵਿਚ ਅਜਿਹੇ ਭੇਦਾਂ ਦੇ ਆਧਾਰ 'ਤੇ ਅਸੰਖਾਂ ਦੀ ਕਲਪਨਾ ਕੀਤੀ ਹੈ, ਪਰ ਉਹਨਾਂ ਦਾ ਵੇਰਵਾ ਨਹੀਂ ਦਿੱਤਾ ਗਿਆ। ਉਂਜ ਸਮੁੱਚੇ ਤੌਰ 'ਤੇ ਗੁਰਬਾਣੀ ਵਿਚ ਸੁਭਾਅ, ਭਾਵਨਾ, ਅਵਸਥਾ ਅਤੇ ਆਚਾਰ ਦੀ ਦ੍ਰਿਸ਼ਟੀ ਤੋਂ ਮਨੁੱਖ ਨੂੰ ਚਾਰ ਮੁੱਖ ਵਰਗਾਂ ਵਿਚ ਵੰਡਿਆ ਗਿਆ ਹੈ।

ਸੁਭਾਅ 'ਤੇ ਆਧਾਰਿਤ ਵਰਗ-ਵੰਡ ਅਨੁਸਾਰ ਮਨੁੱਖ ਦੋ ਪ੍ਰਕਾਰ ਦੇ ਹਨ—ਗੁਰਮੁਖ ਅਤੇ ਮਨਮੁਖ। ਇਹ ਦੋਵੇਂ ਇਕ ਹੀ ਸੰਸਾਰ ਵਿਚ ਵਿਚਰਦੇ ਹਨ, ਪਰ ਦੋਹਾਂ ਦਾ ਦ੍ਰਿਸ਼ਟੀਕੋਣ, ਵਿਵਹਾਰ, ਕਰਮ ਆਦਿ ਵੱਖ ਵੱਖ ਹਨ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦਾ ਅੰਤਰ ਕਮਲ ਅਤੇ ਡੱਡੂ ਦੇ ਰੂਪਕ ਰਾਹੀਂ ਬੜੇ ਸਫਲ ਢੰਗ ਨਾਲ ਪੇਸ਼ ਕੀਤਾ ਹੈ। ਗੁਰਮੁਖ ਵਿਅਕਤੀ ਦੀ ਬਿਰਤੀ ਕਮਲ ਵਾਂਗ ਹੈ ਅਤੇ ਮਨਮੁਖ ਦੀ ਡੱਡੂ ਵਰਗੀ। ਇਹ ਦੋਵੇਂ ਸੰਸਾਰ ਸਾਗਰ ਦੇ ਨਿਰਮਲ ਜਲ ਵਿਚ ਰਹਿੰਦੇ ਹਨ। ਇਸ ਜਲ ਵਿਚ ਵਿਸ਼ੇ-ਵਾਸ਼ਨਾਵਾਂ ਦੀ ਕਾਈ ਜੰਮੀ ਹੋਈ ਹੈ। ਕਮਲ ਸਦਾ ਕਾਈ ਨਾਲ ਘਿਰਿਆ ਰਹਿੰਦਾ ਹੈ, ਪਰ ਉਸ ਦੀ ਸੰਗਤ ਦੇ ਦੋਸ਼ ਤੋਂ ਪ੍ਰਭਾਵਿਤ ਨਹੀਂ ਹੁੰਦਾ। ਉਹ ਸਦਾ ਨਿਰਲਿਪਤ ਭਾਵ ਨਾਲ ਰਹਿੰਦਾ ਹੈ। ਇਸਦੇ ਉਲਟ ਡੱਡੂ ਕਾਈ ਨੂੰ ਭਖਦਾ ਹੈ ਅਤੇ ਅੰਮ੍ਰਿਤ ਵਰਗੇ ਜਲ ਦੀ ਵਿਸ਼ੇਸ਼ਤਾ ਅਤੇ ਮਹਾਨਤਾ ਨੂੰ ਨਹੀਂ ਜਾਣਦਾ, ਕਿਉਂਕਿ ਉਸ ਦੀ ਬਿਰਤੀ ਤਮੋਗੁਣੀ ਹੈ:

> **ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ॥**
> **ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ ॥੧॥**
> **ਦਾਦਰ ਤੂ ਕਬਹਿ ਨ ਜਾਨਸਿ ਰੇ॥**
> **ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥੧॥ਰਹਾਉ॥**

(ਪੰਨਾ ੯੯੦)

ਗੁਰਮੁਖ ਅਤੇ ਮਨਮੁਖ ਦੇ ਸੁਭਾਅ ਸੰਬੰਧੀ ਇਸ ਅੰਤਰ ਨੂੰ ਇਕ ਹੋਰ ਥਾਂ ਸਪੱਸ਼ਟ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਮਨਮੁਖ ਰੂਪੀ ਮੂਰਖ

ਵਿਅਕਤੀ ਸਦਾ ਗੁਰਮੁਖ ਰੂਪੀ ਪੰਡਿਤ ਨਾਲ ਰਹਿੰਦਾ ਹੋਇਆ ਅਤੇ ਕਈ ਤਰ੍ਹਾਂ ਦੇ ਅਧਿਆਤਮਕ ਗਿਆਨ ਰੂਪੀ ਵੇਦ ਸ਼ਾਸਤ੍ਰ ਦੀਆਂ ਗੱਲਾਂ ਸੁਣਦਾ ਹੋਇਆ ਵੀ ਆਪਣੇ ਸੁਭਾਅ ਨੂੰ ਨਹੀਂ ਛੱਡਦਾ, ਮੂਰਖ ਹੀ ਬਣਿਆ ਰਹਿੰਦਾ ਹੈ। ਕੁੱਤੇ ਦੀ ਪੂਛ ਵਾਂਗ ਉਸ ਦੀ ਚਾਲ ਸਦਾ ਵਿੰਗੀ ਹੀ ਰਹਿੰਦੀ ਹੈ। ਪਾਖੰਡੀ ਵਿਅਕਤੀ ਨਾਮ ਵਿਚ ਲੀਨ ਨਹੀਂ ਹੁੰਦੇ ਅਤੇ ਸਾਧਕ ਵਿਅਕਤੀ ਸਦਾ ਹਰਿ-ਚਰਨਾਂ ਵਿਚ ਲੀਨ ਰਹਿੰਦੇ ਹਨ। ਅਜਿਹਾ ਹੋਣ ਦਾ ਕਾਰਨ ਉਨ੍ਹਾਂ ਦੇ ਪੂਰਬਲੇ ਜਨਮਾਂ ਦਾ ਫਲ ਹੈ:

ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥੪॥
ਇਕਿ ਪਾਖੰਡੀ ਨਾਮਿ ਨ ਰਾਚਹਿ ਇਕਿ ਹਰਿ ਹਰਿ ਚਰਣੀ ਰੇ ॥
ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥੫॥੪॥

(ਪੰਨਾ ੬੯੦)

ਭਾਵਨਾ ਦੀ ਦ੍ਰਿਸ਼ਟੀ ਤੋਂ ਵੀ ਗੁਰੂ ਨਾਨਕ ਦੇਵ ਜੀ ਨੇ ਇਕ ਹੋਰ ਪ੍ਰਕਰਣ ਵਿਚ ਮਨੁੱਖਾਂ ਦੇ ਦੋ ਭੇਦ ਕੀਤੇ ਹਨ—ਭਗਤ ਅਤੇ ਸੰਸਾਰੀ। ਅਸਲ ਵਿਚ ਇਹ ਦੋਵੇਂ ਭੇਦ ਵੀ ਕ੍ਰਮਵਾਰ ਗੁਰਮੁਖ ਅਤੇ ਮਨਮੁਖ ਦੇ ਪ੍ਰਯਾਯ ਹੀ ਹਨ। ਇਨ੍ਹਾਂ ਦੋਹਾਂ ਦਾ ਆਪਸ ਵਿਚ ਮਿਲਨ ਅਸੰਭਵ ਹੈ, ਕਿਉਂਕਿ ਇਨ੍ਹਾਂ ਦੀਆਂ ਰੁਚੀਆਂ ਵੱਖ ਵੱਖ ਅਤੇ ਪਰਸਪਰ ਵਿਰੋਧੀ ਹਨ। ਸੰਸਾਰੀ ਵਿਅਕਤੀ ਝੂਠ ਬੋਲ ਕੇ ਬਿਖ ਦਾ ਸੇਵਨ ਕਰਦਾ ਹੋਇਆ ਆਪਣੇ ਆਪ ਨੂੰ ਦੁਖੀ ਕਰਦਾ ਹੈ, ਉਸ ਨੂੰ ਭਗਤੀ ਮਾਰਗ ਉੱਤੇ ਚੱਲਣਾ ਨਹੀਂ ਆਉਂਦਾ ਅਤੇ ਵਿਅਰਥ ਵਿਚ ਕਾਮ, ਕਰੋਧ ਦੀ ਜ਼ਹਿਰ ਵਿਚ ਵਾਧਾ ਕਰਦਾ ਹੈ। ਪਰ ਉਸ ਦੇ ਉਲਟ ਭਗਤ ਹਰਿ ਦੀ ਹੀ ਸੇਵਾ ਕਰਦੇ ਹਨ। ਉਹ ਪਰਮਾਤਮਾ ਦੇ ਦਾਸਾਂ ਦੇ ਦਾਸ ਹੋ ਕੇ ਆਪਣੇਪਨ ਦੀ ਭਾਵਨਾ ਨੂੰ ਨਸ਼ਟ ਕਰਦੇ ਹਨ, ਉਹ ਖਸਮ ਦੇ ਦੁਆਰ 'ਤੇ ਉਜਲੇ ਮੁਖ ਨਾਲ ਸੱਚੇ ਸ਼ਬਦ ਰਾਹੀਂ ਸੁਸ਼ੋਭਿਤ ਹੁੰਦੇ ਹਨ:

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥
ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥
ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥
ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥

(ਪੰਨਾ ੧੪੫)

ਅਵਸਥਾ ਦੇ ਆਧਾਰ 'ਤੇ ਮਨੁੱਖ ਨੂੰ 'ਸੋਹਾਗਣਿ' ਅਤੇ 'ਦੋਹਾਗਣਿ' ਦੋ ਜੁਟਾਂ ਵਿਚ ਵੰਡਿਆ ਗਿਆ ਹੈ। ਇਸ ਵੰਡ ਦਾ ਮੂਲ-ਆਧਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰੇਮਾ-ਭਗਤੀ ਪ੍ਰਤੀਤ ਹੁੰਦੀ ਹੈ ਅਤੇ ਅਵਸਥਾ ਦਾ ਸੰਬੰਧ ਸ਼ਿੰਗਾਰ ਰਸ ਨਾਲ ਹੈ, ਜਿਸ ਦੇ ਸੰਯੋਗ ਅਤੇ ਵਿਯੋਗ ਪੱਖ ਅਵਸਥਾ ਦੇ ਸਰੂਪ ਨੂੰ ਨਿਸਚਿਤ ਕਰਦੇ

ਹਨ। ਜੋ ਮਨੁੱਖ ਪਰਮਾਤਮਾ ਨਾਲ ਸੱਚਾ ਪਿਆਰ ਕਰਦਾ ਹੈ, ਉਹ ਸੋਹਾਗਣਿ ਹੈ, ਉੱਤਮ ਭਾਗਾਂ ਵਾਲਾ ਹੈ:

ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥ *(ਪੰਨਾ ੭੨)*

ਜੋ ਸੰਸਾਰਿਕਤਾ ਦੇ ਵਸ ਵਿਚ ਹੋ ਕੇ ਪਰਮਾਤਮਾ ਤੋਂ ਵਿੱਛੜ ਚੁਕਿਆ ਹੈ, ਉਹ ਦੋਹਾਗਣਿ ਹੈ, ਮੰਦਭਾਗਾ ਹੈ:

ਦੋਹਾਗਣੀ ਕਿਆ ਨੀਸਾਣੀਆ ॥
ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥
ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ ॥੭॥ *(ਪੰਨਾ ੭੨)*

ਪ੍ਰਸ਼ਨ ਉੱਠਦਾ ਹੈ ਕਿ ਸੋਹਾਗਣਿ ਨੇ ਆਪਣੇ ਕਿਹੜੇ ਗੁਣਾਂ ਕਰਕੇ ਪਰਮਾਤਮਾ ਨੂੰ ਪ੍ਰਾਪਤ ਕੀਤਾ ਹੈ ? ਇਸ ਲਈ ਕਿ ਉਹ ਸੁਹਾਗ ਦੇ ਹਰ ਇਕ ਕੰਮ ਨੂੰ ਭਲਾ ਸਮਝ ਕੇ ਸਵੀਕਾਰ ਕਰਦੀ ਹੈ, ਚਾਲਾਕੀ ਨੂੰ ਤਿਆਗ ਕੇ ਪਤੀ-ਚਰਨਾਂ ਵਿਚ ਆਪਣੇ ਚਿੱਤ ਨੂੰ ਅਰਪਿਤ ਕਰਦੀ ਹੈ ਅਤੇ ਉਸ ਦੀ ਆਗਿਆ ਮੰਨ ਕੇ ਤਨ-ਮਨ ਨਿਛਾਵਰ ਕਰਦੀ ਹੈ:

ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥
ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥...੪॥

(ਪੰਨਾ ੭੨੨)

ਆਚਾਰ ਦੇ ਆਧਾਰ 'ਤੇ ਵੀ ਗੁਰਬਾਣੀ ਵਿਚ ਮਨੁੱਖ ਦੀ ਵੰਡ ਕੀਤੀ ਗਈ ਹੈ। ਇਸ ਦ੍ਰਿਸ਼ਟੀ ਤੋਂ ਮਨੁੱਖ ਦੋ ਤਰ੍ਹਾਂ ਦਾ ਹੈ—ਸੁਚਜੀ ਅਤੇ ਕੁਚਜੀ। ਇਸ ਵੰਡ ਵਿਚ ਵੀ ਪ੍ਰੇਮਾ-ਭਗਤੀ ਦਾ ਯੋਗ ਰਿਹਾ ਹੈ। 'ਸੁਚਜੀ' ਸ਼ਬਦ ਉਸ ਇਸਤ੍ਰੀ ਲਈ ਵਰਤਿਆ ਗਿਆ ਹੈ ਜੋ ਪਰਮਾਤਮਾ ਰੂਪੀ ਪਤੀ ਤੋਂ ਕੁਝ ਮੰਗਣ ਦੀ ਥਾਂ, ਕੇਵਲ ਉਸ ਦੇ ਦਰਸ਼ਨਾਂ ਲਈ ਵਿਆਕੁਲ ਹੈ, ਜਿਸ ਦੀ ਰਾਸ-ਮੂੜੀ ਕੇਵਲ ਪਰਮਾਤਮਾ ਹੀ ਹੈ। ਜੋ ਆਪਣੀ ਇੱਛਾ ਨੂੰ ਪਰਮਾਤਮਾ ਦੀ ਇੱਛਾ (ਰਜ਼ਾ) ਵਿਚ ਅਰਪਿਤ ਕਰਦੀ ਹੈ ਅਤੇ ਜੋ ਦੁਖ ਸੁਖ ਨੂੰ ਸਮਾਨ ਸਮਝਦੀ ਹੈ:

ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥...
ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ ॥
ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ ॥੨॥

(ਪੰਨਾ ੭੬੨)

ਇਸ ਦੇ ਉਲਟ 'ਕੁਚਜੀ' ਸ਼ਬਦ ਉਸ ਇਸਤ੍ਰੀ ਲਈ ਵਰਤਿਆ ਗਿਆ ਹੈ ਜਿਸ ਨੇ ਸੋਨੇ ਚਾਂਦੀ ਅਤੇ ਸੁਖਦਾਇਕ ਭੌਤਿਕ ਵਸਤੂਆਂ ਵਿਚ ਚਿਤ ਲਗਾ ਕੇ ਮਿੱਟੀ ਅਤੇ ਪੱਥਰਾਂ ਨਾਲ ਉਸਰੇ ਅਤੇ ਸਜੇ ਭਵਨਾਂ ਨੂੰ ਹੀ ਆਪਣੀ ਪ੍ਰਤਿਸ਼ਠਾ ਦਾ ਇਕ-ਮਾਤਰ ਸਾਧਨ ਮੰਨ ਲਿਆ ਹੈ ਅਤੇ ਉਕਤ ਪਦਾਰਥਾਂ ਨੂੰ ਬਖ਼ਸ਼ਣ ਵਾਲੇ ਪਤੀ ਪਰਮਾਤਮਾ ਦੇ ਨਾਂ ਨੂੰ ਭੁਲਾ ਦਿੱਤਾ ਹੈ। ਜੋ ਆਪਣਾ ਸਾਰਾ ਜੀਵਨ ਵਿਅਰਥ ਵਿਚ

ਗੁਜ਼ਾਰ ਕੇ ਬਿਰਧ ਹੋ ਚੁੱਕੀ ਹੈ ਅਤੇ ਜਿਸ ਦਾ ਅੰਤ ਕਾਲ ਨੇੜੇ ਆ ਗਿਆ ਹੈ, ਜਿਸ ਦੀ ਜੀਵਨ ਰੂਪੀ ਰਾਤ ਅਗਿਆਨ ਦੀ ਨੀਂਦਰ ਵਿਚ ਹੀ ਬੀਤ ਗਈ ਹੈ ਅਤੇ ਕੇਵਲ ਪਾਪਾਂ ਅਤੇ ਦੁਖਾਂ ਨੂੰ ਹੀ ਇਕੱਠਾ ਕੀਤਾ ਗਿਆ ਹੈ:

ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥
ਸੇ ਵਸਤੂ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥
ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ॥
ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ ॥
ਸਾ ਧਨ ਚਲੀ ਸਾਹੁਰੈ, ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥...੧॥

(ਰਾਗੁ ਸੂਹੀ ਮਹਲਾ ੧ ਕੁਚਜੀ, ਪੰਨਾ ੭੬੨)

ਉਪਰੋਕਤ ਵਿਸ਼ਲੇਸ਼ਣ ਤੋਂ ਭਲੀ ਭਾਂਤ ਸਪੱਸ਼ਟ ਹੈ ਕਿ ਇਹ ਸਾਰੇ ਵਰਗ ਮੂਲ ਰੂਪ ਵਿਚ ਗੁਰਮੁਖ ਅਤੇ ਮਨਮੁਖ ਵਰਗਾਂ ਵਿਚ ਹੀ ਸਮਾ ਜਾਂਦੇ ਹਨ। ਸਾਰੀ ਮਨੁੱਖ ਜਾਤਿ ਸਥੂਲ ਤੌਰ 'ਤੇ ਦੋ ਪੱਖਾਂ ਵਿਚ ਵੰਡੀ ਹੈ। ਇਕ ਉਹ ਜੋ ਸੰਸਾਰਿਕਤਾ ਵਿਚ ਮਗਨ ਹਨ ਅਤੇ ਅਧਿਆਤਮਿਕਤਾ ਵੱਲ ਉਨ੍ਹਾਂ ਦੀ ਸੱਚੇ ਦਿਲੋਂ ਨਿਸ਼ਠਾ ਨਹੀਂ ਹੈ। ਦੂਜਾ ਉਹ ਜੋ ਸੰਸਾਰਿਕਤਾ ਨੂੰ ਵਿਹਾਰਕਤਾ ਤਕ ਸੀਮਿਤ ਰੱਖ ਕੇ ਆਪਣਾ ਅਧਿਆਤਮਿਕ ਭਵਿੱਖ ਸੁਧਾਰਦੇ ਹਨ ਅਤੇ ਇਸ ਸੰਸਾਰ ਵਿਚ ਰਹਿੰਦੇ ਹੋਇਆਂ ਵੀ ਇਸ ਤੋਂ ਬੇਲਾਗ ਰਹਿੰਦੇ ਹਨ।

•

ਮਨਿ ਜੀਤੈ ਜਗੁ ਜੀਤੁ

ਗੁਰੂ ਨਾਨਕ ਦੇਵ ਜੀ ਨੇ ਮਨ ਨੂੰ ਜਿੱਤਣ ਜਾਂ ਕਾਬੂ ਕਰਨ ਨੂੰ ਜਗਤ ਦੀ ਜਿੱਤ ਤੁਲ ਦੱਸਿਆ ਹੈ। ਇਸ ਤੋਂ ਸਪੱਸ਼ਟ ਹੈ ਕਿ ਮਨ ਮਨੁੱਖ ਦੀ ਅੰਤਰ-ਵਰਤੀ ਇਕ ਅਜਿਹੀ ਸ਼ਕਤੀ ਹੈ, ਜਿਸ ਨੂੰ ਕਾਬੂ ਵਿਚ ਰੱਖਣਾ ਸਰਲ ਨਹੀਂ ਹੈ।

'ਮਨ' ਮਨੁੱਖ ਦੀ ਉਹ ਸ਼ਕਤੀ ਹੈ ਜਿਸ ਨਾਲ ਉਸ ਨੂੰ ਦੁਖ, ਤਕਲੀਫ਼, ਸੰਕਲਪ, ਇੱਛਾ, ਦਵੈਸ਼, ਵਿਚਾਰ, ਭਾਵ ਆਦਿ ਦਾ ਅਨੁਭਵ ਹੁੰਦਾ ਹੈ। ਇਹ ਅਦ੍ਰਿਸ਼ ਸ਼ਕਤੀ ਮਨੁੱਖ ਦੇ ਸਰੀਰ ਦਾ ਬਹੁਤ ਸੂਖਮ ਅੰਸ਼ ਹੈ। ਭਾਰਤੀ ਧਰਮ ਅਤੇ ਦਰਸ਼ਨ ਨਾਲ ਸੰਬੰਧਿਤ ਗ੍ਰੰਥਾਂ ਵਿਚ ਇਸ ਬਾਰੇ ਵਿਸਥਾਰ ਨਾਲ ਵਿਚਾਰ ਹੋਇਆ ਹੈ। ਇਸ ਨੂੰ *ਕਠ ਉਪਨਿਸ਼ਦ* (੧/੩/੩) ਵਿਚ ਇੰਦਰੀਆਂ ਦੀ ਲਗਾਮ ਤਕ ਕਿਹਾ ਗਿਆ ਹੈ। *ਗੀਤਾ* (੬/੩੪) ਅਨੁਸਾਰ ਮਨ ਬਹੁਤ ਚੰਚਲ, ਦ੍ਰਿੜ ਅਤੇ ਬਲਵਾਨ ਹੈ। ਇਸ ਨੂੰ ਵਸ ਵਿਚ ਕਰਨਾ ਬਹੁਤ ਔਖਾ ਹੈ।

ਭੋਗਣ ਜੋਗੀਆਂ ਵਸਤਾਂ ਦੀ ਇੱਛਾ ਕਰਨਾ ਮਨੁੱਖ ਦੇ ਮਨ ਦਾ ਰਥ ਜਾਂ 'ਮਨੋਰਥ' ਹੈ। ਮਨੋਰਥ ਨੂੰ ਹੀ ਵਾਸ਼ਨਾ ਕਿਹਾ ਜਾਂਦਾ ਹੈ। ਭੋਗਣ ਜੋਗ ਵਸਤਾਂ ਦੀ ਗਿਣਤੀ ਅਣਗਿਣਤ ਹੋਣ ਕਰਕੇ ਮਨੋਰਥ ਜਾਂ ਵਾਸ਼ਨਾਵਾਂ ਵੀ ਅਣਗਿਣਤ ਹਨ। ਇਹ ਵਾਸ਼ਨਾਵਾਂ ਮਨੁੱਖ ਦੇ ਉਚਿਤ ਜੀਵਨ-ਵਿਕਾਸ ਵਿਚ ਰੁਕਾਵਟ ਪਾਂਦੀਆਂ ਹਨ। ਮਨ ਦੇ ਰੋਗ ਨੂੰ 'ਮਾਨਸ ਰੋਗ' ਕਿਹਾ ਜਾਂਦਾ ਹੈ। ਦੇਹ ਦੇ ਦੁੱਖ ਦੀਆਂ ਦੋ ਕਿਸਮਾਂ ਹਨ—ਆਧੀ ਅਤੇ ਵਿਆਧੀ। ਆਧੀ ਮਨ ਦਾ ਰੋਗ ਹੈ ਅਤੇ ਵਿਆਧੀ ਤਨ ਦਾ। ਆਧੀ ਰੋਗਾਂ ਤੋਂ ਹੀ ਵਿਆਧੀ ਰੋਗਾਂ ਦੀ ਉਤਪਤੀ ਹੁੰਦੀ ਹੈ। ਆਧੀ ਰੋਗਾਂ ਦੇ ਨਸ਼ਟ ਹੋਣ ਨਾਲ ਵਿਆਧੀ ਰੋਗ ਆਪਣੇ ਆਪ ਖ਼ਤਮ ਹੋ ਜਾਂਦੇ ਹਨ। ਮਾਨਸ-ਰੋਗਾਂ ਦੀ ਗਿਣਤੀ ਬਹੁਤ ਅਧਿਕ ਹੈ, ਪਰ ਕਾਮ, ਕਰੋਧ, ਲੋਭ, ਮੋਹ, ਹੰਕਾਰ ਅਤੇ ਦਵੈਸ਼ ਨਾਂ ਦੇ ਰੋਗ ਬਹੁਤ ਅਸਾਧ ਹਨ।

ਮਨ ਇੰਦਰੀਆਂ ਨਾਲ ਮਿਲ ਕੇ ਮਨੁੱਖ ਨੂੰ ਵਿਸ਼ਿਆਂ ਦਾ ਭੋਗ ਕਰਾਉਂਦਾ ਹੈ। ਮਨ ਦਾ ਵਾਸ਼ਨਾ ਨਾਲ ਯੁਕਤ ਹੋਣਾ ਬੰਧਨ ਹੈ। ਇਸ ਬੰਧਨ ਨੂੰ ਤੋੜਨ ਨਾਲ ਮੁਕਤੀ ਦੀ ਪ੍ਰਾਪਤੀ ਸੰਭਵ ਹੋ ਸਕਦੀ ਹੈ। ਮਨ ਨੂੰ ਮਾਰਨ ਨਾਲ ਹੀ ਬੰਧਨ ਟੁੱਟਦਾ ਹੈ। ਮਨ ਮਾਰਨ ਦੇ, ਸ਼ਾਸਤ੍ਰਾਂ ਅਨੁਸਾਰ, ਦੋ ਪ੍ਰਕਾਰ ਹਨ। ਸਰੀਰ ਦੀ ਮੌਜੂਦਗੀ ਵਿਚ ਮਨ ਨੂੰ ਮਾਰਨਾ ਅਤੇ ਸਰੀਰ ਦੇ ਨਸ਼ਟ ਹੋ ਜਾਣ 'ਤੇ ਮਨ ਮਾਰਨਾ। ਇਨ੍ਹਾਂ ਦੇ ਆਧਾਰ 'ਤੇ ਹੀ ਮੁਕਤੀ ਦੇ ਦੋ ਭੇਦ ਬਣਦੇ ਹਨ—ਜੀਵਨ-ਮੁਕਤੀ ਅਤੇ ਵਿਦੇਹ-ਮੁਕਤੀ।

ਸਪੱਸ਼ਟ ਹੈ ਕਿ ਇੰਦਰੀਆਂ ਦਾ ਸੰਚਾਲਨ ਕਰਨ ਵਾਲਾ ਮਨ ਬਹੁਤ ਚੰਚਲ

ਅਤੇ ਬਲਵਾਨ ਹੈ, ਜਿਸ ਨੂੰ ਸਾਧਣਾ ਬਹੁਤ ਕਠਿਨ ਹੈ। ਇਹੀ ਕਾਰਨ ਹੈ ਕਿ ਮੱਧ ਯੁੱਗ ਦੇ ਸੰਤਾਂ ਭਗਤਾਂ ਨੇ ਮਨ ਨੂੰ ਬਹੁਤ ਫਿਟਕਾਰਿਆ ਹੈ ਅਤੇ ਇਸ ਨੂੰ ਮਾਰਨ ਦੇ ਉਪਾਅ ਵੀ ਦੱਸੇ ਹਨ। ਸੰਤ ਕਬੀਰ ਜੀ ਨੇ ਕਿਹਾ ਹੈ:

ਮਨ ਮਾਰੇ ਬਿਨੁ ਭਗਤਿ ਨ ਹੋਈ॥੨॥੨੮॥ *(ਪੰਨਾ ੩੨੯)*

ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ ਵਿਚ ਮਨ ਸੰਬੰਧੀ ਵਿਸਥਾਰ ਨਾਲ ਚਰਚਾ ਕੀਤੀ ਹੈ। ਮਨੁੱਖ ਦੇ ਜੀਵਨ ਵਿਚ ਮਨ ਦੀ ਕੀ ਸਥਿਤੀ ਜਾਂ ਯੋਗਦਾਨ ਹੈ? ਇਸ ਪ੍ਰਸ਼ਨ ਦਾ ਉੱਤਰ ਦਿੰਦਿਆਂ ਗੁਰੂ ਜੀ ਨੇ ਦੁੱਧ ਤੋਂ ਮੱਖਣ ਬਣਾਉਣ ਦੀ ਸਾਰੀ ਪ੍ਰਕ੍ਰਿਆ ਦੇ ਰੂਪਕ ਰਾਹੀਂ ਸਪੱਸ਼ਟ ਕੀਤਾ ਹੈ ਕਿ ਪਹਿਲਾਂ ਭਾਂਡੇ ਨੂੰ ਧੋਵੋ, ਫਿਰ ਧੂਪ ਦਿਓ, ਫਿਰ ਦੁੱਧ ਲਈ ਜਾਓ। ਕਹਿਣ ਤੋਂ ਭਾਵ, ਪਹਿਲਾਂ ਮਨ ਨੂੰ ਪਵਿੱਤਰ ਕਰ ਕੇ ਫਿਰ ਉਸ ਦੀ ਚੰਚਲਤਾ ਖ਼ਤਮ ਕਰੋ, ਤਦ ਹੀ ਸ਼ੁਭ ਕਰਮਾਂ ਦਾ ਸੰਪਾਦਨ ਹੋ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਮਨ ਨੂੰ ਸਰੀਰ ਰੂਪੀ ਨਗਰੀ ਦਾ ਰਾਜਾ ਕਿਹਾ ਹੈ ਅਤੇ ਪੰਜ ਗਿਆਨ-ਇੰਦਰੀਆਂ ਇਸ ਦੇ ਸਹਿਯੋਗ ਲਈ ਵਿਚਾਰ-ਪੂਰਵਕ ਨਗਰੀ ਵਿਚ ਵੱਸਦੀਆਂ ਹਨ:

ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ॥੯॥ *(ਪੰਨਾ ੯੦੨)*

ਇਸ ਮਨ ਦੇ ਦੋ ਰੂਪ ਹਨ। ਕਦੇ ਇਹ ਯੋਗੀ ਵਾਂਗ ਚੰਗੀਆਂ ਰੁਚੀਆਂ ਵਾਲਾ ਹੁੰਦਾ ਹੈ ਅਤੇ ਕਦੇ ਭੋਗੀ ਵਾਂਗ ਮੂਰਖ ਅਤੇ ਗੰਵਾਰ ਬਣ ਜਾਂਦਾ ਹੈ। ਕਦੇ ਇਹ ਦਾਤਾ ਦਾ ਰੂਪ ਧਾਰਨ ਕਰਦਾ ਹੈ ਅਤੇ ਕਦੇ ਮੰਗਤਾ ਬਣ ਜਾਂਦਾ ਹੈ:

ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ॥
ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ॥...੨॥੧੦॥ *(ਪੰਨਾ ੧੩੩੦)*

ਅਸਲ ਵਿਚ, ਵਾਸ਼ਨਾ ਨਾਲ ਘਿਰਿਆ ਮਨ ਲੋਭੀ ਅਤੇ ਮੂਰਖ ਹੁੰਦਾ ਹੈ, ਪਰ ਗੁਰੂ ਦੀ ਸਿਖਿਆ ਨਾਲ ਇਹ ਸ੍ਰੇਸ਼ਟ ਅਵਸਥਾ ਨੂੰ ਪ੍ਰਾਪਤ ਕਰਦਾ ਹੈ:

ਸਾਕਤੁ ਲੋਭੀ ਇਹੁ ਮਨੁ ਮੂੜਾ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ॥੩॥੮॥
(ਪੰਨਾ ੪੧੫)

ਇਸ ਲਈ ਗੁਰੂ ਅਮਰਦਾਸ ਜੀ ਨੇ ਕਿਹਾ ਹੈ ਕਿ ਮਨ ਵਾਸਤਵ ਵਿਚ ਜੋਤਿ ਸਰੂਪ ਹੈ। ਇਸ ਨੂੰ ਆਪਣੇ ਮੂਲ ਰੂਪ ਨੂੰ ਪਛਾਣਨਾ ਚਾਹੀਦਾ ਹੈ। ਪਰਮਾਤਮਾ ਸਦਾ ਇਸ ਦੇ ਸੰਗ ਹੈ, ਗੁਰੂ ਦੀ ਮਤਿ ਨਾਲ ਇਸ ਭੇਦ ਨੂੰ ਸਮਝ ਕੇ ਉਹ ਸਦਾ ਆਨੰਦ ਦੀ ਅਵਸਥਾ ਮਾਣ ਸਕਦਾ ਹੈ:

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥...੫॥ *(ਪੰਨਾ ੪੪੧)*

ਸੰਤ ਕਬੀਰ ਜੀ ਦਾ ਵੀ ਵਿਚਾਰ ਹੈ ਕਿ:

ਕਹੁ ਕਬੀਰ ਜੋ ਜਾਨੈ ਭੇਉ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ॥੩॥੨੮॥
(ਪੰਨਾ ੩੨੯)

ਉਪਰੋਕਤ ਵਿਸ਼ਲੇਸ਼ਣ ਤੋਂ ਸਾਫ਼ ਹੈ ਕਿ ਮਨ ਦੇ ਦੋ ਰੂਪ ਹਨ—ਵਾਸ਼ਨਾ-ਲੀਨ ਮਨ ਅਤੇ ਵਾਸ਼ਨਾ-ਹੀਨ ਮਨ। ਪਹਿਲੇ ਨੂੰ ਅੰਧਕਾਰਮਈ ਮਨ ਕਿਹਾ ਜਾ ਸਕਦਾ ਹੈ ਅਤੇ ਦੂਜੇ ਨੂੰ ਪ੍ਰਕਾਸ਼ਮਈ ਮਨ। ਅੰਧਕਾਰਮਈ ਮਨ ਹੀਨ ਅਵਸਥਾ ਵਾਲਾ ਹੈ। ਮਾਇਆ ਦੇ ਪ੍ਰਭਾਵ ਅਧੀਨ ਜਦ ਮਨ ਆਪਣੇ ਮੂਲ ਰੂਪ ਨੂੰ ਭੁਲਾ ਕੇ ਸੰਸਾਰਿਕ ਪ੍ਰਪੰਚ ਵਿਚ ਉਲਝ ਜਾਂਦਾ ਹੈ ਤਾਂ ਅਗਿਆਨ-ਵਸ ਅਸ਼ੁਧ ਹੋ ਜਾਂਦਾ ਹੈ, ਇਸ ਲਈ ਇਹ ਅੰਧਕਾਰਮਈ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਅੰਧਕਾਰਮਈ ਮਨ ਦੀ ਤੁਲਨਾ ਰਾਹੀਂ ਭਟਕੇ ਮਦ-ਮਸਤ ਹਾਥੀ ਨਾਲ ਦਿੱਤੀ ਹੈ, ਜੋ ਮਾਇਆ ਅਤੇ ਮੋਹ ਦੇ ਵੱਸ ਹੋਇਆ ਅਤੇ ਕਾਲ ਦਾ ਪੇਲਿਆ ਜੰਗਲ ਵਿਚ ਬੇਸੁਧ ਫਿਰ ਰਿਹਾ ਹੈ:

ਮਨੁ ਮੈਗਲੁ ਸਾਕਤੁ ਦੇਵਾਨਾ॥
ਬਨ ਖੰਡਿ ਮਾਇਆ ਮੋਹਿ ਹੈਰਾਨਾ॥
ਇਤ ਉਤ ਜਾਹਿ ਕਾਲ ਕੇ ਚਾਪੇ॥...੧॥੮॥ *(ਪੰਨਾ ੪੧੫)*

ਪ੍ਰਕਾਸ਼ਮਈ ਮਨ ਸ਼ੁਧ ਸਰੂਪ ਵਾਲਾ ਹੈ, ਜੋ ਜੋਤਿ ਸਰੂਪ ਪਰਮਾਤਮਾ ਦੀ ਜੋਤਿ ਨਾਲ ਰੌਸ਼ਨ ਹੈ। ਅਜਿਹੇ ਮਨ ਵਿਚ ਨਾਮ ਰੂਪੀ ਰਤਨ, ਹੀਰੇ, ਮਾਣਕ ਆਦਿ ਸ੍ਰੇਸ਼ਟ ਪਦਾਰਥ ਭਰੇ ਪਏ ਹਨ:

ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ॥...੪॥੨੧॥
(ਪੰਨਾ ੨੨)

ਇਹ ਮਨ ਹੰਕਾਰ ਨੂੰ ਤਿਆਗਣ ਵਾਲਾ ਵੈਰਾਗੀ ਹੈ। ਵਿਸ਼ੇ-ਵਾਸ਼ਨਾਵਾਂ ਨਾਲ ਯੁੱਧ ਵਿਚ ਸੂਰਬੀਰ ਰਾਜੇ ਵਾਂਗ ਜੇਤੂ ਹੁੰਦਾ ਹੈ। ਗੁਰੂ ਦੀ ਸਿਖਿਆ ਦੁਆਰਾ ਨਾਮ ਪ੍ਰਾਪਤ ਕਰ ਕੇ ਨਿਰਭੈ ਹੋ ਜਾਂਦਾ ਹੈ। ਕਾਮ ਆਦਿਕ ਪੰਜ ਵਿਸ਼ਿਆਂ ਨੂੰ ਮਾਰ ਕੇ ਆਪਣੇ ਵੱਸ ਵਿਚ ਕਰ ਲੈਂਦਾ ਹੈ ਅਤੇ ਹੰਕਾਰ ਨੂੰ ਗ੍ਰਸ ਕੇ ਸਭ ਨੂੰ ਇਕ ਥਾਂ ਸਮੇਟ ਦਿੰਦਾ ਹੈ:

ਇਹੁ ਮਨੁ ਰਾਜਾ ਸੂਰ ਸੰਗ੍ਰਾਮਿ॥
ਇਹੁ ਮਨੁ ਨਿਰਭਉ ਗੁਰਮੁਖਿ ਨਾਮਿ॥
ਮਾਰੇ ਪੰਚ ਅਪੁਨੈ ਵਸਿ ਕੀਏ॥
ਹਉਮੈ ਗ੍ਰਾਸਿ ਇਕਤੁ ਥਾਇ ਕੀਏ॥੬॥੮॥ *(ਪੰਨਾ ੪੧੫)*

ਅੰਧਕਾਰਮਈ ਮਨ ਨੂੰ ਪ੍ਰਕਾਸ਼ਮਈ ਅਵਸਥਾ ਗ੍ਰਹਿਣ ਕਰਨ ਲਈ ਗੁਰੂ ਜੀ ਨੇ ਬਹੁਤ ਸਮਝਾਇਆ ਹੈ। ਇਹ ਸਮਝਾਉਣਾ ਦੋ ਰੂਪਾਂ ਵਿਚ ਵੇਖਿਆ ਜਾ ਸਕਦਾ ਹੈ। ਇਕ ਸਿੱਧੇ ਉਪਦੇਸ਼ਾਂ ਰਾਹੀਂ ਅਤੇ ਦੂਜਾ ਪ੍ਰਤੀਕਾਂ ਰਾਹੀਂ। ਮਨ ਨੂੰ ਬਦਲਣ ਦੀ ਇਸ ਸਾਰੀ ਕ੍ਰਿਆ ਨੂੰ ਮਨ ਮਾਰਨ ਦੀ ਪ੍ਰਕ੍ਰਿਆ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਇਹ ਪ੍ਰਕ੍ਰਿਆ ਤਿੰਨ ਪ੍ਰਕਾਰ ਸੰਭਵ ਹੋ ਸਕਦੀ ਹੈ। ਇਕ, ਮਨ ਰਾਹੀਂ ਹੀ ਮਨ ਨੂੰ ਮਾਰਨਾ, ਜਦੋਂ ਬਲਵਾਨ ਪ੍ਰਕਾਸ਼ਮਈ ਮਨ ਕਮਜ਼ੋਰ ਅੰਧਕਾਰਮਈ ਮਨ ਨੂੰ ਆਪਣੇ ਅਧੀਨ ਕਰ ਲੈਂਦਾ ਹੈ:

ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ॥...੩॥੨॥ *(ਪੰਨਾ ੧੧੨੫)*

ਦੂਜਾ, ਪਰਮਾਤਮਾ ਦੀ ਉਸਤਤ ਰਾਹੀਂ ਮਨ ਨੂੰ ਮਾਰਨਾ, ਜਦੋਂ ਉਸਤਤ ਨਾਲ ਮਨ ਸਵੱਛ ਹੋ ਜਾਂਦਾ ਹੈ:

ਮਨੁ ਨਾਨਕ ਮਾਨਿਆ ਸਚੁ ਸਲਾਹਿ ॥੮॥੨॥ *(ਪੰਨਾ ੧੧੯੮)*

ਤੀਜਾ, ਗੁਰੂ ਅਤੇ ਗੁਰੂ-ਸ਼ਬਦ ਰਾਹੀਂ ਮਨ ਨੂੰ ਮਾਰਨਾ, ਜਦੋਂ ਗੁਰੂ ਦੇ ਉਪਦੇਸ਼ ਨਾਲ ਜਾਂ ਗੁਰੂ ਦੀ ਬਾਣੀ ਸੁਣਨ ਨਾਲ ਮਨ ਆਪਣੀ ਮੂਲ ਅਵਸਥਾ ਵਿਚ ਆ ਜਾਂਦਾ ਹੈ:

ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ ਤੇ ਵਿਰਲੇ ਸੰਸਾਰ॥...੪॥੧॥੨॥

(ਪੰਨਾ ੧੧੨੫)

ਮਨ ਨੂੰ ਮਾਰਨ ਅਤੇ ਇਸ ਦੀਆਂ ਬਿਰਤੀਆਂ ਨੂੰ ਇਕਾਗਰ ਕਰ ਕੇ ਸ਼ੁਭ ਕਰਮਾਂ ਵਿਚ ਲਗਾਉਣਾ ਮਨੁੱਖ ਲਈ ਬੜਾ ਜ਼ਰੂਰੀ ਹੈ। ਇਸ ਤੋਂ ਬਿਨਾਂ ਮਨੁੱਖਾ ਜਨਮ ਵਿਅਰਥ ਵਿਚ ਨਸ਼ਟ ਹੋ ਜਾਂਦਾ ਹੈ। ਤਦੇ ਗੁਰੂ ਰਾਮਦਾਸ ਜੀ ਨੇ ਕਿਹਾ ਹੈ ਕਿ:

ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ॥
ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ॥...੨॥੨੧॥

(ਪੰਨਾ ੬੫੦)

ਸਪੱਸ਼ਟ ਹੈ ਕਿ ਮਨ ਮਨੁੱਖ ਅੰਦਰਲੀ ਇਕ ਪ੍ਰਬਲ ਸ਼ਕਤੀ ਹੈ। ਇਸ ਦੇ ਵਾਸ਼ਨਾ-ਅਧੀਨ ਹੋਣ ਨਾਲ ਮਨੁੱਖ ਮਨੁੱਖਤਾ ਦੇ ਵਾਸਤਵਿਕ ਉਪਦੇਸ਼ ਤੋਂ ਖੁੰਝ ਜਾਂਦਾ ਹੈ। ਮਨ ਦੇ ਵਾਸ਼ਨਾਹੀਨ ਹੋਣ 'ਤੇ, ਮਨੁੱਖ ਸਹੀ ਮਾਰਗ ਨੂੰ ਅਪਣਾਉਂਦਾ ਹੋਇਆ ਸੱਚਾ ਮਨੁੱਖ ਬਣਦਾ ਹੈ। ਸੱਚਾ ਮਨੁੱਖ ਹੀ ਸਮਾਜ ਨੂੰ ਉੱਨਤੀ ਵੱਲ ਲੈ ਜਾ ਸਕਦਾ ਹੈ। ਇਸ ਲਈ ਗੁਰਬਾਣੀ ਵਿਚ ਮਨ ਨੂੰ ਵੱਸ ਵਿਚ ਕਰਨ ਉੱਤੇ ਬਲ ਦਿੱਤਾ ਗਿਆ ਹੈ। ਪਰ ਇਹ ਸਰਲ ਕਾਰਜ ਨਹੀਂ, ਇਸ ਲਈ ਬਹੁਤ ਸਾਧਨਾ ਕਰਨੀ ਪੈਂਦੀ ਹੈ ਅਤੇ ਇਹ ਸਾਧਨਾ ਜਗਤ ਨੂੰ ਜਿੱਤਣ ਸਮਾਨ ਬਹੁਤ ਤਕੜੀ ਤਪੱਸਿਆ ਰੂਪੀ ਸ਼ਕਤੀ ਦੀ ਮੰਗ ਕਰਦੀ ਹੈ।

ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਗੁਰਬਾਣੀ ਵਿਚ ਸਰੀਰ ਦੀ ਮੌਜੂਦਗੀ ਵਿਚ ਮਨ ਮਾਰਨ ਦੀ ਗੱਲ ਕਹੀ ਗਈ ਹੈ। ਅਜਿਹਾ ਕਰਨ ਨਾਲ ਮਨੁੱਖ ਜੀਵਨ-ਮੁਕਤ ਹੁੰਦਾ ਹੈ। ਉਹ ਜੀਵਿਤ ਅਵਸਥਾ ਵਿਚ ਹੀ ਮਨ ਨੂੰ ਵਾਸ਼ਨਾਵਾਂ ਤੋਂ ਹਟਾ ਕੇ ਚੰਗੇ ਪਾਸੇ ਵੱਲ ਲਗਾਉਂਦਾ ਹੋਇਆ 'ਜਲ ਮਹਿ ਕਮਲੁ ਨਿਰਾਲਮੁ' ਵਾਂਗ ਜੀਵਨ ਬਤੀਤ ਕਰਦਾ ਹੈ।

•

ਖਸਮੁ ਵਿਸਾਰਹਿ ਤੇ ਕਮਜਾਤਿ

ਜਾਤਿ ਭੇਦ-ਭਾਵ ਨੇ ਮਨੁੱਖ ਮਨੁੱਖ ਵਿਚ ਜੋ ਵਿਥ ਪੈਦਾ ਕੀਤੀ ਹੈ, ਉਸ ਨਾਲ ਭਾਰਤੀ ਸਮਾਜ ਅਤੇ ਧਰਮ ਵਿਚ ਨਕਾਰਾਤਮਕ ਰੁਚੀਆਂ ਦਾ ਵਿਕਾਸ ਹੋਇਆ ਹੈ। ਇਸ ਲਈ ਮੱਧ ਯੁਗ ਦੇ ਧਰਮ-ਸਾਧਕਾਂ ਨੇ ਇਸ ਪ੍ਰਕਾਰ ਦੀ ਭੇਦ-ਭਾਵਨਾ ਦਾ ਬਹੁਤ ਵਿਰੋਧ ਕੀਤਾ ਹੈ, ਖ਼ਾਸ ਤੌਰ 'ਤੇ ਗੁਰਬਾਣੀ ਵਿਚ ਥਾਂ-ਪੁਰ-ਥਾਂ ਇਸ ਦਾ ਨਿਖੇਧ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਤਾਂ ਉਸ ਵਿਅਕਤੀ ਨੂੰ ਨੀਵੀਂ ਜਾਤਿ ਦਾ ਮੰਨਿਆ ਹੈ ਜੋ ਆਪਣੇ ਵਾਸਤਵਿਕ ਜੀਵਨ-ਉਦੇਸ਼ ਤੋਂ ਖੁੰਝ ਕੇ ਆਪਣੇ ਮਾਲਿਕ, ਇਸ਼ਟ ਪਰਮਾਤਮਾ ਨੂੰ ਭੁੱਲ ਜਾਂਦਾ ਹੋਵੇ :

ਖਸਮੁ ਵਿਸਾਰਹਿ ਤੇ ਕਮਜਾਤਿ ॥...੪॥੩॥ *(ਪੰਨਾ ੧੦)*

ਜਾਤਿ ਭੇਦ-ਭਾਵ ਦੇ ਜੇ ਇਤਿਹਾਸ ਵਿਚ ਜਾਈਏ ਤਾਂ ਸਪੱਸ਼ਟ ਹੁੰਦਾ ਹੈ ਕਿ ਇਸ ਦਾ ਆਧਾਰ ਭਾਰਤੀ ਵਰਣ-ਵਿਵਸਥਾ ਹੈ। ਵਰਣ-ਵਿਵਸਥਾ ਦੀ ਹੋਂਦ ਭਾਵੇਂ ਵੈਦਿਕ ਸਾਹਿੱਤ ਵਿਚ ਮਿਲ ਜਾਂਦੀ ਹੈ, ਪਰ ਉਦੋਂ ਇਸ ਦਾ ਸਰੂਪ ਉਦਾਰ ਸੀ, ਅੱਜ ਵਰਗੀਆਂ ਤੰਗ ਹੱਦਬੰਦੀਆਂ ਨਹੀਂ ਸਨ। ਸਮਾਜ ਦੀ ਵਿਵਸਥਾ ਕਰਮ ਅਨੁਸਾਰ ਸੀ, ਜਨਮ ਅਨੁਸਾਰ ਨਹੀਂ। ਪਰ ਜਿਉਂ ਜਿਉਂ ਸਮਾਂ ਬੀਤਿਆ, ਇਸ ਵਿਵਸਥਾ ਦਾ ਆਧਾਰ ਬਦਲਦਾ ਗਿਆ। ਸਿਮ੍ਰਿਤੀ-ਕਾਲ ਵਿਚ ਕਰਮ ਦਾ ਸਥਾਨ ਜਨਮ ਨੇ ਲੈ ਲਿਆ। ਸਮਾਜ ਦਾ ਸਰੂਪ ਬਦਲ ਗਿਆ। ਮਨੁੱਖ ਮਨੁੱਖ ਨਾ ਰਿਹਾ, ਉਸ ਦੀ ਵੰਡ ਵਰਣਾਂ ਅਨੁਸਾਰ ਹੋ ਗਈ। ਉਹ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਬਣ ਗਿਆ। ਇਸ ਦਾ ਵਿਰੋਧ ਵੀ ਨਾਲ ਨਾਲ ਹੋਣ ਲੱਗਾ। ਮਹਾਤਮਾ ਬੁੱਧ ਨੇ ਇਸ ਵਿਵਸਥਾ ਦਾ ਵਿਰੋਧ ਕਰਨ ਵਿਚ ਪਹਿਲ ਕੀਤੀ, ਪਰ ਮੱਧ ਯੁੱਗ ਤਕ ਇਹ ਵਿਵਸਥਾ ਕਿਸੇ ਨਾ ਕਿਸੇ ਤਰ੍ਹਾਂ ਆਪਣਾ ਵਿਸਥਾਰ ਕਰਦੀ ਰਹੀ। ਇਸ ਵਿਵਸਥਾ ਦੀ ਨਿਰਸਾਰਤਾ ਆਪਣੇ ਉਘੜੇ ਹੋਏ ਰੂਪ ਵਿਚ ਬਾਹਰੋਂ ਹੋਏ ਮੁਸਲਮਾਨਾਂ ਦੇ ਹਮਲਿਆਂ ਵੇਲੇ ਪ੍ਰਗਟ ਹੋਈ।

ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ਨੇ ਦੱਸਿਆ ਹੈ ਕਿ ਮੱਧ ਯੁਗ ਵਿਚ ਪਹਿਲੀ ਵਾਰ ਭਾਰਤੀ ਸਮਾਜ ਨੂੰ ਇਕ ਅਜਿਹੀ ਪਰਿਸਥਿਤੀ ਦਾ ਸਾਹਮਣਾ ਕਰਨਾ ਪੈ ਗਿਆ, ਜੋ ਉਸ ਨੇ ਕਦੇ ਕਿਆਸ ਨਹੀਂ ਸੀ ਕੀਤੀ। ਹੁਣ ਤਕ ਵਰਣ-ਵਿਵਸਥਾ ਦਾ ਕੋਈ ਗੰਭੀਰ ਵਿਰੋਧੀ ਨਹੀਂ ਸੀ ਪੈਦਾ ਹੋਇਆ, ਪਰ ਹੁਣ ਇਸਲਾਮ ਵਰਗਾ ਸੰਗਠਿਤ ਸਮਾਜ ਸਾਹਮਣੇ ਸੀ, ਜੋ ਹਰ ਇਕ ਵਿਅਕਤੀ ਅਤੇ ਹਰ ਜਾਤਿ ਨੂੰ ਆਪਣੇ ਅੰਦਰ ਸਮਾਨ-ਆਸਣ ਦੇਣ ਦੀ ਪ੍ਰਤਿਗਿਆ ਕਰ ਚੁੱਕਾ ਸੀ। ਇਸ ਨਾਲ ਭਾਰਤੀ ਵਰਣ-ਵਿਵਸਥਾ ਨੇ ਸਾਰੇ ਸਮਾਜ ਨੂੰ ਡਾਵਾਂਡੋਲ ਕਰ ਦਿੱਤਾ।

ਉਪਰੋਕਤ ਸਥਿਤੀ ਦਾ ਸਿੱਟਾ ਇਹ ਨਿਕਲਿਆ ਕਿ ਖ਼ਾਸ ਤੌਰ 'ਤੇ ਨੀਵੀਆਂ ਜਾਤਾਂ ਨਾਲ ਸੰਬੰਧ ਰੱਖਣ ਵਾਲੇ ਇਸ ਵਿਵਸਥਾ ਕਾਰਣ ਦੁੱਖਾਂ ਅਤੇ ਵਿਤਕਰਿਆਂ ਤੋਂ ਤੰਗ ਹੋ ਕੇ ਮੁਸਲਮਾਨ ਬਣਨ ਲੱਗੇ। ਇਸ ਦੀ ਪ੍ਰਤਿਕ੍ਰਿਆ ਹੋਣੀ ਵੀ ਸੁਭਾਵਿਕ ਸੀ। ਨਤੀਜੇ ਵਜੋਂ ਭਾਰਤੀ ਸਾਧਕਾਂ ਨੇ ਜਾਤਿ ਭੇਦ-ਭਾਵ ਦੇ ਭਿਆਨਕ ਸਿੱਟਿਆਂ ਅਤੇ ਹਾਨੀਕਾਰਕ ਰੂਪਾਂ ਨੂੰ ਵੇਖ ਕੇ ਇਸ ਦਾ ਵਿਰੋਧ ਕੀਤਾ। ਡਾ. ਮਨਮੋਹਨ ਸਹਿਗਲ ਦਾ ਮਤ ਹੈ ਕਿ ਮੱਧ ਯੁੱਗ ਤਕ ਆਉਂਦੇ ਆਉਂਦੇ ਵਰਣ-ਵਿਵਸਥਾ ਅਤਿ ਅਧਿਕ ਦੂਸ਼ਿਤ ਹੋ ਗਈ ਅਤੇ ਹੇਠਲੇ ਤਿੰਨੋਂ ਵਰਣ ਬ੍ਰਾਹਮਣ ਵਰਗ ਦੇ ਅੱਤਿਆਚਾਰਾਂ ਨੂੰ ਸਹਿੰਦਿਆਂ ਸਹਿੰਦਿਆਂ ਤੰਗ ਪੈ ਕੇ ਵਿਗੜ ਖੜੋਤੇ ਅਤੇ ਅਜਿਹੇ ਨਵੇਂ ਸਮਾਜਿਕ ਵਿਧਾਨ ਦੀ ਲੋੜ ਦਾ ਅਨੁਭਵ ਕਰਨ ਲੱਗੇ, ਜਿਸ ਵਿਚ ਬ੍ਰਾਹਮਣਾਂ ਦੇ ਦੈਵੀ ਅਧਿਕਾਰਾਂ ਨੂੰ ਵੰਗਾਰਿਆ ਜਾ ਸਕੇ ਅਤੇ ਸਮਾਨਤਾ ਨੂੰ ਜੀਵਨ ਵਿਚ ਵਿਵਹਾਰਿਕ ਰੂਪ ਦਿੱਤਾ ਜਾ ਸਕੇ। ਸੰਤਾਂ ਦੀਆਂ ਬਾਣੀਆਂ ਵਿਚ ਅਜਿਹੇ ਨਵੇਂ ਸਮਾਜਿਕ ਵਿਧਾਨ ਦੀ ਲਲਕਾਰ ਹੈ।

ਮੱਧ ਯੁੱਗ ਵਿਚ ਜਾਤਿ ਭੇਦ-ਭਾਵ ਦੇ ਵਿਰੁੱਧ ਸਭ ਤੋਂ ਨਿਖੜ ਕੇ ਸੁਆਮੀ ਰਾਮਾਨੰਦ ਨੇ ਨਾਅਰਾ ਮਾਰਿਆ ਕਿ ਭਗਤੀ ਦੇ ਖੇਤਰ ਵਿਚ ਇਸ ਅਣਮਨੁੱਖੀ ਵੰਡ ਦਾ ਕੋਈ ਅਰਥ ਨਹੀਂ ਹੈ—'ਜਾਤਿ ਪਾਤਿ ਪੂਛੇ ਨਹਿ ਕੋਈ। ਹਰਿ ਕੋ ਭਜੇ ਸੋ ਹਰਿ ਕਾ ਹੋਈ।' ਫਿਰ ਲਗਪਗ ਸਾਰਿਆਂ ਸਾਧਕਾਂ ਨੇ ਭਗਤੀ ਦੇ ਖੇਤਰ ਵਿਚ ਇਸ ਨੂੰ ਗ਼ੈਰ-ਜ਼ਰੂਰੀ ਮੰਨਿਆ ਅਤੇ ਇਸ ਦਾ ਵਿਰੋਧ ਕੀਤਾ। ਉੱਚੇ ਵਰਗ ਨਾਲ ਸੰਬੰਧਿਤ ਸਾਧਕਾਂ ਦੇ ਮੁਕਾਬਲੇ ਹੇਠਲੀਆਂ ਸ਼੍ਰੇਣੀਆਂ ਤੋਂ ਆਏ ਸੰਤਾਂ ਸਾਧਕਾਂ ਦੀਆਂ ਬਾਣੀਆਂ ਵਿਚ ਇਸ ਵਿਧਾਨ ਦਾ ਅਧਿਕ ਅਤੇ ਕਿਤੇ ਕਿਤੇ ਚੁਭਵੀਂ ਸ਼ੈਲੀ ਵਿਚ ਖੰਡਨ ਹੋਇਆ। ਇਸ ਪ੍ਰਕਾਰ ਦੇ ਖੰਡਨ ਵਿਚ ਸੰਤ ਕਬੀਰ ਜੀ ਸਭ ਤੋਂ ਅੱਗੇ ਹਨ। ਸਿਖ ਗੁਰੂਆਂ ਨੇ ਵੀ ਇਸ ਵਿਵਸਥਾ ਦਾ ਡੱਟ ਕੇ ਖੰਡਨ ਕੀਤਾ, ਪਰ ਉਨ੍ਹਾਂ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਉਹ ਕੁਲੀਨ (ਸ੍ਰੇਸ਼ਟ ਕੁਲਾਂ ਤੋਂ) ਹੁੰਦੇ ਹੋਏ ਵੀ ਹਰਿ-ਪ੍ਰਾਪਤੀ ਦੇ ਮਾਰਗ 'ਤੇ ਅੱਗੇ ਵਧਣ ਲਈ ਜਾਤਿ ਭੇਦ-ਭਾਵ ਨੂੰ ਰੁਕਾਵਟ ਮੰਨਦੇ ਹਨ। ਗੁਰੂ ਨਾਨਕ ਦੇਵ ਜੀ ਨੇ ਜਾਤੀਆਂ ਅਤੇ ਵਰਨਾਂ ਨੂੰ ਵਿਅਰਥ ਅਤੇ ਧੂੜ ਵਰਗਾ ਮੰਨਿਆ। ਉਨ੍ਹਾਂ ਅਨੁਸਾਰ ਇਸ ਸੰਸਾਰ ਵਿਚ ਕੋਈ ਉੱਚਾ ਜਾਂ ਨੀਵਾਂ ਨਹੀਂ:

ਨਾਨਕ ਉਤਮੁ ਨੀਚੁ ਨ ਕੋਇ ॥੩੩॥ *(ਪੰਨਾ ੭)*

ਗੁਰੂ ਅਮਰਦਾਸ ਜੀ ਨੇ ਜਾਤਿ ਦਾ ਗਰਬ ਕਰਨ ਵਾਲੇ ਵਿਅਕਤੀ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਇਸ ਪ੍ਰਕਾਰ ਦੇ ਗਰਬ ਤੋਂ ਕਈ ਪ੍ਰਕਾਰ ਦੇ ਵਿਕਾਰਾਂ ਦਾ ਵਿਕਾਸ ਹੁੰਦਾ ਹੈ। ਸਭ ਕੋਈ ਚਾਰ ਵਰਣ ਕਹਿੰਦਾ ਹੈ, ਪਰ ਸਾਰੇ ਮਨੁੱਖ ਇੱਕੋ ਹੀ ਮਿੱਟੀ ਤੋਂ ਬਣੇ ਭਾਂਡਿਆਂ ਵਾਂਗ ਪਰਮਾਤਮਾ ਦੁਆਰਾ ਸੰਵਾਰੇ ਹੋਏ ਹਨ। ਇਨ੍ਹਾਂ ਵਿਚ ਕਿਸੇ ਪ੍ਰਕਾਰ ਦੇ ਵੱਧ ਘੱਟ ਹੋਣ ਦੀ ਕੋਈ ਗੁੰਜਾਇਸ਼ ਨਹੀਂ:

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ਰਹਾਉ॥
ਚਾਰੇ ਵਰਨ ਆਖੈ ਸਭੁ ਕੋਈ ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥੨॥

ਮਾਟੀ ਏਕ ਸਗਲ ਸੰਸਾਰਾ ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥੩॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥
ਘਟਿ ਵਧਿ ਕੋ ਕਰੈ ਬੀਚਾਰਾ ॥੪॥੧॥ *(ਪੰਨੇ ੧੧੨੭-੨੮)*

ਨੀਵੀਆਂ ਜਾਤਾਂ ਤੋਂ ਆਏ ਸਾਧਕਾਂ ਦੀਆਂ ਬਾਣੀਆਂ ਵਿਚ ਜਾਤਿ ਭੇਦ-ਭਾਵ ਦੇ ਵਿਰੁੱਧ ਜੋ ਆਵਾਜ਼ ਉੱਠੀ, ਉਹ ਸੁਭਾਵਿਕ ਹੈ। ਕਿਉਂਕਿ ਯੁੱਗਾਂ ਯੁੱਗਾਂ ਤੋਂ ਇਹ ਲੋਕ ਇਸ ਭੇਦ-ਭਾਵ ਤੋਂ ਦੁਖੀ ਹੁੰਦੇ ਚਲੇ ਆ ਰਹੇ ਸਨ। ਉਨ੍ਹਾਂ ਦਾ ਨਿਜੀ ਅਨੁਭਵ ਬਹੁਤ ਕੌੜਾ ਸੀ, ਇਸ ਲਈ ਅਜਿਹੇ ਵਰਗਾਂ ਨਾਲ ਸੰਬੰਧਿਤ ਸਾਧਕਾਂ ਦੀਆਂ ਬਾਣੀਆਂ ਵਿਚ ਉਨ੍ਹਾਂ ਨਾਲ ਸੰਬੰਧਿਤ ਸਮਾਜ ਪ੍ਰਤਿ ਕੀਤੇ ਗਏ ਅਮਾਨਵੀ ਵਿਵਹਾਰ ਦਾ ਪ੍ਰਤਿਕਰਮ ਸੀ। ਪਰ ਗੁਰੂ ਨਾਨਕ ਦੇਵ ਜੀ ਜਾਂ ਉਤਰਵਰਤੀ ਗੁਰੂ ਸਾਹਿਬਾਂ ਦਾ ਇਸ ਪ੍ਰਕਾਰ ਦਾ ਕੋਈ ਅਨੁਭਵ ਨਹੀਂ ਸੀ। ਇਸ ਲਈ ਉਨ੍ਹਾਂ ਦੀਆਂ ਬਾਣੀਆਂ ਵਿਚ ਜਾਤਿ ਭੇਦ-ਭਾਵ ਦੇ ਵਿਰੋਧ ਦਾ ਚਿਤ੍ਰਣ ਕੇਵਲ ਲੋਕ-ਮੰਗਲਕਾਰੀ ਅਤੇ ਜਨ-ਕਲਿਆਣਕਾਰੀ ਭਾਵਨਾ 'ਤੇ ਆਧਾਰਿਤ ਹੈ। ਉਹ ਜਾਤਿ ਭੇਦ-ਭਾਵ ਦੇ ਫਲਸਰੂਪ ਮਿੱਧੇ ਹੋਏ ਲੋਕਾਂ ਨੂੰ ਉਠਾ ਕੇ ਸਮਾਜ ਵਿਚ ਸਮ-ਅਧਿਕਾਰ ਦਿਵਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਆਪਣੀ ਪਰੰਪਰਿਕ ਕੁਲੀਨਤਾ ਨੂੰ ਛੱਡ ਕੇ ਖ਼ੁਦ ਨੂੰ ਨੀਵੀਆਂ ਜਾਤੀਆਂ ਦੇ ਸੰਪਰਕ ਵਿਚ ਲਿਆਂਦਾ ਅਤੇ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਉਨ੍ਹਾਂ ਦਾ ਵੱਡੀਆਂ ਜਾਤੀਆਂ ਵਾਲਿਆਂ ਨਾਲ ਕੋਈ ਸਰੋਕਾਰ ਨਹੀਂ, ਉਹ ਤਾਂ ਨੀਚਾਂ, ਮਿੱਧਿਆਂ ਹੋਇਆਂ ਦੇ ਸੰਗੀ ਸਾਥੀ ਹਨ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥...੪॥੩॥
(ਪੰਨਾ ੧੫)

ਇਥੇ ਹੀ ਬਸ ਨਹੀਂ, ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੇ ਮਨ ਵਿਚ ਉੱਚੇ ਕੁਲ ਵਾਲੇ ਸਾਧਕਾਂ ਪ੍ਰਤਿ ਜ਼ਰੂਰ ਸ਼ਰਧਾ ਹੈ, ਪਰ ਨੀਵੀਂ ਕੁਲ ਵਾਲੇ ਸਾਧਕਾਂ ਲਈ ਤਾਂ ਉਹ ਆਪਣੀ ਚਮੜੀ ਦੀਆਂ ਜੁੱਤੀਆਂ ਬਣਵਾ ਕੇ ਪਵਾਉਣ ਲਈ ਤਿਆਰ ਹਨ :

ਜਾਤਿ ਕੁਲੀਨੁ ਸੇਵਕੁ ਜੇ ਹੋਇ ॥
ਤਾ ਕਾ ਕਹਣਾ ਕਹਹੁ ਨ ਕੋਇ ॥
ਵਿਚਿ ਸਨਾਤੀ ਸੇਵਕੁ ਹੋਇ ॥
ਨਾਨਕ ਪਣ੍ਹੀਆ ਪਹਿਰੈ ਸੋਇ ॥੪॥੧॥੬॥ *(ਪੰਨਾ ੧੨੫੬)*

ਗੁਰੂ ਸਾਹਿਬਾਨ ਨੇ ਉਨ੍ਹਾਂ ਧਾਰਮਿਕ ਅਤੇ ਸਮਾਜਿਕ ਆਗੂਆਂ ਨੂੰ ਮਾਨਵਤਾ-ਵਿਰੋਧੀ ਦੱਸਿਆ ਹੈ ਜੋ ਇਸ ਪ੍ਰਕਾਰ ਦੇ ਭੇਦ-ਭਾਵ ਦੀ ਭਾਵਨਾ ਨੂੰ ਜਨਮ ਦਿੰਦੇ ਹਨ। ਗੁਰੂ ਸਾਹਿਬ ਤਾਂ ਕੇਵਲ ਉਸ ਵਿਅਕਤੀ ਨੂੰ ਹੀ ਨੀਵੀਂ ਜਾਤਿ ਵਾਲਾ ਮੰਨਦੇ ਹਨ ਜੋ ਪਰਮਾਤਮਾ ਨੂੰ ਭੁਲਾ ਕੇ ਸੰਸਾਰਿਕ ਪ੍ਰਪੰਚ ਵਿਚ ਗ੍ਰਸਤ ਰਹਿੰਦਾ ਹੈ। ਧਰਮ ਅਤੇ ਸਮਾਜ ਦੇ ਖੇਤਰ ਵਿਚ ਗੁਰੂ ਸਾਹਿਬਾਂ ਨੇ ਇਕਰੂਪਕਤਾ ਵਾਲਾ ਦ੍ਰਿਸ਼ਟੀਕੋਣ

ਅਪਣਾਅ ਕੇ ਇਕ ਨਵੇਂ ਨਰੋਏ ਧਰਮ-ਆਧਾਰਿਤ-ਸਮਾਜ ਨੂੰ ਜਨਮ ਦਿੱਤਾ, ਜੋ ਸੱਚੇ ਅਰਥਾਂ ਵਿਚ ਮਨੁੱਖ ਅਖਵਾ ਸਕਦਾ ਹੈ।

ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਵਿਚ ਜਿਸ ਆਦਰਸ਼-ਪੁਰਸ਼ ਬ੍ਰਹਮ-ਗਿਆਨੀ ਦੀ ਕਲਪਨਾ ਕੀਤੀ, ਉਸ ਦਾ ਸਰਬ-ਸ੍ਰੇਸ਼ਟ ਗੁਣ ਸਮਦਰਸੀ ਹੋਣਾ ਹੈ। ਉਹ ਪਰਉਪਕਾਰ ਦੇ ਨਾਲ ਸਦਾ ਉਤਸ਼ਾਹਿਤ ਰਹਿਣ ਵਾਲਾ ਹੈ, ਉਹ ਸਭ ਦਾ ਸਮਾਨ ਰੂਪ ਵਿਚ ਕਲਿਆਣ ਚਾਹੁੰਦਾ ਹੋਇਆ ਮਨੁੱਖ ਨੂੰ ਨੇੜੇ ਲਿਆਣ ਵਾਲਾ ਮਸੀਹਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਧਰਮ ਵਿਚ ਇਸ ਭੇਦ-ਭਾਵ ਨੂੰ ਖ਼ਤਮ ਕਰਨ ਲਈ ਵਿਭਿੰਨ ਜਾਤੀਆਂ ਦੇ ਵਿਅਕਤੀਆਂ ਨੂੰ ਪੰਜ ਪਿਆਰਿਆਂ ਵਿਚ ਸ਼ਾਮਲ ਕੀਤਾ, ਨਾਵਾਂ ਦੀ ਸਮਤਾ ਤੋਂ ਲੈ ਕੇ ਹਰ ਪ੍ਰਕਾਰ ਦੇ ਕਾਰ-ਵਿਹਾਰ ਵਿਚ ਅੰਤਰ ਖ਼ਤਮ ਕੀਤਾ। ਗੁਰੂਆਂ ਦੁਆਰਾ ਸੰਵਾਰੇ ਸਿਖ ਦਾ ਸਰੂਪ ਸਹੀ ਅਰਥਾਂ ਵਿਚ ਸੱਚੇ ਮਨੁੱਖ ਦਾ ਸਰੂਪ ਹੈ। ਇਸ ਸਮਦਰਸੀ ਸਰੂਪ ਨੂੰ ਬਣਾਈ ਰੱਖਣ ਵਿਚ ਹੀ ਮਾਨਵਤਾ ਦਾ ਕਲਿਆਣ ਹੈ। ਇਸ ਨਵ-ਸਿਰਜਿਤ ਭਾਈਚਾਰੇ ਬਾਰੇ ਸ਼ੰਕਾ-ਗ੍ਰਸਤ ਬ੍ਰਾਹਮਣ ਨੂੰ ਉੱਤਰ ਦਿੰਦਿਆਂ ਦਸਮ ਗੁਰੂ ਜੀ ਨੇ ਸਪੱਸ਼ਟ ਕੀਤਾ ਸੀ ਕਿ :

ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ ॥੨॥

(ਪਾਤਸ਼ਾਹੀ ੧੦)

•

ਨਿਰਭੈ ਤੇ ਨਿਰਵੈਰ ਗੁਰੂ ਨਾਨਕ ਦੇਵ ਜੀ

ਗੁਰੂ ਨਾਨਕ ਦੇਵ ਜੀ ਇਕ ਗੰਭੀਰ ਅਤੇ ਪ੍ਰਤਿਭਾਵਾਨ ਚਿੰਤਕ ਅਤੇ ਉੱਚੇ ਆਦਰਸ਼ ਵਾਲੇ ਧਰਮ-ਸਾਧਕ ਸਨ। ਮੱਧ ਯੁੱਗ ਦੇ ਸੰਤਾਂ ਅਤੇ ਧਰਮ-ਸਾਧਕਾਂ ਵਿਚ ਉਨ੍ਹਾਂ ਦਾ ਵਿਸ਼ੇਸ਼ ਸਥਾਨ ਅਤੇ ਮਹੱਤਵ ਹੈ। ਉਨ੍ਹਾਂ ਦੇ ਸੰਸਾਰ ਵਿਚ ਆਗਮਨ ਵੇਲੇ ਇਤਿਹਾਸਕ ਪਰਿਸਥਿਤੀਆਂ ਨੇ ਬੜਾ ਬਿਖਮ ਰੂਪ ਧਾਰਨ ਕਰ ਲਿਆ ਸੀ। ਉਸ ਬਿਖਮਤਾ ਨੂੰ ਦੂਰ ਕਰਨ ਲਈ ਕਿਸੇ ਯੁੱਗ-ਪੁਰਸ਼ ਦੀ ਲੋੜ ਸੀ ਅਤੇ ਇਹ ਲੋੜ ਗੁਰੂ ਨਾਨਕ ਦੇਵ ਜੀ ਨੇ ਪੂਰੀ ਕੀਤੀ। ਗੁਰੂ ਨਾਨਕ ਦੇਵ ਜੀ ਅਜਿਹੇ ਮਹਾਂਪੁਰਸ਼ ਸਿੱਧ ਹੋਏ, ਜਿਨ੍ਹਾਂ ਨੇ ਦੁਖੀ ਮਾਨਵਤਾ ਦੇ ਹਿਰਦੇ ਨੂੰ ਆਪਣੇ ਸ਼ਬਦ-ਅੰਮ੍ਰਿਤ ਨਾਲ ਸ਼ਾਂਤ ਕਰ ਦਿੱਤਾ। ਧਰਮ ਪ੍ਰਤਿ ਆਸਥਾ ਦੀ ਮੁਰਝਾਈ ਹੋਈ ਵੇਲ ਫਿਰ ਤੋਂ ਹਰੀ ਭਰੀ ਹੋ ਗਈ। ਉਨ੍ਹਾਂ ਦੀ ਪ੍ਰੇਮਾ-ਭਗਤੀ ਨੇ ਦੁਖਾਂਤ ਨੂੰ ਸੁਖਾਂਤ ਵਿਚ ਬਦਲ ਦਿੱਤਾ। ਉਨ੍ਹਾਂ ਦੇ ਜਨਮ ਵੇਲੇ ਜੋ ਧਰਮ ਅਤੇ ਸਮਾਜ ਦੀ ਹਾਲਤ ਸੀ, ਉਸ ਵਿਚ ਉਨ੍ਹਾਂ ਦੇ ਜੋਤੀ ਜੋਤਿ ਸਮਾਉਣ ਵੇਲੇ ਬਹੁਤ ਸੁਧਾਰ ਹੋ ਚੁੱਕਿਆ ਸੀ ਅਤੇ ਉਨ੍ਹਾਂ ਦੇ ਪਰਵਰਤੀ ਗੁਰੂ ਸਾਹਿਬਾਨ ਨੇ ਇਸ ਸੁਧਾਰ ਨੂੰ ਸਿਖਰ ਤਕ ਪਹੁੰਚਾ ਦਿੱਤਾ। ਸੱਚ ਪੁੱਛੋ ਤਾਂ ਧਰਮ ਅਤੇ ਸਮਾਜ ਦੇ ਸਰੂਪ ਨੂੰ ਹੀ ਬਦਲ ਦਿੱਤਾ। ਇਸ ਸਭ ਪਿੱਛੇ ਗੁਰੂ ਨਾਨਕ ਦੇਵ ਜੀ ਦੀ ਮਹਾਨ ਸ਼ਖ਼ਸੀਅਤ ਕੰਮ ਕਰ ਰਹੀ ਸੀ। ਉਨ੍ਹਾਂ ਦੀ ਸ਼ਖ਼ਸੀਅਤ ਦੀ ਮਹਾਨਤਾ ਦੇ ਕਈ ਪੱਖ ਹਨ, ਪਰ ਨਿਰਭੈਤਾ ਅਤੇ ਨਿਰਵੈਰਤਾ ਦੀ ਭਾਵਨਾ ਉਨ੍ਹਾਂ ਦੇ ਵਿਅਕਤਿਤਵ ਵਿਚ ਵਿਸ਼ੇਸ਼ ਰੂਪ ਵਿਚ ਉਘੜੀ ਹੈ। ਇਸ ਨੂੰ ਵਿਚਾਰਨ ਦੇ ਦੋ ਸਾਧਨ ਹਨ। ਇਕ ਗੁਰੂ ਜੀ ਦੀ ਬਾਣੀ ਅਤੇ ਦੂਜਾ ਬਾਹਰਲੇ ਹਵਾਲੇ।

ਗੁਰੂ ਜੀ ਦੀ ਬਾਣੀ ਵਿਚਲੇ ਉਨ੍ਹਾਂ ਦੇ ਨਿਰਭੈ ਸਰੂਪ ਨੂੰ ਵਿਚਾਰਨ ਵੇਲੇ ਸਭ ਤੋਂ ਪਹਿਲਾਂ ਉਨ੍ਹਾਂ ਦੀ ਇਸ਼ਟ-ਬੁੱਧੀ ਨੂੰ ਵਿਚਾਰਨਾ ਹੋਵੇਗਾ। ਗੁਰੂ ਜੀ ਨੇ ਮੂਲ ਮੰਤਰ ਵਿਚ ਜਿਸ ਪਰਮ ਸੱਤਾ ਦਾ ਉਲੇਖ ਕੀਤਾ ਹੈ, ਉਸ ਦਾ ਇਕ ਵਾਚਕ ਸ਼ਬਦ 'ਨਿਰਭਉ' ਹੈ, ਅਰਥਾਤ ਉਹ ਭੈ ਤੋਂ ਉੱਚਾ ਹੈ, ਪਰੇ ਹੈ। ਉਸ ਉੱਤੇ ਸੰਸਾਰਿਕ ਭੈ ਦਾ ਕੋਈ ਪ੍ਰਭਾਵ ਨਹੀਂ। ਸਰਬ ਸ਼ਕਤੀਮਾਨ ਸੱਤਾ ਹੀ ਨਿਰਭਉ ਹੋ ਸਕਦੀ ਹੈ। 'ਆਸਾ ਦੀ ਵਾਰ' ਵਿਚ ਪਰਮਾਤਮਾ ਦੇ ਭੈ ਵਿਚ ਸਾਰੀ ਸ੍ਰਿਸ਼ਟੀ ਆਪਣੇ ਕਰਤੱਵ ਵਿਚ ਲੀਨ ਦੱਸੀ ਗਈ ਹੈ, ਕਿਤੇ ਵੀ ਕੋਈ ਅਣਗਹਿਲੀ ਨਹੀਂ ਕਰ ਰਿਹਾ। ਉਸ ਪਰਮ ਸੱਤਾ ਦੇ ਨਿਰਭਉ ਹੋਣ ਦੀ ਗੱਲ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਦੇ ਅਨੇਕ ਪ੍ਰਸੰਗਾਂ ਵਿਚ ਕਹੀ ਹੈ। ਨਿਰਭੈਤਾ ਦੇ ਲੱਛਣਾਂ ਨੂੰ ਸਪੱਸ਼ਟ ਕਰਦਿਆਂ ਗੁਰੂ ਜੀ ਨੇ ਕਿਹਾ ਹੈ ਕਿ ਨਿਰਭਉ ਉਹ ਹੈ ਜਿਸ ਦੇ ਸਿਰ ਉਪਰ ਕਿਸੇ ਦਾ ਲੇਖਾ ਨਹੀਂ, ਅਰਥਾਤ, ਜੋ ਕਿਸੇ ਦਾ ਜਵਾਬਦੇਹ

ਨਹੀਂ, ਉਹ ਅਦ੍ਰਿਸ਼ ਪਰਮਾਤਮਾ ਕੁਦਰਤ ਰਾਹੀਂ ਹੀ ਵੇਖਿਆ ਜਾ ਸਕਦਾ ਹੈ:

ਨਿਰਭਉ ਸੋ ਸਿਰਿ ਨਾਹੀ ਲੇਖਾ॥
ਆਪਿ ਅਲੇਖੁ ਕੁਦਰਤਿ ਹੈ ਦੇਖਾ॥
ਆਪਿ ਅਤੀਤੁ ਅਜੋਨੀ ਸੰਭਉ,
ਨਾਨਕ ਗੁਰਮਤਿ ਸੋ ਪਾਇਆ॥੧੨॥ *(ਪੰਨਾ ੧੦੪੨)*

ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਮਹਾਨ ਆਤਮਾ ਨਿਰਭੈਤਾ ਦਾ ਪ੍ਰਗਟਾ ਕਰਦੀ ਹੈ। ਪਰਮ-ਸੱਤਾ ਦੀ ਨਿਰਭੈਤਾ ਦਾ ਪ੍ਰਤਿਬਿੰਬ ਉਸ ਦੇ ਸਾਧਕ ਦੇ ਮਨ ਉੱਤੇ ਪੈਣਾ ਸੁਭਾਵਿਕ ਹੈ। ਜਿਸ ਮਨੋਭੂਮੀ 'ਤੇ ਨਿਰਭੈਤਾ ਦਾ ਵਿਕਾਸ ਹੋ ਰਿਹਾ ਹੋਵੇ, ਉਸ ਸਾਧਕ ਦਾ ਮਨ ਭੈ ਦੇ ਪ੍ਰਭਾਵ ਵਿਚ ਕਿਵੇਂ ਆ ਸਕਦਾ ਹੈ। ਉਹ ਪਹਿਲਾਂ ਖ਼ੁਦ ਨਿਰਭੈ ਹੈ, ਭੈ ਮੁਕਤ ਹੈ, ਭੈ ਦੇ ਪ੍ਰਭਾਵ ਤੋਂ ਪਰੇ ਹੋ ਕੇ ਵਿਚਰਿਆ ਹੈ। ਇਸ ਗੱਲ ਦੇ ਪ੍ਰਮਾਣ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਅਨੇਕ ਥਾਵਾਂ ਤੋਂ ਮਿਲ ਜਾਂਦੇ ਹਨ। 'ਬਾਬਰ ਵਾਣੀ' ਨਾਂ ਨਾਲ ਸੂਚਿਤ ਕੀਤੇ ਜਾਣ ਵਾਲੇ ਚਾਰ ਸ਼ਬਦ ਇਸ ਪਰਥਾਇ ਵਿਸ਼ੇਸ਼ ਉਲੇਖਯੋਗ ਹਨ। ਬਾਬਰ ਦੇ ਹਮਲੇ ਨਾਲ ਪੈਦਾ ਹੋਈ ਸਥਿਤੀ ਦਾ ਜਿਤਨਾ ਜੀਵੰਤ, ਜਿਤਨਾ ਯਥਾਰਥ ਅਤੇ ਜਿਤਨਾ ਨਿਸੰਗ ਚਿਤ੍ਰਣ ਗੁਰੂ ਨਾਨਕ ਦੇਵ ਜੀ ਨੇ ਕੀਤਾ ਹੈ, ਅਜਿਹਾ ਉਸ ਯੁੱਗ ਦੇ ਕਿਸੇ ਹੋਰ ਸਾਧਕ ਦੀ ਬਾਣੀ ਵਿੱਚੋਂ ਲੱਭ ਸਕਣਾ ਸੰਭਵ ਨਹੀਂ। ਬਾਬਰ ਦੀ ਫ਼ੌਜ ਨੂੰ 'ਪਾਪ ਕੀ ਜੰਞ' ਕਹਿਣ ਵਾਲੇ ਗੁਰੂ ਨਾਨਕ ਦੇਵ ਜੀ ਸੱਚਮੁੱਚ ਨਿਰਭੈ ਸਨ, ਜੇ ਉਨ੍ਹਾਂ ਨੂੰ ਕਿਸੇ ਦਾ ਭੈ ਹੁੰਦਾ ਤਾਂ "ਖਸਮ ਕੀ ਬਾਣੀ" ਨੂੰ ਉਹ ਕਹਿਣੋਂ ਸੰਕੋਚ ਕਰਦੇ ਅਤੇ ਨਾ ਕਹਿੰਦੇ:

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥...੧॥੫॥
(ਪੰਨਾ ੭੨੨)

ਇਸੇ ਤਰ੍ਹਾਂ "ਰਾਜੇ ਸੀਹ ਮੁਕਦਮ ਕੁਤੇ॥"[੧] ਜਾਂ "ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥"[੨] ਕਹਿਣ ਵਾਲੇ ਗੁਰੂ ਨਾਨਕ ਦੇਵ ਜੀ ਇਕ ਅਸਾਧਾਰਣ ਅਤੇ ਦ੍ਰਿੜ੍ਹ ਮਨ ਵਾਲੇ ਨਿਡਰ ਯੁੱਗ-ਪੁਰਸ਼ ਸਨ, ਜਿਨ੍ਹਾਂ ਨੇ ਅਪਮਾਨ ਨੂੰ ਕਦੇ ਵੀ ਸਹਿਨ ਨਾ ਕਰਨ ਦੀ ਪ੍ਰੇਰਨਾ ਦਿੰਦੇ ਹੋਇਆਂ ਕਿਹਾ ਸੀ:

ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥...੧॥੧੦॥
(ਪੰਨਾ ੧੪੨)

ਇਹ ਨਿਰਭੈਤਾ ਦੀ ਭਾਵਨਾ ਉਤਰੋਤਰ ਗੁਰੂ ਪਰੰਪਰਾ ਵਿਚ ਹੋਰ ਉਘੜਦੀ ਗਈ ਅਤੇ ਸਿਖ ਇਤਿਹਾਸ ਦੀਆਂ ਘਟਨਾਵਾਂ ਨੇ ਇਸ ਨੂੰ ਸਥਿਰ ਕਰ ਦਿੱਤਾ।

ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਵਿਚ ਨਿਰਵੈਰਤਾ ਦਾ ਤੱਤ ਵੀ ਵਿਸ਼ੇਸ਼ ਰੂਪ ਵਿਚ ਉਘੜਿਆ ਹੈ। ਇਸ ਬਾਰੇ ਵੀ ਉਨ੍ਹਾਂ ਦੀ ਇਸ਼ਟ-ਬੁੱਧੀ ਸਪੱਸ਼ਟ ਸੰਕੇਤ

---

੧. ਮ: ੧, ਸਲੋਕ ੨, ਪਉੜੀ ੨੨, ਪੰਨਾ ੧੨੮੮.
੨. ਆਸਾ ਮ: ੧, ਅੰਕ ੫॥੧੧, ਪੰਨਾ ੪੧੭.

ਕਰਦੀ ਹੈ। ਮੂਲ ਮੰਤਰ ਵਿਚ ਚਿਤਰਿਤ ਪਰਮ-ਸੱਤਾ ਨਿਰਵੈਰ ਹੈ, ਅਰਥਾਤ ਵੈਰ ਦੀ ਸੀਮਾ ਤੋਂ ਪਰੇ ਹੈ, ਉਸ ਤੋਂ ਮੁਕਤ ਹੈ। ਅਸਲ ਵਿਚ ਜੋ ਪਰਮਾਤਮਾ ਭੈ ਤੋਂ ਰਹਿਤ ਹੈ, ਜਿਸ ਨੂੰ ਕਿਸੇ ਦਾ ਡਰ ਨਹੀਂ, ਜਿਸ ਦੀ ਸਭ ਉੱਤੇ ਸੱਤਾ ਸਥਾਪਿਤ ਹੈ, ਜਿਸ ਦਾ ਕਿਸੇ ਨਾਲ ਦਵੰਦ ਨਹੀਂ, ਉਸ ਦਾ ਕਿਸੇ ਨਾਲ ਵੈਰ ਹੋ ਵੀ ਕਿਵੇਂ ਸਕਦਾ ਹੈ? ਵੈਰ ਦੇ ਮੂਲ ਵਿਚ ਬਰਾਬਰੀ ਦੀ ਭਾਵਨਾ ਕੰਮ ਕਰਦੀ ਹੈ ਅਤੇ ਪਰਮਾਤਮਾ ਲਾ-ਸ਼ਰੀਕ ਹੈ। ਲਾ-ਸ਼ਰੀਕ ਦਾ ਕਿਸੇ ਨਾਲ ਵੈਰ ਕਿਵੇਂ? ਗੁਰੂ ਜੀ ਦਾ ਫ਼ੁਰਮਾਨ ਹੈ:

ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ ॥...੪॥੩॥ *(ਪੰਨਾ ੫੯੬)*

ਉਹ ਪਰਮਾਤਮਾ ਮਿਹਰਬਾਨ, ਦਿਆਲੂ ਅਤੇ ਪ੍ਰਤਿਸ਼ਟਾ ਪ੍ਰਦਾਨ ਕਰਨ ਵਾਲਾ ਕਿਸੇ ਦਾ ਵੈਰੀ ਨਹੀਂ ਹੋ ਸਕਦਾ:

ਆਪੇ ਮਿਹਰ ਦਇਆਪਤਿ ਦਾਤਾ ਨਾ ਕਿਸੈ ਕੋ ਬੈਰਾਈ ਹੇ ॥੧੧॥ *(ਪੰਨਾ ੧੦੨੨)*

ਇਸ ਇਸ਼ਟ-ਬੁੱਧੀ ਵਾਲੇ ਸਾਧਕ ਦੀ, ਮਨ ਦੀ ਅਵਸਥਾ ਵੀ ਨਿਰਵੈਰਤਾ ਵਾਲੀ ਹੈ। ਗੁਰੂ ਸਾਹਿਬ ਸਰਬੱਤ ਦੇ ਭਲੇ ਵਿਚ ਵਿਸ਼ਵਾਸ ਕਰਨ ਵਾਲੇ ਮਹਾਂਪੁਰਸ਼ ਸਨ। ਵੈਰ ਦੀ ਭਾਵਨਾ ਉਤਪੰਨ ਕਰਨ ਵਾਲੇ ਤੱਤਾਂ ਨੂੰ ਉਨ੍ਹਾਂ ਨੇ ਥਾਂ ਥਾਂ 'ਤੇ ਨਿਖੇਧਿਆ ਹੈ, ਜਾਤਿ ਭੇਦ-ਭਾਵ ਦਾ ਵਿਰੋਧ ਕੀਤਾ ਹੈ, ਕਿਉਂਕਿ ਇਸ ਨਾਲ ਵੈਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਵਿਕਾਸ ਹੁੰਦਾ ਹੈ। ਇਸ ਦੇ ਨਾਲ ਹੀ ਹਉਮੈ ਨੂੰ ਤਿਆਗਣ ਉੱਤੇ ਵੀ ਬਲ ਦਿੱਤਾ ਹੈ, ਕਿਉਂਕਿ ਹਉਮੈ ਹੀ ਪਰਸਪਰ ਮਿਲਣ ਦੀ ਭਾਵਨਾ ਵਿਚ ਰੁਕਾਵਟ ਹੈ। ਇਹ ਰੁਕਾਵਟ ਵੈਰ ਦਾ ਮੂਲ ਸਰੋਤ ਹੈ। ਇਸ ਲਈ ਗੁਰੂ ਜੀ ਨੇ ਸਭ ਨਾਲ ਮਿਲ ਕੇ, ਵੈਰ ਵਿਰੋਧ ਤਿਆਗ ਕੇ ਸੱਚੇ ਮਨੁੱਖ ਬਣਨ ਦੀ ਤਾਕੀਦ ਕਰਦਿਆਂ ਕਿਹਾ ਹੈ:

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥੮॥
(ਪੰਨਾ ੧੨੯੯)

ਉਨ੍ਹਾਂ ਨੇ ਗੁਰੂ ਦੇ ਲੱਛਣ ਦੱਸਦਿਆਂ ਵੀ ਸਭ ਨੂੰ ਪਰਸਪਰ ਮਿਲਾਉਣ ਦੀ ਗੱਲ ਨੂੰ ਦ੍ਰਿੜ ਕਰਵਾਇਆ:

ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥
(ਪੰਨਾ ੭੨)

'ਸਿਧ ਗੋਸਟਿ' ਵਿਚ ਗੁਰਮੁਖ ਵਿਅਕਤੀ ਦੇ ਲੱਛਣ ਦੱਸਦਿਆਂ ਕਿਹਾ ਗਿਆ ਹੈ:

ਗੁਰਮੁਖਿ ਵੈਰ ਵਿਰੋਧ ਗਵਾਵੈ ॥...੩੭॥ *(ਪੰਨਾ ੯੪੨)*

ਮਨੁੱਖਤਾ ਵਿਚਲੇ ਆਪਸੀ ਭੇਦ-ਭਾਵ ਨੂੰ ਖ਼ਤਮ ਕਰਨ ਲਈ ਸੇਵਾ ਦੀ ਅਤਿਅੰਤ ਆਵਸ਼ਕਤਾ ਹੈ। ਵੈਰ ਦੀ ਭਾਵਨਾ ਦੇ ਮੂਲ ਵਿਚ ਸੁਆਰਥ ਦੀ ਭਾਵਨਾ ਕੰਮ ਕਰਦੀ ਹੈ। ਸੁਆਰਥ ਦ੍ਵੈਤ ਜਾਂ ਵੈਰ-ਭਾਵ ਦਾ ਜਨਕ ਹੈ। ਇਸ ਨਾਲ ਸਮਾਜ ਵਿਚ ਗ਼ੈਰ-ਜ਼ਰੂਰੀ ਅਤੇ ਵਿਨਾਸ਼ਕਾਰੀ ਵਿਰੋਧਤਾ ਦਾ ਵਿਕਾਸ ਹੁੰਦਾ ਹੈ। ਦੂਜੇ ਦੇ ਹੱਕ ਨੂੰ ਦਬਾਉਣਾ ਮਨੁੱਖ ਦੇ ਜੀਵਨ-ਉਦੇਸ਼ ਦੀ ਪ੍ਰਮੁੱਖ ਪ੍ਰਵਿਰਤੀ ਬਣ ਜਾਣ ਨਾਲ ਸਮਾਜਿਕ ਵਿਵਸਥਾ ਅਸੰਤੁਲਿਤ ਹੋ ਜਾਂਦੀ ਹੈ। ਇਸ ਦੇ ਉਲਟ ਅਵਸਥਾ ਸੇਵਾ ਸੰਤੋਸ਼ ਨੂੰ ਜਨਮ ਦਿੰਦੀ ਹੈ। ਇਸ ਨਾਲ ਸੁਆਰਥ ਦੀ ਭਾਵਨਾ ਨਸ਼ਟ ਹੁੰਦੀ ਹੈ। ਇਹ ਆਪਣੇ

ਆਪ ਵਿਚ ਇਕ ਸ੍ਰੇਸ਼ਟ ਸਾਧਨਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਸੇਵਾ ਉੱਤੇ ਇਸ ਲਈ ਅਧਿਕ ਬਲ ਦਿੱਤਾ ਹੈ ਕਿ ਮਨੁੱਖ ਨੂੰ ਮਨੁੱਖ ਦੇ ਨੇੜੇ ਲਿਆਉਣ ਲਈ ਪਰ-ਸੇਵਾ ਬਹੁਤ ਉੱਤਮ ਸਾਧਨ ਹੈ। ਇਸ ਵਿਚ ਖਿਚੋਤਾਣ ਦੀ ਬਿਰਤੀ ਖ਼ਤਮ ਹੋ ਜਾਂਦੀ ਹੈ ਅਤੇ ਮਨੁੱਖ ਸੁਆਰਥ ਨੂੰ ਤਿਆਗ ਕੇ ਪਰ-ਹਿਤ ਵਿਚ ਲੀਨ ਹੁੰਦਾ ਹੈ, ਵੈਰ-ਵਿਰੋਧ ਮਿਟਦਾ ਹੈ, ਸਭ ਵਿਚ ਸਮਦਰਸੀ ਰੁਚੀ ਦਾ ਵਿਕਾਸ ਹੁੰਦਾ ਹੈ। ਇਸ ਸੰਸਾਰ ਵਿਚ ਹੀ ਨਹੀਂ, ਮ੍ਰਿਤੂ ਤੋਂ ਉਪਰੰਤ ਪ੍ਰਾਪਤ ਹੋਣ ਵਾਲੇ ਜੀਵਨ ਲਈ ਵੀ ਇਹ ਬਹੁਤ ਉਪਯੋਗੀ ਸਾਧਨ ਹੈ। ਗੁਰਵਾਕ ਅਨੁਸਾਰ :

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥...੪॥੩੩॥ *(ਪੰਨਾ ੨੬)*

ਬਾਹਰਲੇ ਪ੍ਰਮਾਣਾਂ ਵਿੱਚੋਂ ਵੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੇ ਨਿਰਭੈ ਅਤੇ ਨਿਰਵੈਰ ਸਰੂਪ ਦੀ ਪੁਸ਼ਟੀ ਹੁੰਦੀ ਹੈ। ਇਥੇ ਬਹੁਤੇ ਵਿਸਥਾਰ ਵਿਚ ਪੈਣ ਦੀ ਗੁੰਜਾਇਸ਼ ਨਾ ਹੋਣ ਕਾਰਣ ਕੇਵਲ *ਪੁਰਾਤਨ ਜਨਮਸਾਖੀ* ਨੂੰ ਹੀ ਆਧਾਰ ਬਣਾਉਣਾ ਉਚਿਤ ਹੋਵੇਗਾ, ਕਿਉਂਕਿ ਗੁਰੂ ਜੀ ਦੀ ਸ਼ਖ਼ਸੀਅਤ ਦੇ ਲੋਕ-ਮਨ ਉੱਤੇ ਪਏ ਪ੍ਰਭਾਵ ਦਾ ਸਭ ਤੋਂ ਪੁਰਾਣਾ ਚਿਤ੍ਰਣ ਇਸੇ ਜਨਮ ਸਾਖੀ ਤੋਂ ਉਪਲਬਧ ਹੈ। ਧਰਮ-ਪ੍ਰਚਾਰ ਲਈ ਗੁਰੂ ਜੀ ਦਾ ਉਦਾਸੀਆਂ 'ਤੇ ਜਾਣਾ, ਬਿਖੜੇ ਮਾਰਗਾਂ 'ਤੇ ਯਾਤ੍ਰਾ ਕਰਨੀ, ਕੌਡੇ ਰਾਖਸ਼ ਜਾਂ ਸੱਜਣ ਠੱਗ ਵਰਗੇ ਭਿਆਨਕ ਵਿਅਕਤੀਆਂ ਨਾਲ ਭੇਟ ਕਰ ਕੇ ਉਨ੍ਹਾਂ ਨੂੰ ਸਿੱਧੇ ਰਸਤੇ ਪਾਉਣਾ, ਕੁਕਰਮਾਂ ਵਿਚ ਗ੍ਰਸੇ ਹੋਏ ਧਰਮ-ਪ੍ਰਚਾਰਕਾਂ ਨੂੰ ਸਮਝਾਉਣਾ, ਵਕਤ ਦੇ ਹਾਕਮਾਂ, ਬਾਬਰ ਵਰਗੇ ਬਾਦਸ਼ਾਹਾਂ ਦਾ ਸਾਹਮਣਾ ਕਰ ਕੇ ਉਨ੍ਹਾਂ ਦੀ ਸੋਚ ਬਦਲਣਾ, ਇਹ ਸਾਰਾ ਕੁਝ ਇਕ ਨਿਰਭੈ ਸਾਧਕ ਹੀ ਕਰ ਸਕਦਾ ਸੀ, ਜਿਸ ਪਾਸ ਨਾ-ਕੇਵਲ ਆਤਮ-ਵਿਸ਼ਵਾਸ ਦਾ ਬਲ ਸੀ, ਸਗੋਂ ਸੰਸਾਰਿਕ ਸ਼ਕਤੀਆਂ ਦੀ ਤੁੱਛਤਾ ਦਾ ਸਹੀ ਬੋਧ ਵੀ ਸੀ। 'ਖੇਤ ਹਰਿਆ' ਵਾਲੀ ਸਾਖੀ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਨੂੰ 'ਤੁਰਕਾ ਪਾਸਿ ਜਾਇ ਖੜਾ ਹੋਸੀ' ਦੀ ਗੱਲ ਕਹਿ ਕੇ ਕੀਤੀ ਗਈ ਚੇਤਾਵਨੀ ਦੀ ਰਤਾ ਜਿੰਨੀ ਵੀ ਪਰਵਾਹ ਨਹੀਂ। ਇਸੇ ਤਰ੍ਹਾਂ 'ਕਾਜ਼ੀ ਚਰਚਾ' ਵਾਲੀ ਸਾਖੀ ਵਿਚ ਖ਼ਾਨ ਦੇ ਬੁਲਾਵੇ ਨੂੰ ਗੁਰੂ ਜੀ ਨਿਡਰ ਹੋ ਕੇ ਕਹਿੰਦੇ ਸਨ, "ਮੈਂ ਤੇਰੇ ਖ਼ਾਨ ਦੀ ਕਿਆ ਪਰਵਾਹਿ ਪੜੀ ਹੈ।" ਇਸੇ ਤਰ੍ਹਾਂ ਨਮਾਜ਼ ਪੜ੍ਹਨ ਵੇਲੇ ਕਾਜ਼ੀ ਦੇ ਮਨ ਦੀ ਅਟਿਕਵੀਂ ਅਵਸਥਾ ਦੀ ਗੱਲ ਉਸ ਯੁੱਗ ਵਿਚ ਕੋਈ ਨਿਡਰ ਮਹਾਂਪੁਰਸ਼ ਹੀ ਕਹਿ ਸਕਦਾ ਸੀ।

ਪੁਰਾਤਨ ਜਨਮਸਾਖੀ ਵਿੱਚੋਂ ਗੁਰੂ ਨਾਨਕ ਦੇਵ ਜੀ ਦਾ ਨਿਰਵੈਰ ਰੂਪ ਉਨ੍ਹਾਂ ਦੇ ਸਰਬ ਸਾਂਝੇ ਲੋਕ ਨਾਇਕਤਵ ਤੋਂ ਉਭਰਦਾ ਹੈ। ਲੋਕ-ਨਾਇਕ ਅਸਲ ਵਿਚ ਉਹੀ ਵਿਅਕਤੀ ਹੋ ਸਕਦਾ ਹੈ, ਜੋ ਸਭ ਦਾ ਸਾਂਝਾ ਹੋਵੇ, ਸਭ ਦਾ ਸਮਭਾਵ ਨਾਲ ਹਿਤ-ਚਿੰਤਨ ਕਰੇ। ਇਸ ਦ੍ਰਿਸ਼ਟੀ ਤੋਂ ਸਾਖੀਕਾਰ ਦੇ ਗੁਰੂ ਨਾਨਕ ਦੇਵ ਜੀ ਸਰਬ ਸਾਂਝੇ ਲੋਕ-ਨਾਇਕ ਸਨ। ਗਿਆਰ੍ਹਵੀਂ ਸਾਖੀ ਵਿਚ ਜਦੋਂ ਗੁਰੂ ਜੀ ਵੇਈਂ ਨਦੀ ਵਿਚ ਪ੍ਰਵੇਸ਼ ਕਰਨ ਉਪਰੰਤ ਪਰਮਾਤਮਾ ਦੀ ਦਰਗਾਹ ਵਿਚ ਪਹੁੰਚਦੇ ਹਨ ਅਤੇ ਉਥੋਂ ਪਰਮ-ਸੱਤਾ ਦੁਆਰਾ ਵਰਸਾਏ ਹੋਏ ਫਿਰ ਨਦੀ ਤੋਂ ਬਾਹਰ ਆਉਂਦੇ ਹਨ, ਤਾਂ ਉਨ੍ਹਾਂ ਦਾ ਨਾਅਰਾ ਸੀ ਕਿ "ਨਾ ਹਮ ਹਿੰਦੂ ਨ ਮੁਸਲਮਾਨ॥" ਇਸ ਐਲਾਨ ਦੇ ਪਿੱਛੇ

ਧਰਮ ਦੀਆਂ ਸੌੜੀਆਂ ਹੱਦਾਂ ਨੂੰ ਤੋੜ ਕੇ ਵਿਸ਼ਵ ਭ੍ਰਾਤਰੀ-ਭਾਵ ਜਾਂ ਸਰਬੱਤ ਦੇ ਭਲੇ ਦੀ ਭਾਵਨਾ ਕੰਮ ਕਰ ਰਹੀ ਸੀ। *ਪੁਰਾਤਨ ਜਨਮਸਾਖੀ* ਦੀ ਲਗਪਗ ਹਰ ਸਾਖੀ ਦੀ ਭਾਵਾਨਾਤਮਕ ਯਾਤ੍ਰਾ ਅਨੇਕਤਾ ਤੋਂ ਏਕਤਾ ਵੱਲ ਹੋਈ ਹੈ। ਗੁਰੂ ਜੀ ਨੇ ਆਪਣੇ ਪ੍ਰਚਾਰ ਨੂੰ ਕਿਸੇ ਇਕ ਧਰਮ, ਜਾਤਿ ਜਾਂ ਪ੍ਰਦੇਸ ਤਕ ਸੀਮਿਤ ਨਹੀਂ ਰੱਖਿਆ, ਉਨ੍ਹਾਂ ਦੀ ਦ੍ਰਿਸ਼ਟੀ ਬੜੀ ਵਿਆਪਕ ਸੀ। ਇਹੀ ਕਾਰਣ ਹੈ ਕਿ ਹਿੰਦੂ-ਮੁਸਲਮਾਨ, ਸੂਫ਼ੀ-ਜੋਗੀ, ਕਿਰਤੀ-ਜਾਗੀਰਦਾਰ, ਸਭ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਤੋਂ ਪ੍ਰਭਾਵਿਤ ਸਨ। ਸਭ ਉਨ੍ਹਾਂ ਦੇ ਸਾਹਮਣੇ ਸਿਰ ਨਿਵਾਏ ਖੜੇ ਸਨ, ਇਸ ਪ੍ਰਕਾਰ ਨਾਲ ਉਨ੍ਹਾਂ ਦੇ ਵਿਚਾਰਾਂ ਨੂੰ ਸਵੀਕਾਰ ਕਰਦੇ ਸਨ, ਕਿਉਂਕਿ ਸਾਰਿਆਂ ਨੂੰ ਗੁਰੂ ਜੀ ਦੀ ਸ਼ਖ਼ਸੀਅਤ ਵਿਚ ਆਪਣੇ ਦੁੱਖਾਂ ਦਾ ਅੰਤ ਨਜ਼ਰ ਆ ਰਿਹਾ ਸੀ, ਉਨ੍ਹਾਂ ਦੀ ਸ਼ਖ਼ਸੀਅਤ ਦੀ ਨਿਰਵੈਰਤਾ ਦਾ ਸਮੁੱਚਾ ਬਿੰਬ ਉਨ੍ਹਾਂ ਦੀਆਂ ਜਗਤ-ਫੇਰੀਆਂ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ। ਉਨ੍ਹਾਂ ਦੇ ਮ੍ਰਿਤ ਸਰੀਰ ਨੂੰ ਹਿੰਦੂ ਜਲਾਉਣਾ ਚਾਹੁੰਦੇ ਸਨ ਅਤੇ ਮੁਸਲਮਾਨ ਦਫ਼ਨਾਉਣ ਦੀ ਇੱਛਾ ਰੱਖਦੇ ਸਨ। ਇਸ ਦਾ ਸਮਾਧਾਨ ਸਰੀਰ ਦੀ ਥਾਂ ਫੁੱਲਾਂ ਨੇ ਕੀਤਾ। ਫੁੱਲ ਇਥੇ ਪ੍ਰਤੀਕ ਹਨ ਸਮ-ਭਾਵਨਾ ਦੇ, ਅਤੇ ਉਨ੍ਹਾਂ ਦਾ ਹਰਾ ਭਰਾ ਜਾਂ ਖਿੜਿਆ ਰਹਿਣਾ ਪਰਸਪਰ ਮਿਲ ਕੇ ਸੁੱਖ ਸ਼ਾਂਤੀ ਨਾਲ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕਰਦਾ ਹੈ। ਇਸ ਤਰ੍ਹਾਂ ਸਾਖੀਕਾਰ ਨੇ ਆਦਿ ਤੋਂ ਅੰਤ ਤਕ ਗੁਰੂ ਜੀ ਦੇ ਚਰਿਤ ਵਿਚ ਸਰਬ-ਸਾਂਝੇ ਲੋਕ-ਨਾਇਕ ਦੀ ਸਥਾਪਨਾ ਕੀਤੀ ਹੈ, ਜੋ ਵੈਰ-ਵਿਰੋਧ ਦੀਆਂ ਸੀਮਾਵਾਂ ਤੋਂ ਬਹੁਤ ਉੱਚਾ ਸੀ।

ਪੁਰਾਤਨ ਜਨਮਸਾਖੀ ਤੋਂ ਇਲਾਵਾ ਭੱਟ-ਬਾਣੀ, ਭਾਈ ਗੁਰਦਾਸ-ਬਾਣੀ ਅਤੇ ਹੋਰ ਅਨੇਕ ਹਿੰਦੂ ਅਤੇ ਮੁਸਲਮਾਨ ਲੇਖਕਾਂ/ਕਵੀਆਂ ਨੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੇ ਸਰਬ ਸਾਂਝੀਵਾਲਤਾ ਦੇ ਗੁਣਾਂ ਉੱਤੇ ਪ੍ਰਕਾਸ਼ ਪਾਇਆ ਹੈ। ਉਸ ਵਕਤ ਦੇ ਲੋਕਾਂ ਦੀ ਮਨੋ-ਸਥਿਤੀ ਇਸ ਸਰਬ ਸਾਧਾਰਣ ਸਥਾਪਨਾ ਤੋਂ ਸਪੱਸ਼ਟ ਹੈ ਕਿ:

ਨਾਨਕ ਸ਼ਾਹ ਫਕੀਰ, ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ।

ਇਕਬਾਲ ਨੇ ਗ਼ਫ਼ਲਤ ਦੀ ਨੀਂਦਰ ਵਿਚ ਸੁੱਤੇ ਹੋਏ ਹਿੰਦੁਸਤਾਨ ਨੂੰ ਜਗਾਉਣ ਵਾਲੇ ਗੁਰੂ ਨਾਨਕ ਦੇਵ ਜੀ ਨੂੰ 'ਮਰਦੇ ਕਾਮਿਲ' ਕਹਿ ਕੇ ਆਪਣੀ ਸ਼ਰਧਾਂਜਲੀ ਅਰਪਿਤ ਕੀਤੀ ਹੈ। ਸੱਚਮੁੱਚ ਗੁਰੂ ਨਾਨਕ ਦੇਵ ਜੀ ਇਕ ਨਿਰਭੈ ਅਤੇ ਨਿਰਵੈਰ ਸਰੂਪ ਵਾਲੇ ਮਹਾਂਪੁਰਸ਼ ਸਨ, ਜਿਨ੍ਹਾਂ ਨੇ ਬੜੀ ਦ੍ਰਿੜ੍ਹਤਾ, ਸਿਦਕ ਅਤੇ ਵਿਸ਼ਵਾਸ ਨਾਲ ਸਾਰੇ ਸੰਸਾਰ ਨੂੰ ਸੱਚੀ ਮਾਨਵਤਾ ਦੇ ਸਾਂਝੇ ਸੂਤਰ ਵਿਚ ਪਰੋਣ ਦੀ ਅਪਾਰ ਕਿਰਪਾ ਕੀਤੀ। ਇਸ ਲਈ ਗ਼ੁਲਾਮ ਮਹੀ-ਉੱਦੀਨ ਬੂਟੇ ਸ਼ਾਹ ਨੇ ਆਪਣੀ ਪੁਸਤਕ *ਤਵਾਰੀਖ਼ੇ ਪੰਜਾਬ* ਵਿਚ ਗੁਰੂ ਜੀ ਦੀ ਮਹਾਨ ਜਗਤ-ਫੇਰੀ ਬਾਰੇ ਲਿਖਦਿਆਂ ਕਿਹਾ ਹੈ:

ਨਾਨਕ ਜ਼ਿ ਜਹਾਨ ਰਫ਼ਤ, ਗੁਲ ਅਜ਼ ਬਾਗ਼ ਬੇਰੂੰ ਸ਼ੁਦ।

ਗੁਰੂ ਨਾਨਕ ਦੇਵ ਜੀ ਇਸ ਸੰਸਾਰ ਤੋਂ ਕੀ ਗਏ ਕਿ ਬਾਗ਼ ਤੋਂ ਫੁੱਲ ਅਲੋਪ ਹੋ ਗਿਆ।

•

ਗੁਰੂ ਨਾਨਕ ਦੇਵ ਜੀ ਦਾ ਜੀਵਨ-ਦਰਸ਼ਨ

ਗੁਰੂ ਨਾਨਕ ਦੇਵ ਜੀ ਇਕ ਗੰਭੀਰ ਅਤੇ ਤੇਜਸਵੀ ਸਾਧਕ ਸਨ। ਇਸ ਸ੍ਰਿਸ਼ਟੀ ਉੱਤੇ ਜਦੋਂ ਉਨ੍ਹਾਂ ਦੀਆਂ ਨੂਰਾਨੀ ਕਿਰਨਾਂ ਪਸਰੀਆਂ ("ਸਤਿਗੁਰੁ ਨਾਨਕੁ ਪ੍ਰਗਟਿਆ, ਮਿਟੀ ਧੁੰਧੁ ਜਗਿ ਚਾਨਣੁ ਹੋਆ।"[੧]), ਉਦੋਂ ਇਤਿਹਾਸਿਕ ਪਰਿਸਥਿਤੀਆਂ ਦਾ ਰੂਪ ਬੜਾ ਬਿਖੜਾ ਸੀ। ਬਿਖੜੇਪਨ ਦੀ ਸਥਿਤੀ ਨੂੰ ਦੂਰ ਕਰਨ ਲਈ ਕਿਸੇ ਯੁੱਗ-ਪੁਰਸ਼ ਦੀ ਲੋੜ ਸੀ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਪ੍ਰਗਟ ਹੋ ਕੇ ਪੂਰਾ ਕੀਤਾ ਅਤੇ ਦੁੱਖੋਂ ਆਤੁਰ ਹੋਈ ਮਾਨਵਤਾ ਦੇ ਤਪਦੇ ਹਿਰਦੇ ਨੂੰ ਆਪਣੇ ਸ਼ਬਦ-ਅੰਮ੍ਰਿਤ ਨਾਲ ਸੀਤਲ ਕਰ ਦਿੱਤਾ। ਪਰਸਪਰ ਪ੍ਰੇਮ ਦੀ ਮੁਰਝਾਈ ਵੇਲ ਫਿਰ ਤੋਂ ਹਰੀ ਭਰੀ ਹੋ ਗਈ। ਸੱਚ ਤਾਂ ਇਹ ਹੈ ਕਿ ਉਨ੍ਹਾਂ ਦੀ ਪ੍ਰੇਮਾ-ਭਗਤੀ ਨੇ ਮਨੁੱਖ ਦੁਖਾਂਤ ਨੂੰ ਸੁਖਾਂਤ ਵਿਚ ਬਦਲ ਦਿੱਤਾ।

ਗੁਰੂ ਨਾਨਕ ਦੇਵ ਜੀ ਉਦਾਰ ਬਿਰਤੀ ਵਾਲੇ ਇਕ ਸੁਤੰਤਰ ਅਤੇ ਸਭ ਨੂੰ ਨਾਲ ਮਿਲਾ ਕੇ ਚੱਲਣ ਵਾਲੇ ਮਹਾਨ ਚਿੰਤਕ ਸਨ। ਉਦਾਰ ਇਸ ਲਈ ਕਿ ਉਨ੍ਹਾਂ ਨੇ ਪੂਰਬ ਵਰਤੀ ਸਾਰੇ ਦਰਸ਼ਨਾਂ, ਧਰਮਾਂ ਅਤੇ ਸੰਪ੍ਰਦਾਵਾਂ ਤੋਂ, ਆਪਣੀ ਬਿਬੇਕ-ਬੁੱਧੀ ਅਤੇ ਆਤਮ-ਅਨੁਭਵ ਦੀ ਕਸੌਟੀ ਉੱਤੇ ਪਰਖ ਕੇ, ਬਿਨਾਂ ਕਿਸੇ ਭੇਦ-ਭਾਵ, ਉਹ ਸਭ ਕੁਝ ਗ੍ਰਹਿਣ ਕਰ ਲਿਆ, ਜੋ ਚਿਰਜੀਵੀ ਸੀ, ਜਿਸ ਤੋਂ ਮਾਨਵਤਾ ਦਾ ਕਲਿਆਣ ਸੰਭਵ ਸੀ ਅਤੇ ਜੋ ਹਰ ਯੁੱਗ ਲਈ ਸਦਾ ਨਵੀਨ ਸੀ। ਇਹੀ ਕਾਰਨ ਹੈ ਕਿ ਪੰਜ ਸੌ ਵਰ੍ਹਿਆਂ ਤੋਂ ਬਾਦ ਵੀ ਉਨ੍ਹਾਂ ਦੀ ਵਿਚਾਰਧਾਰਾ ਵਰਤਮਾਨ ਯੁੱਗ ਲਈ ਪੂਰੀ ਤਰ੍ਹਾਂ ਅਨੁਕੂਲ ਹੈ ਅਤੇ ਭਵਿੱਸ਼ ਵਿਚ ਉਸ ਦੇ ਨਾ-ਅਨੁਕੂਲ ਰਹਿਣ ਦੀ ਵੀ ਕੋਈ ਸੰਭਾਵਨਾ ਨਹੀਂ ਹੈ। ਸੁਤੰਤਰ ਚਿੰਤਕ ਉਹ ਇਸ ਲਈ ਸਨ ਕਿ ਉਨ੍ਹਾਂ ਨੇ ਕੇਵਲ ਉਹੀ ਕੁਝ ਨਹੀਂ ਅਪਣਾਇਆ, ਜੋ ਮਾਨਵਤਾ ਦੀ ਉੱਨਤੀ ਲਈ ਪੁਰਾਤਨਤਾ ਵਿਚ ਉੱਤਮ ਸੀ, ਸਗੋਂ ਇਕ ਨਵੇਂ ਜੀਵਨ-ਦਰਸ਼ਨ ਦਾ ਪ੍ਰਚਲਣ ਵੀ ਕੀਤਾ। ਇਹ ਨਵੀਨ ਦਰਸ਼ਨ ਕਿਸੇ ਪੁਸਤਕੀ ਗਿਆਨ 'ਤੇ ਆਧਾਰਿਤ ਨਹੀਂ ਸੀ, ਸਗੋਂ ਅਨੁਭਵ ਤੋਂ ਪ੍ਰਾਪਤ ਹੋਏ ਗਿਆਨ 'ਤੇ ਆਧਾਰਿਤ ਇਕ ਮਾਨਵ-ਦਰਸ਼ਨ ਸੀ, ਜਿਸ ਦੀ ਕ੍ਰਿਆਤਮਕਤਾ ਸਹਿਜ-ਭਗਤੀ ਦੀ ਸਾਧਨਾ ਦੁਆਰਾ ਸੰਪੂਰਨ ਹੁੰਦੀ ਸੀ।

ਗੁਰੂ ਨਾਨਕ ਦੇਵ ਜੀ ਦੇ ਸਹਿਜ-ਦਰਸ਼ਨ ਦੀ ਮਹੱਤਵਪੂਰਨ ਵਿਸ਼ੇਸ਼ਤਾ ਇਹ ਰਹੀ ਹੈ ਕਿ ਬ੍ਰਹਮ ਗਿਆਨ ਦੀਆਂ ਟੀਸੀਆਂ ਨੂੰ ਛੋਹਣ ਵੇਲੇ ਵੀ ਉਨ੍ਹਾਂ ਨੇ ਮਿੱਟੀ ਦੇ ਪੁਤਲਿਆਂ ਨਾਲੋਂ ਆਪਣਾ ਸੰਬੰਧ ਨਹੀਂ ਤੋੜਿਆ। ਇਸ ਲਈ ਉਨ੍ਹਾਂ ਨੇ ਜੋ ਕੁਝ

---

੧. ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭.

ਸੋਚਿਆ, ਜੋ ਕੁਝ ਕਿਹਾ ਅਤੇ ਜੋ ਕੁਝ ਕੀਤਾ, ਸਭ ਮਾਨਵਤਾ ਦੇ ਕਲਿਆਣ ਲਈ, ਉਸਦੇ ਦੁਆਲੇ ਬਣੀ ਝੂਠ ਦੀ ਦੀਵਾਰ ਨੂੰ ਤੋੜਨ ਲਈ ("ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥"[੧])। ਉਸ ਵੇਲੇ ਰਾਜੇ ਆਪਣਾ ਕਰਤੱਵ ਭੁਲਾ ਚੁੱਕੇ ਸਨ, ਉਹ ਜਨਤਾ ਦੀ ਰੱਖਿਆ ਕਰਨ ਦੀ ਥਾਂ 'ਤੇ ਕੇਵਲ ਭੇਡਾਂ ਉੱਤੋਂ ਉੱਨ ਲਾਹੁਣ ਵਾਂਗ ਜ਼ੁਲਮ ਕਰਦੇ ਸਨ:

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥...੨॥੨੨॥

(ਪੰਨਾ ੧੨੮੮)

ਧਰਮ ਦਾ ਵਾਸਤਵਿਕ ਰੂਪ ਅਲੋਪ ਹੋ ਚੁਕਿਆ ਸੀ ਅਤੇ ਸਮਾਜ ਪਤਿਤ ਹੋ ਗਿਆ ਸੀ:

ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ॥...੧॥੧੬॥

(ਪੰਨਾ ੧੪੫)

ਅਜਿਹੇ ਵਾਤਾਵਰਣ ਨੂੰ ਸੁਧਾਰਨਾ ਅਤੇ ਸੱਚ ਨੂੰ ਲੱਭਣਾ ਸਰਲ ਕੰਮ ਨਹੀਂ ਸੀ। ਪਰ ਮਹਾ ਲੋਕ-ਨਾਇਕ ਗੁਰੂ ਨਾਨਕ ਦੇਵ ਜੀ ਨੇ ਇਸ ਕਾਰਜ ਨੂੰ ਬੜੇ ਸੁਚੱਜੇ ਢੰਗ ਨਾਲ ਸਿਰੇ ਚੜ੍ਹਾਇਆ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਗੁਰੂ ਜੀ ਨੇ ਨਾਥ-ਯੋਗੀਆਂ ਨਾਲ ਹੋਈ ਚਰਚਾ ਵਿਚ ਸਪੱਸ਼ਟ ਕਿਹਾ ਹੈ:

ਬਾਬੇ ਆਖਿਆ ਨਾਥ ਜੀ ਸਚੁ ਚੰਦ੍ਰਮਾ ਕੂੜੁ ਅੰਧਾਰਾ॥
ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ॥

(ਵਾਰ ੧, ਪਉੜੀ ੨੯)

ਜਿਤਨੀ ਨਿਡਰਤਾ ਨਾਲ ਗੁਰੂ ਜੀ ਨੇ ਆਪਣੇ ਵਿਚਾਰਾਂ ਨੂੰ ਪ੍ਰਗਟ ਕੀਤਾ, ਸ਼ਾਇਦ ਹੀ ਉਸ ਯੁੱਗ ਦੇ ਕਿਸੇ ਹੋਰ ਲੋਕ-ਨਾਇਕ ਨੇ ਕੀਤਾ ਹੋਵੇ। ਰਾਜਾ ਹੋਵੇ ਚਾਹੇ ਬਾਦਸ਼ਾਹ, ਮੁਗ਼ਲ ਹੋਵੇ ਚਾਹੇ ਪਠਾਣ, ਹਿੰਦੂ ਹੋਵੇ ਚਾਹੇ ਮੁਸਲਮਾਨ, ਜੈਨੀ ਹੋਵੇ ਚਾਹੇ ਬ੍ਰਾਹਮਣ, ਜੇ ਉਨ੍ਹਾਂ ਨੇ ਮਨੁੱਖਤਾ ਨੂੰ ਕੁਰਾਹੇ ਪਾਉਣ ਜਾਂ ਦੁਖੀ ਕਰਨ ਦਾ ਯਤਨ ਕੀਤਾ, ਤਾਂ ਉਹ ਗੁਰੂ ਜੀ ਦੀ ਤੀਬਰ ਆਲੋਚਨਾ ਤੋਂ ਬਚ ਨਾ ਸਕੇ। ਪਰ ਇਹ ਆਲੋਚਨਾ ਨਿੰਦਿਆ ਲਈ ਨਹੀਂ, ਸਗੋਂ ਸਹੀ ਸਥਿਤੀ ਦਾ ਬੋਧ ਕਰਾ ਕੇ ਉੱਨਤੀ ਦਾ ਰਾਹ ਵਿਖਾਉਣ ਵਾਲੀ ਕਲਿਆਣ-ਮਾਰਗੀ ਸੀ। ਅਸਲੋਂ, ਗੁਰੂ ਜੀ ਨੇ ਕਿਸੇ ਵੀ ਦਰਸ਼ਨ, ਧਰਮ ਜਾਂ ਸਾਧਨਾ-ਪ੍ਰਣਾਲੀ ਦੀ ਨਿੰਦਿਆ ਨਹੀਂ ਕੀਤੀ। ਉਨ੍ਹਾਂ ਨੇ ਕੇਵਲ ਕੂੜ, ਪਾਖੰਡ-ਪੂਰਨ ਅਤੇ ਆਡੰਬਰ-ਯੁਕਤ ਰੂਪਾਂ ਦਾ ਕਠੋਰਤਾ ਪੂਰਵਕ ਵਿਰੋਧ ਕਰ ਕੇ ਸਹੀ ਮਾਰਗ ਉੱਤੇ ਚੱਲਣ ਦਾ ਉਪਦੇਸ਼ ਦਿੱਤਾ।

ਗੁਰੂ ਨਾਨਕ ਦੇਵ ਜੀ ਦਾ ਜੀਵਨ-ਦਰਸ਼ਨ ਸਹਿਜ-ਸਾਧਨਾ ਦਾ ਦਰਸ਼ਨ ਸੀ। ਉਹ ਕਰਮ-ਕਾਂਡਾਂ ਤੋਂ ਮੁਕਤ, ਪੂਜਾ-ਵਿਧੀਆਂ ਤੋਂ ਰਹਿਤ, ਤਰਕ-ਵਿਤਰਕ ਦੀ ਨੀਰਸਤਾ ਤੋਂ ਦੂਰ, ਚਿੱਤ-ਬ੍ਰਿਤੀ ਦੀ ਰੋਕ ਤੋਂ ਪਰੇ ਅਤੇ ਧਾਰਮਿਕ ਤੰਗ-ਨਜ਼ਰੀ ਤੋਂ

੧. ਜਪੁ ਜੀ, ਪਉੜੀ ੧, ਪੰਨਾ ੧.

ਨਿਵਿਰਤ ਇਕ ਅਜਿਹੀ ਜੀਵਨ-ਵਿਧੀ ਸੀ, ਜਿਸ ਨੂੰ ਵਰਗ, ਜਾਤ ਪਾਤ, ਸੰਪ੍ਰਦਾਇ, ਧਰਮ, ਦੇਸ ਜਾਂ ਰਾਸ਼ਟਰ ਦੀਆਂ ਬਨਾਵਟੀ ਸੀਮਾਵਾਂ ਆਪਣੇ ਤਕ ਬੰਨ੍ਹ ਕੇ ਨਹੀਂ ਰੱਖ ਸਕਦੀਆਂ। ਇਸ ਦਾ ਮਹੱਤਵ ਅਤੇ ਸਵੀਕ੍ਰਿਤੀ ਸਰਬ-ਕਾਲਿਕ ਅਤੇ ਸਰਬ-ਦੇਸੀ ਹੈ। ਸੱਚਮੁੱਚ ਇਹ ਸਹਿਜ ਦਰਸ਼ਨ ਮਨੁੱਖਤਾ ਲਈ ਇਕ ਨਵਾਂ ਸੰਦੇਸ਼ ਸੀ। ਗੁਰੂ ਜੀ ਦੁਆਰਾ ਚਲਾਇਆ ਧਰਮ ਉਦੋਂ ਪ੍ਰਚਲਿਤ ਧਰਮ ਦੇ ਸੰਕਲਪ ਤੋਂ ਭਿੰਨ ਸੀ। ਉਹ ਮੰਦਿਰਾਂ, ਮਠਾਂ, ਠਾਕੁਰਦੁਆਰਿਆਂ, ਮਸਜਿਦਾਂ, ਆਦਿ ਤੋਂ ਬਾਹਰ ਨਿਕਲ ਕੇ ਜਨ-ਜੀਵਨ ਵਿਚ ਆ ਬਿਰਾਜਿਆ ਸੀ। ਅਸਲੋਂ ਗੁਰੂ ਨਾਨਕ ਦੇਵ ਜੀ ਦਾ ਧਰਮ ਪ੍ਰਚਲਿਤ ਧਰਮ ਦੀਆਂ ਸੀਮਾਵਾਂ ਤੋਂ ਉੱਚਾ ਸੀ। ਇਸ ਨੂੰ ਅਸੀਂ ਧਰਮ-ਅਤੀਤ ਮਾਨਵ-ਧਰਮ ਦਾ ਨਾਂ ਵੀ ਦੇ ਸਕਦੇ ਹਾਂ। ਇਹੀ ਕਾਰਨ ਹੈ ਕਿ ਹਿੰਦੂਆਂ ਅਤੇ ਮੁਸਲਮਾਨਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਇਕ-ਸਮਾਨ ਸ਼ਰਧਾ ਅਰਪਿਤ ਕੀਤੀ।

ਗੁਰੂ ਨਾਨਕ ਦੇਵ ਜੀ ਆਪਣੇ ਸਹਿਜ ਮਾਨਵ-ਧਰਮ ਦੇ ਸਰਬ-ਕਾਲਿਕ ਅਤੇ ਸਰਬ-ਦੇਸੀ ਰੂਪ ਦੀ ਰੱਖਿਆ ਲਈ ਸੁਚੇਤ ਸਨ। ਉਨ੍ਹਾਂ ਨੇ ਇਸ ਨੂੰ ਕਿਸੇ ਵਿਸ਼ੇਸ਼ ਖੇਤਰ ਜਾਂ ਪ੍ਰਦੇਸ ਲਈ ਸੀਮਿਤ ਨਹੀਂ ਰੱਖਿਆ, ਸਗੋਂ ਘਰ ਘਰ ਜਾ ਕੇ ਆਪਣੇ ਗਿਆਨ-ਦੀਪਕ ਦਾ ਚਾਨਣਾ ਪਹੁੰਚਾਇਆ। ਇਸ ਵਿਚ ਕੋਈ ਸੰਦੇਹ ਨਹੀਂ ਕਿ ਸੰਸਾਰ ਦੇ ਅਨੇਕ ਧਰਮਾਂ ਅਤੇ ਦੇਸਾਂ ਵਿਚ ਸਮੇਂ ਸਮੇਂ 'ਤੇ ਮਹਾਨ ਪੁਰਸ਼ ਪ੍ਰਗਟ ਹੋਏ ਹਨ, ਜਿਨ੍ਹਾਂ ਨੇ ਮਨੁੱਖਤਾ ਦੇ ਸੁਧਾਰ ਲਈ ਅਨੇਕ ਤਰ੍ਹਾਂ ਦੀਆਂ ਸਾਧਨਾਵਾਂ ਕੀਤੀਆਂ, ਆਪਣਾ ਸਭ ਕੁਝ ਵਾਰਿਆ, ਪਰ ਗੁਰੂ ਨਾਨਕ ਦੇਵ ਜੀ ਦੇ ਚਰਿਤ੍ਰ ਦੀ ਵਿਲੱਖਣਤਾ ਅਨੂਪਮ ਹੈ। ਧਰਮ-ਪੁਸਤਕਾਂ ਅਤੇ ਲੋਕ-ਪਰੰਪਰਾਵਾਂ ਤੋਂ ਅਨੇਕ ਰਿਸ਼ੀਆਂ, ਮੁਨੀਆਂ, ਸੰਤਾਂ, ਪੀਰਾਂ, ਫ਼ਕੀਰਾਂ ਦੁਆਰਾ ਤੀਰਥਾਂ ਜਾਂ ਧਰਮ-ਸਥਾਨਾਂ ਦੀ ਯਾਤਰਾ ਕਰਨ ਦੇ ਉਲੇਖ ਮਿਲ ਜਾਂਦੇ ਹਨ। ਉਨ੍ਹਾਂ ਨੇ ਤੀਰਥਾਂ 'ਤੇ ਜਾ ਕੇ ਕੇਵਲ ਆਪਣਾ ਅਧਿਆਤਮਿਕ ਭਵਿੱਖ ਉਜਲਾ ਕੀਤਾ, ਸ਼ਾਸਤ੍ਰਾਰਥ ਕਰ ਕੇ ਆਪਣੀ ਵਿਦਵਤਾ ਦੀ ਧਾਕ ਜਮਾਈ ਅਤੇ ਸੰਪ੍ਰਦਾਇ ਵਿਸ਼ੇਸ਼ ਨੂੰ ਸ੍ਰੇਸ਼ਟ ਸਿੱਧ ਕੀਤਾ। ਪਰ ਗੁਰੂ ਨਾਨਕ ਦੇਵ ਜੀ ਦਾ ਕਰਤੱਵ ਉਨ੍ਹਾਂ ਨਾਲੋਂ ਵੱਖਰਾ ਸੀ। ਗੁਰੂ ਜੀ ਜਨਤਾ ਦੇ ਦੁੱਖ, ਪਾਪੀਆਂ ਦੇ ਪਾਪ, ਹੰਕਾਰੀਆਂ ਦੇ ਹੰਕਾਰ ਨਸ਼ਟ ਕਰਨ ਲਈ ਦੂਰ-ਦੁਰਾਡੇ ਦੇਸ-ਦੇਸਾਂਤਰਾਂ ਤਕ ਗਏ। ਆਪਣਾ ਸੁਖ ਵਾਰ ਦਿੱਤਾ, ਪਰ ਤਪਦੇ ਜਗਤ ਨੂੰ ਠਾਰਨੋਂ ਸੰਕੋਚ ਨਾ ਕੀਤਾ। ਉਦਾਸੀਆਂ ਦੇ ਦੌਰਾਨ ਵੀਹ ਹਜ਼ਾਰ ਮੀਲਾਂ ਤੋਂ ਅਧਿਕ ਚੱਲਣ ਵੇਲੇ ਉਨ੍ਹਾਂ ਨੂੰ ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ, ਪਰ ਉਨ੍ਹਾਂ ਨੇ ਸਾਰਿਆਂ ਕਸ਼ਟਾਂ ਨੂੰ ਹਰਿ-ਕੀਰਤਨ ਦੇ ਮਧੁਰ ਆਲਾਪ ਵਿਚ ਭੁਲਾ ਦਿੱਤਾ। ਧਰਮਾਂ ਦੇ ਇਤਿਹਾਸ ਵਿਚ ਅਜਿਹੇ ਉਦਾਹਰਣ ਵਿਰਲੇ ਹਨ। ਗੁਰੂ ਜੀ ਨੇ ਆਤਮ-ਸਿੱਧੀ ਦੀ ਥਾਂ ਸਾਰੀ ਜਨਤਾ ਦੇ ਹਿਤ ਦੀ ਗੱਲ ਨੂੰ ਪਹਿਲ ਦਿੱਤੀ।

ਗੁਰੂ ਨਾਨਕ ਦੇਵ ਜੀ ਮੱਧ-ਯੁੱਗ ਦੇ ਇਕ ਮਹਾਨ ਲੋਕ-ਨਾਇਕ ਸਨ। ਉਨ੍ਹਾਂ ਦੀ ਕਥਨੀ, ਕਰਨੀ ਅਤੇ ਰਹਿਣੀ ਵਿਚ ਕੋਈ ਅੰਤਰ ਨਹੀਂ ਸੀ। ਉਨ੍ਹਾਂ ਨੇ ਆਪਣੇ ਉਪਦੇਸ਼ਾਂ ਵਿਚ ਜੋ ਕੁਝ ਕਿਹਾ, ਪਹਿਲਾਂ ਉਸ ਅਨੁਸਾਰ ਉਨ੍ਹਾਂ ਨੇ ਆਪਣੇ ਆਪ ਨੂੰ ਅਨੁਸ਼ਾਸਿਤ ਕੀਤਾ, ਅਤੇ ਜਦ ਉਸ ਦੀ ਉਪਯੋਗਤਾ ਦਾ ਯਕੀਨ ਹੋ ਗਿਆ, ਤਦ ਉਸ ਨੂੰ ਆਪਣੀ ਮਧੁਰ ਅਤੇ ਧੁਰ ਕੀ ਬਾਣੀ ਰਾਹੀਂ ਦੂਜਿਆਂ ਤਕ ਪਹੁੰਚਾਇਆ।

ਉਨ੍ਹਾਂ ਦੀ ਬਾਣੀ ਦਾ ਕੀ ਪ੍ਰਭਾਵ ਸੀ, ਬਾਮਦਲਾ ਇਤਿਹਾਸ ਉਸ ਦਾ ਸਾਖੀ ਹੈ। ਉਨ੍ਹਾਂ ਦੇ ਉਪਦੇਸ਼ ਅਸਲੋਂ ਲੋਕ-ਜੀਵਨ ਦਾ ਅੰਗ ਹੀ ਬਣ ਗਏ। ਪਰਵਰਤੀ ਸਾਹਿੱਤ ਵੀ ਉਨ੍ਹਾਂ ਦੇ ਵਿਅਕਤਿਤਵ ਅਤੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋਣੋਂ ਰਹਿ ਨਾ ਸਕਿਆ ਅਤੇ ਉਨ੍ਹਾਂ ਦੇ ਜੀਵਨ ਅਤੇ ਬਾਣੀ ਤੋਂ ਪ੍ਰੇਰਨਾ ਪ੍ਰਾਪਤ ਕਰ ਕੇ ਸਦਾਚਾਰ ਅਤੇ ਜੀਵਨ-ਦਰਸ਼ਨ ਸੰਬੰਧੀ ਅਨੇਕ ਰਚਨਾਵਾਂ ਦੀ ਸਿਰਜਨਾ ਹੋਈ।

ਗੁਰੂ ਜੀ ਨੇ ਸੰਸਾਰ ਤੋਂ ਕਿਨਾਰਾ ਕਰਨ ਉੱਤੇ ਬਲ ਨਹੀਂ ਦਿੱਤਾ, ਹਾਂ, ਸੰਸਾਰਿਕਤਾ ਵਿਚ ਖਚਿਤ ਹੋਣੋਂ ਉਨ੍ਹਾਂ ਨੇ ਮਨੁੱਖਤਾ ਨੂੰ ਜ਼ਰੂਰ ਵਰਜਿਆ ਕਿ ਇਸ ਸੰਸਾਰ ਵਿਚ ਇਸ ਤਰ੍ਹਾਂ ਰਹਿਣਾ ਚਾਹੀਦਾ ਹੈ:

ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ ॥...੫॥

(ਪੰਨਾ ੯੩੮)

ਗੁਰੂ ਨਾਨਕ ਦੇਵ ਜੀ ਇਤਨੀ ਮਹਾਨ ਸ਼ਖ਼ਸੀਅਤ ਵਾਲੇ ਹੁੰਦੇ ਹੋਏ ਵੀ ਬੜੇ ਨਿਮਰਤਾਵਾਨ ਸਨ। ਵੱਡਿਆਂ ਨੂੰ ਨਹੀਂ, ਛੋਟਿਆਂ ਨੂੰ, ਪੈਰਾਂ ਵਿਚ ਮਿੱਧੇ ਹੋਏ ਨੀਚ ਅਖਵਾਣ ਵਾਲਿਆਂ ਨੂੰ ਪ੍ਰੇਮ ਕਰਨਾ ਗੁਰੂ ਜੀ ਹੀ ਜਾਣਦੇ ਸਨ:

ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ ॥...੪॥੩॥

(ਪੰਨਾ ੧੫)

•

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪ੍ਰਕ੍ਰਿਤੀ

ਮਨੁੱਖ ਅਤੇ ਪ੍ਰਕ੍ਰਿਤੀ ਦੇ ਨਿੱਘੇ ਸੰਬੰਧ ਕਰਕੇ ਉਂਜ ਤਾਂ ਹਰ ਕਵੀ ਦੀ ਰਚਨਾ ਵਿਚ ਪ੍ਰਕ੍ਰਿਤੀ ਕਿਸੇ ਨਾ ਕਿਸੇ ਰੂਪ ਵਿਚ ਚਿਤ੍ਰਿਤ ਮਿਲ ਜਾਂਦੀ ਹੈ, ਪਰ ਜੋ ਪ੍ਰਕ੍ਰਿਤੀ-ਵਰਣਨ ਗੁਰੂ ਨਾਨਕ-ਕਾਵਿ ਵਿਚ ਹੋਇਆ ਹੈ, ਉਸ ਦੀ ਮਿਸਾਲ ਹੋਰੋਂ ਲੱਭਣੀ ਸਰਲ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਦਾ ਜਨਮ ਕੁਦਰਤ ਦੀ ਗੋਦੀ ਵਿਚ ਹੋਇਆ। ਤਲਵੰਡੀ ਵਿਚ ਮੱਝਾਂ ਚਾਰਨ ਤੋਂ ਲੈ ਕੇ ਕਰਤਾਰਪੁਰ ਵਿਚ ਜੋਤੀ ਜੋਤਿ ਸਮਾਉਣ ਤਕ ਗੁਰੂ ਜੀ ਨੇ ਪ੍ਰਕ੍ਰਿਤੀ ਦੇ ਸੰਪਰਕ ਦਾ ਆਨੰਦ ਮਾਣਿਆ। ਨਾਲੇ, ਉਨ੍ਹਾਂ ਦਾ ਅਨੁਭਵ ਕੇਵਲ ਪੰਜਾਬ ਦੀ ਪ੍ਰਕ੍ਰਿਤੀ ਤਕ ਸੀਮਿਤ ਨਹੀਂ ਸੀ, ਸਗੋਂ ਉਦਾਸੀਆਂ ਦੇ ਦੌਰਾਨ ਉਨ੍ਹਾਂ ਨੇ ਅਨੇਕ ਇਲਾਕਿਆਂ ਦੇ ਕੁਦਰਤੀ ਦ੍ਰਿਸ਼ਾਂ ਨੂੰ ਵੇਖਿਆ ਅਤੇ ਉਸ ਪਿੱਛੇ ਲੁਕੇ ਵਿਰਾਟ ਰੂਪ ਦਾ ਅਨੁਭਵ ਕੀਤਾ।

ਪ੍ਰਕ੍ਰਿਤੀ-ਵਰਣਨ ਸੰਬੰਧੀ ਗੁਰੂ ਨਾਨਕ-ਕਾਵਿ ਦੀ ਪ੍ਰਮੁਖ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਨੇ ਆਪਣੇ ਸਿਧਾਂਤਾਂ ਦੇ ਪ੍ਰਗਟਾ ਲਈ ਪ੍ਰਕ੍ਰਿਤੀ ਦਾ ਸਰੂਪ ਬੜੀ ਬਾਰੀਕੀ ਨਾਲ ਸਪੱਸ਼ਟ ਕੀਤਾ ਹੈ। ਪ੍ਰਕ੍ਰਿਤੀ ਲਈ ਉਨ੍ਹਾਂ ਨੇ ਆਪਣੀ ਬਾਣੀ ਵਿਚ ਅਰਬੀ ਮੂਲ ਦਾ 'ਕੁਦਰਤ' ਸ਼ਬਦ ਵਰਤਿਆ ਹੈ ਅਤੇ ਇਸ ਦੀ ਵਲਗਣ ਵਿਚ 'ਕਾਦਰ' ਨੂੰ ਛੱਡ ਕੇ ਬਾਕੀ ਸੰਪੂਰਨ ਖੰਡ ਬ੍ਰਹਮੰਡ ਲੈ ਲਏ ਹਨ। ਗੁਰੂ ਨਾਨਕ ਦੇਵ ਜੀ ਅਨੁਸਾਰ ਜੋ ਦਿੱਸਦਾ ਹੈ, ਜੋ ਸੁਣੀਂਦਾ ਹੈ, ਸਭ ਕੁਦਰਤ ਹੈ:

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥...
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥...੨॥੩॥

(ਪੰਨਾ ੪੬੪)

ਪਰਮਾਤਮਾ ਨਾਲ ਕੁਦਰਤ ਦਾ ਸੰਬੰਧ ਸਥਾਪਿਤ ਕਰਦਿਆਂ ਗੁਰੂ ਜੀ ਨੇ ਪ੍ਰਭੂ ਨੂੰ 'ਕੁਦਰਤਿ ਵਸਿਆ' ਮੰਨਿਆ ਹੈ ਅਤੇ ਉਸ ਦੀ ਪ੍ਰਾਪਤੀ ਲਈ ਕੁਦਰਤ ਹੀ ਉਚਿਤ ਮਾਧਿਅਮ ਦੱਸਿਆ ਹੈ:

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ ॥
ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ ॥...੧॥੪॥

(ਪੰਨਾ ੫੮੧)

ਗੁਰੂ ਜੀ ਦਾ ਵਿਚਾਰ ਹੈ ਕਿ ਪਰਮਾਤਮਾ ਸਤਿ ਸਰੂਪ ਹੈ ਅਤੇ ਸਤਿ ਸਰੂਪ ਨਾਲ ਸੰਬੰਧਿਤ ਹੋਣ ਕਰਕੇ ਕੁਦਰਤ ਵੀ ਸੱਚੀ ਹੈ :

ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥...੧॥੨॥ *(ਪੰਨਾ ੪੬੩)*

ਕੁਦਰਤ ਲਈ 'ਸਚੀ' ਵਿਸ਼ੇਸ਼ਣ ਤੋਂ ਗੁਰੂ ਸਾਹਿਬ ਦਾ ਇਹ ਆਸ਼ਾ ਨਹੀਂ ਕਿ ਉਹ ਕੋਈ ਸੁਤੰਤਰ ਸੱਤਾ ਹੈ। ਕੁਦਰਤ ਸਯੰਭੂ (ਆਪਣੇ ਆਪ ਹੋਂਦ ਵਿਚ ਆਉਣ ਵਾਲੀ) ਨਹੀਂ, ਪ੍ਰਭੂ ਨਿਰਮਿਤ ਹੈ। ਪਰਮਾਤਮਾ ਨੇ ਆਪਣੇ ਆਸਣ ਲਈ ਕੁਦਰਤ ਨੂੰ ਸਾਜਿਆ ਹੈ। ਇਸ ਗੱਲ ਨੂੰ ਸਪੱਸ਼ਟ ਕਰਦਿਆਂ ਵਡਹੰਸ ਰਾਗ ਵਿਚ ਗੁਰੂ ਜੀ ਕਹਿੰਦੇ ਹਨ :

ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ॥
ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ॥੨॥੩॥ *(ਪੰਨਾ ੫੮੦)*

ਸਮੁੱਚੀ ਕੁਦਰਤ ਜਾਂ ਇਸ ਦੇ ਕਿਸੇ ਪੱਖ ਦੀ ਰਚਨਾ ਜਾਂ ਸੰਘਾਰ ਕਰਨ ਲਈ ਪ੍ਰਭੂ ਨੂੰ ਕਿਸੇ ਹੋਰ ਨੂੰ ਪੁੱਛਣ ਦੀ ਲੋੜ ਨਹੀਂ ਪੈਂਦੀ, ਕਿਉਂਕਿ ਉਹ ਆਪ ਸਰਬੱਗ ਹੈ :

ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ॥
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ॥...੪॥੧॥ *(ਪੰਨਾ ੫੩)*

ਇਸ ਤੋਂ ਇਲਾਵਾ, ਕੁਦਰਤ ਅਸਥਾਈ ਅਤੇ ਥੁੜ-ਜੀਵੀ ਹੈ, ਸਦਾ ਕਾਇਮ ਰਹਿਣ ਵਾਲਾ ਤਾਂ ਕੇਵਲ ਪਰਮਾਤਮਾ ਆਪ ਹੀ ਹੈ :

ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥੮॥੧੭॥ *(ਪੰਨਾ ੬੪)*

ਪਰਮਾਤਮਾ ਦੁਆਰਾ ਨਿਰਮਿਤ ਕੁਦਰਤ ਦੀ ਸੁਤੰਤਰ ਸੱਤਾ ਇਸ ਲਈ ਵੀ ਨਹੀਂ, ਕਿਉਂਕਿ ਗੁਰੂਦੇਵ ਦੇ ਕਥਨ ਅਨੁਸਾਰ ਸ੍ਰਿਸ਼ਟੀ ਦਾ ਸਾਰਾ ਕਾਰਜ-ਵਿਧਾਨ ਅਤੇ ਗਤੀ-ਵਿਧੀ ਪ੍ਰਭੂ ਦੇ ਭੈ, ਅਰਥਾਤ, ਸਦੀਵੀ ਨਿਯਮ ਦੇ ਅਧੀਨ ਹੈ:

ਭੈ ਵਿਚਿ ਪਵਣੁ ਵਹੈ ਸਦਵਾਉ॥
ਭੈ ਵਿਚਿ ਚਲਹਿ ਲਖ ਦਰੀਆਉ॥...
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥
ਕੋਹ ਕਰੋੜੀ ਚਲਤ ਨ ਅੰਤੁ॥...੧॥੪॥ *(ਪੰਨਾ ੪੬੪)*

ਪਰਮਾਤਮਾ ਹੀ ਸਾਰੇ ਪ੍ਰਾਕ੍ਰਿਤਿਕ ਅੰਸ਼ਾਂ ਦੀ ਰੱਖਿਆ ਅਤੇ ਦੇਖ-ਭਾਲ ਕਰਦਾ ਹੈ। ਭਾਵੇਂ ਕੁਦਰਤ ਦਾ ਨਿਯਮ ਅਟੱਲ ਹੈ, ਪਰ ਜੇ ਪਰਮਾਤਮਾ ਚਾਹੇ ਤਾਂ ਇਸ ਵਿਚ ਪਰਿਵਰਤਨ ਵੀ ਲਿਆ ਸਕਦਾ ਹੈ, ਅਸੰਭਵ ਨੂੰ ਸੰਭਵ ਅਤੇ ਸੰਭਵ ਨੂੰ ਅਸੰਭਵ ਕਰ ਸਕਦਾ ਹੈ :

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥...੧॥੧੪॥ *(ਪੰਨਾ ੧੪੪)*

ਕੁਦਰਤ ਦੀ ਭੂਗੋਲਿਕ ਸੀਮਾ ਬਾਰੇ ਭਾਵੇਂ ਗੁਰੂ ਸਾਹਿਬ ਨੇ ਸਪੱਸ਼ਟ ਤੌਰ 'ਤੇ ਕੁਝ ਨਹੀਂ ਲਿਖਿਆ, ਪਰ ਜਦੋਂ ਜਦੋਂ ਵੀ ਸ੍ਰਿਸ਼ਟੀ ਦੀ ਅਨੰਤਤਾ ਦਾ ਉਲੇਖ ਕੀਤਾ ਹੈ ਤਾਂ ਇਸ ਦਾ ਵਰਣਨ ਆਪਣੇ ਆਪ ਹੋ ਗਿਆ ਹੈ, ਜਿਵੇਂ 'ਜਪੁ ਜੀ' ਦੀ ੨੨ਵੀਂ ਅਤੇ ੩੫ਵੀਂ ਪਉੜੀਆਂ ਵਿਚ:

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥...੨੨॥

ਅਤੇ

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥...੩੫॥

ਕਹਿ ਕੇ ਪ੍ਰਕ੍ਰਿਤੀ ਦੀ ਅਨੰਤਤਾ, ਵਿਸ਼ਾਲਤਾ ਅਤੇ ਅਸੀਮਤਾ ਦਾ ਚਿੱਤਰ ਖਿਚਿਆ ਹੈ। ਅਜਿਹੀ ਅਪਾਰ ਪ੍ਰਕ੍ਰਿਤੀ ਬਾਰੇ ਜੇ ਕੋਈ ਜਾਣਨ ਲਈ ਸਮਰੱਥ ਹੈ ਤਾਂ ਕੇਵਲ ਉਹ ਪਰਮਾਤਮਾ ਹੀ:

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ॥
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ॥
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ॥੧॥੮॥ *(ਪੰਨਾ ੪੬੭)*

ਮਨੁੱਖ ਪ੍ਰਕ੍ਰਿਤੀ ਦੇ ਭੇਦ ਨੂੰ ਨਹੀਂ ਪਾ ਸਕਦਾ। ਉਹ ਤਾਂ ਇਸ ਦੇ ਸਾਰੇ ਪਸਾਰੇ ਨੂੰ ਵੇਖ ਕੇ ਹੈਰਾਨੀ ਦੀ ਅਵਸਥਾ ਵਿਚ ਭੌਂਚੱਕਾ ਜਿਹਾ ਹੋ ਜਾਂਦਾ ਹੈ 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ 'ਵਿਸਮਾਦ' ਦੀ ਸਥਿਤੀ ਮੰਨਿਆ ਹੈ:

ਵਿਸਮਾਦੁ ਪਉਣੁ ਵਿਸਮਾਦੁ ਪਾਣੀ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ॥
ਵਿਸਮਾਦੁ ਸਾਦਿ ਲਗਹਿ ਪਰਾਣੀ॥...
ਵੇਖਿ ਵਿਡਾਣੁ ਰਹਿਆ ਵਿਸਮਾਦੁ॥
ਨਾਨਕ ਬੁਝਣੁ ਪੂਰੈ ਭਾਗਿ॥੧॥੩॥ *(ਪੰਨਾ ੪੬੪)*

ਅਸਲ ਵਿਚ, ਗੁਰੂ ਨਾਨਕ ਦੇਵ ਜੀ ਨੇ ਸਾਰੀ ਸ੍ਰਿਸ਼ਟੀ ਨੂੰ ਪ੍ਰਭੂ ਦੀ ਸੇਵਾ-ਸਾਧਨਾ ਵਿਚ ਹੀ ਲੀਨ ਦੱਸਿਆ ਹੈ। ਉਨ੍ਹਾਂ ਨੂੰ ਵਿਸ਼ਾਲ ਨੀਲਾ ਆਕਾਸ਼ ਪ੍ਰਭੂ ਦੀ ਆਰਤੀ ਦਾ ਥਾਲ, ਚੰਦਰਮਾ ਅਤੇ ਸੂਰਜ ਦੀਪਕ, ਤਾਰੇ ਮੋਤੀ ਪ੍ਰਤੀਤ ਹੋਏ ਹਨ। ਮਲਯ ਪਵਨ ਉਸ ਦੀ ਆਰਤੀ ਦੀ ਧੂਪ ਹੈ ਅਤੇ ਸਾਰੀ ਪੁਸ਼ਪ-ਰਾਸ਼ੀ ਉਸ ਆਰਤੀ ਲਈ ਫੁਲ ਪੱਤੀਆਂ ਹਨ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ,
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ,
ਸਗਲ ਬਨਰਾਇ ਫੂਲੰਤ ਜੋਤੀ॥੧॥੯॥ *(ਪੰਨਾ ੬੬੩)*

ਇਸ ਵਿਰਾਟ ਆਰਤੀ ਤੋਂ ਇਲਾਵਾ, ਗੁਰੂ ਜੀ ਨੇ ਪ੍ਰਕ੍ਰਿਤੀ ਨੂੰ ਪਰਮਾਤਮਾ ਦੇ ਸਮੁਖ ਰਾਸ ਪਾਂਦੇ ਵੀ ਵਿਖਾਇਆ ਹੈ:

ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥
ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥
ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥...੧॥੫॥ *(ਪੰਨਾ ੪੬੫)*

ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਨੇ ਕੁਦਰਤ ਨੂੰ ਕਾਦਰ ਦੁਆਰਾ ਸਿਰਜੀ ਸੱਚੀ, ਪਰ ਪ੍ਰਭੂ-ਆਸ਼੍ਰਿਤ ਅਜਿਹੀ ਵਿਸਮਾਦੀ ਸੱਤਾ ਮੰਨਿਆ ਹੈ ਜੋ ਪ੍ਰਭੂ ਦੀ ਵਿਆਪਤੀ ਦਾ ਖੇਤਰ, ਬੈਠਣ ਲਈ ਤਖ਼ਤ, ਪੂਜਾ ਲਈ ਆਰਤੀ ਦੀ ਸਾਮਗ੍ਰੀ ਅਤੇ ਮਨੋਰੰਜਨ ਲਈ ਰਾਸ ਹੈ।

ਸਿੱਧਾਂਤ ਦੇ ਪ੍ਰਗਟਾ ਤੋਂ ਇਲਾਵਾ, ਗੁਰੂ ਨਾਨਕ ਦੇਵ ਜੀ ਨੇ ਆਪਣੇ ਰਹੱਸ-ਅਨੁਭਵ ਦੇ ਪ੍ਰਗਟਾ ਲਈ ਵੀ ਪ੍ਰਕ੍ਰਿਤੀ ਦਾ ਵਰਣਨ ਕੀਤਾ ਹੈ। ਪ੍ਰੇਮ ਦੀ ਅਤਿ ਅਧਿਕਤਾ ਨੂੰ ਬਨ ਦੀ ਵਿਯੋਗਨੀ ਹਿਰਨੀ, ਅੰਬਾਂ ਵਿਚ ਆਨੰਦ ਮਾਣਨ ਵਾਲੀ ਕੋਇਲ, ਜਲ ਨੂੰ ਜੀਵਨ ਸਮਝਣ ਵਾਲੀ ਮੱਛਲੀ ਅਤੇ ਧਰਤੀ ਵਿਚ ਧਸੀ ਸਰਪਣੀ ਦੁਆਰਾ ਪ੍ਰਗਟ ਕੀਤੀ ਹੈ ਅਤੇ ਕਈਆਂ ਥਾਵਾਂ 'ਤੇ ਉਨ੍ਹਾਂ ਨੇ ਪ੍ਰਭੂ ਨਾਲ ਪ੍ਰੇਮ ਦੀ ਪ੍ਰਗਾੜ੍ਹਤਾ ਨੂੰ ਪ੍ਰਗਟ ਕਰਨ ਲਈ ਪ੍ਰਕ੍ਰਿਤੀ ਵਿੱਚੋਂ ਉਪਮਾਨ ਲਏ ਹਨ, ਜਿਵੇਂ:

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ ॥
ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ ॥...੨॥੧੧॥
(ਪੰਨਾ ੬੦)

ਪ੍ਰਕ੍ਰਿਤੀ ਦਾ ਵਰਣਨ ਮਨੁੱਖ ਦੀ ਮਾਨਸਿਕ ਪਿਛੋਕੜ ਲਈ ਵੀ ਗੁਰੂ ਨਾਨਕ-ਕਾਵਿ ਵਿਚ ਹੋਇਆ ਹੈ। ਇਸ ਦਾ ਪ੍ਰਮੁਖ ਰੂਪ ਮਾਨਵ ਭਾਵਨਾਵਾਂ ਦੀ ਬਿਖਮਤਾ ਵਿਚ ਵੇਖਿਆ ਜਾ ਸਕਦਾ ਹੈ। ਤੁਖਾਰੀ ਰਾਗ ਵਿਚ ਵਰਣਿਤ ਬਾਰਹਮਾਹ ਵਿਚ ਵਰ੍ਹੇ ਦੇ ਬਾਰਾਂ ਮਹੀਨਿਆਂ ਰਾਹੀਂ ਗੁਰੂ ਨਾਨਕ ਦੇਵ ਜੀ ਦੀ ਆਤਮਾ ਰੂਪੀ ਨਾਇਕਾ ਦੀ ਮਨੋ-ਸਥਿਤੀ ਦਾ ਜੋ ਹਿਰਦੇ-ਵੇਧਕ ਵਰਣਨ ਹੋਇਆ ਹੈ, ਅਜਿਹੇ ਉਦਾਹਰਣ ਸਾਹਿੱਤ-ਸੰਸਾਰ ਵਿਚ ਵਿਰਲੇ ਹੀ ਹਨ। ਸਾਵਣ ਦੇ ਮਹੀਨੇ ਵਿਚ ਵਰਖਾ ਰੁੱਤ ਆ ਗਈ ਹੈ, ਬੱਦਲ ਵਰ੍ਹ ਰਹੇ ਸਨ, ਅਜਿਹੇ ਵੇਲੇ ਜੇ ਨਾਇਕ ਪਾਸ ਹੋਵੇ ਤਾਂ ਤਨ ਮਨ ਆਨੰਦਿਤ ਹੋ ਜਾਂਦਾ ਹੈ, ਪਰ ਪ੍ਰਭੂ ਰੂਪੀ ਪਤੀ ਤੋਂ ਵਿੱਛੜੀ ਗੁਰੂ ਨਾਨਕ ਦੇਵ ਜੀ ਦੀ ਆਤਮਾ ਰੂਪੀ ਨਾਇਕਾ ਦੀ ਸਥਿਤੀ ਤਾਂ ਕੁਝ ਹੋਰ ਜਿਹੀ ਹੈ, ਉਸ ਦੇ ਪ੍ਰੀਤਮ ਤਾਂ ਪਰਦੇਸ ਗਏ ਹੋਏ ਹਨ, ਘਰ ਨਹੀਂ ਆ ਰਹੇ, ਉਹ ਦੁੱਖਾਂ ਨਾਲ ਭਰੀ ਪਈ ਹੈ, ਬਿਜਲੀ ਚਮਕ ਚਮਕ ਕੇ ਡਰਾ ਰਹੀ ਹੈ, ਉਸ ਦੀ ਸੇਜ ਇਕੱਲੀ ਹੈ, ਉਹ ਦੁਖੀ ਹੈ, ਅਤੇ ਦੁੱਖ ਮਰਨ ਤੁਲ ਹੋ ਗਿਆ ਹੈ।

ਇਸ ਤਰ੍ਹਾਂ ਬਾਰਹਮਾਹ ਵਿਚ ਗੁਰੂ ਨਾਨਕ ਦੇਵ ਜੀ ਨੇ ਚੇਤਰ, ਹਾੜ, ਸਾਵਣ, ਭਾਦੋਂ ਅਤੇ ਅੱਸੂ ਦੇ ਮਹੀਨਿਆਂ ਵਿਚਲੀ ਰੁਤ-ਬਦਲੀ ਨਾਲ ਪ੍ਰਾਕ੍ਰਿਤਿਕ ਵਾਤਾਵਰਣ ਦੀ ਸ਼ੋਭਾ ਦਾ ਬੜਾ ਸੁੰਦਰ ਚਿਤ੍ਰਣ ਕੀਤਾ ਹੈ। ਸਾਵਣ-ਭਾਦੋਂ ਦੀ ਝੜੀ, ਬਿਜਲੀ ਦਾ ਚਮਕਣਾ, ਟੋਇਆਂ-ਛੱਪੜਾਂ ਦਾ ਪਾਣੀ ਨਾਲ ਭਰ ਜਾਣਾ, ਵਰਖਾ ਕਰ ਕੇ ਰਾਤ

ਦਾ ਅੰਨ੍ਹੇਰਾ ਅਤੇ ਡਰਾਵਣਾ ਹੋਣਾ, ਡੱਡਾਂ, ਮੋਰਾਂ, ਬਬੀਹਿਆਂ ਦਾ ਬੋਲਣਾ, ਸੱਪਾਂ ਅਤੇ ਮੱਛਰਾਂ ਦਾ ਡੱਸਣਾ ਆਦਿ ਵਿਚ ਪ੍ਰਕ੍ਰਿਤੀ ਦਾ ਸੂਖਮ ਨਿਰੀਖਣ ਗਿਆਤ ਹੁੰਦਾ ਹੈ। ਅੱਸੂ ਦੇ ਮਹੀਨੇ ਵਿਚ ਗਰਮੀ ਦੇ ਸਮਾਪਤ ਹੋਣ ਅਤੇ ਠੰਢ ਦੀ ਰੁੱਤ ਆਉਣ ਦਾ ਕਿਤਨਾ ਸੁੰਦਰ ਅਤੇ ਕਾਵਿਕ ਚਿਤ੍ਰਣ ਹੋਇਆ ਹੈ:

ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ ॥...੧੧॥

(ਪੰਨਾ ੧੧੦੯)

ਗੁਰੂ ਨਾਨਕ ਦੇਵ ਜੀ ਨੇ ਹੋਰਨਾਂ ਰਹੱਸਵਾਦੀ ਕਵੀਆਂ ਵਾਂਗ ਪ੍ਰਕ੍ਰਿਤੀ ਨੂੰ ਉਪਦੇਸ਼ ਦੇਣ ਦਾ ਵੀ ਮਾਧਿਅਮ ਬਣਾਇਆ ਹੈ। ਇਹ ਉਪਦੇਸ਼ ਅਧਿਕਤਰ ਪ੍ਰਭੂ ਦੀ ਭਗਤੀ ਸੰਬੰਧੀ ਜਾਂ ਚੰਗੇ ਸਦਾਚਾਰਿਕ ਜੀਵਨ ਸੰਬੰਧੀ ਹਨ। ਕਮਲ ਤੋਂ ਇੰਜ ਉਪਦੇਸ਼ ਦਿੱਤਾ ਹੈ:

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ ॥
ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ ॥
ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ ॥੧॥
ਮਨ ਰੇ ਕਿਉ ਛੂਟਹਿ ਬਿਨੁ ਪਿਆਰ ॥
ਗੁਰਮੁਖਿ ਅੰਤਰਿ ਰਵਿ ਰਹਿਆ ਬਖਸੇ ਭਗਤਿ ਭੰਡਾਰ ॥੧॥ਰਹਾਉ॥੧੧॥

(ਪੰਨੇ ੫੯-੬੦)

ਮਿਠਤ ਅਤੇ ਨਿਮ੍ਰਤਾ ਨੂੰ ਮਨੁੱਖ ਦੇ ਉੱਤਮ ਗੁਣਾਂ ਵਿੱਚੋਂ ਮੰਨਦੇ ਹੋਇਆਂ ਸਿੰਮਲ ਬ੍ਰਿਛ ਰਾਹੀਂ ਉਪਦੇਸ਼ ਦਿੱਤਾ ਹੈ:

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ, ਜਾਹਿ ਨਿਰਾਸੇ ਕਿਤੁ ॥
ਫਲ ਫਿਕੇ ਫੁਲ ਬਕਬਕੇ, ਕੰਮਿ ਨ ਆਵਹਿ ਪਤ ॥
ਮਿਠਤੁ ਨੀਵੀ ਨਾਨਕਾ, ਗੁਣ ਚੰਗਿਆਈਆ ਤਤੁ ॥੧॥੧੪॥ *(ਪੰਨਾ ੪੭੦)*

ਇਸ ਤਰ੍ਹਾਂ ਉਪਮਾਨਾਂ, ਰੂਪਕਾਂ, ਪ੍ਰਤੀਕਾਂ ਆਦਿ ਨਾਲ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਾਵਿ ਵਿਚ ਪ੍ਰਕ੍ਰਿਤੀ ਦਾ ਵਰਣਨ ਕੀਤਾ ਹੈ। ਜਿਸ ਤਰ੍ਹਾਂ ਮਨੁੱਖੀ ਜੀਵਨ ਵਿਚ ਪ੍ਰਕ੍ਰਿਤੀ ਦਾ ਅਤਿ ਅਧਿਕ ਮਹੱਤਵ ਅਤੇ ਯੋਗਦਾਨ ਹੈ, ਉਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵੀ ਪ੍ਰਕ੍ਰਿਤੀ ਦੇ ਵਰਣਨ ਨਾਲ ਭਰਪੂਰ ਹੈ।

•

'ਆਸਾ ਦੀ ਵਾਰ' ਦੀ ਅੰਤਰ-ਦ੍ਰਿਸ਼ਟੀ

'ਆਸਾ ਦੀ ਵਾਰ' ਦਾ ਸਿਖ-ਧਰਮ-ਸਾਧਨਾ ਵਿਚ ਵਿਸ਼ੇਸ਼ ਸਥਾਨ ਹੈ। ਗੁਰਦੁਆਰਿਆਂ ਜਾਂ ਗੁਰੂ-ਧਾਮਾਂ ਵਿਚ ਨਿੱਤ ਇਸ ਦਾ ਕੀਰਤਨ ਕੀਤਾ ਜਾਂਦਾ ਹੈ। ਇਸ ਲਈ ਇਸ ਮਹੱਤਵਪੂਰਨ ਰਚਨਾ ਦੀ ਅੰਤਰ-ਦ੍ਰਿਸ਼ਟੀ ਨੂੰ ਸਮਝਣਾ ਅਤਿ ਜ਼ਰੂਰੀ ਹੈ, ਕਿਉਂਕਿ ਇਸ ਦੇ ਸਮਝਣ ਨਾਲ ਸਿਖ ਧਰਮ ਸੰਬੰਧੀ ਕੁਝ ਬੁਨਿਆਦੀ ਜਗਿਆਸਾ ਦਾ ਸਮਾਧਾਨ ਹੁੰਦਾ ਹੈ। *ਪੁਰਾਤਨ ਜਨਮਸਾਖੀ* ਦੀ ੩੨ਵੀਂ ਸਾਖੀ ਵਿਚ ਲਿਖੀ ਇਸ ਵਾਰ ਦੀ ਉਥਾਨਿਕਾ ਇਸ ਸੰਬੰਧ ਵਿਚ ਬਹੁਤ ਉਪਯੋਗੀ ਹੈ।

ਇਸ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੀ ਸ਼ੇਖ਼ ਬ੍ਰਹਮ ਨਾਲ ਹੋਈ ਗੋਸ਼ਟਿ ਦਾ ਵਿਵਰਣ ਦਿੱਤਾ ਗਿਆ ਹੈ। ਬਾਬਾ ਫ਼ਰੀਦ ਸ਼ਕਰਗੰਜ ਦੀ ਪਾਕਪਟਨ ਸਥਿਤ ਗੱਦੀ ਉੱਤੇ ਬੈਠੇ ਸ਼ੇਖ਼ ਬ੍ਰਹਮ ਦਾ ਮੁਰੀਦ ਸ਼ੇਖ਼ ਕਮਾਲ ਆਪਣੇ ਮੁਰਸ਼ਿਦ ਦੀ ਰਸੋਈ ਲਈ ਲੱਕੜੀਆਂ ਚੁਣਦਾ ਹੋਇਆ ਜੰਗਲ ਵਿਚ ਉਸ ਥਾਂ 'ਤੇ ਜਾ ਪਹੁੰਚਦਾ ਹੈ ਜਿਥੇ ਗੁਰੂ ਨਾਨਕ ਦੇਵ ਜੀ ਮਰਦਾਨੇ ਸਹਿਤ ਹਰਿ-ਨਾਮ ਵਿਚ ਲੀਨ ਬੈਠੇ ਸਨ ਅਤੇ ਉਨ੍ਹਾਂ ਦੇ ਮੁਖਾਰਬਿੰਦ ਵਿੱਚੋਂ ਇਹ ਸਲੋਕ ਉਚਰਿਤ ਹੋ ਰਿਹਾ ਸੀ :

> **ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥**
> **ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥੨॥੨੯॥** *(ਪੰਨਾ ੧੨੯੧)*

ਇਸ ਸਲੋਕ ਦੀ ਭਾਵ-ਸਾਮ੍ਰਗੀ ਨੂੰ ਸੁਣ ਕੇ ਸ਼ੇਖ਼ ਕਮਾਲ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਇਹ ਸਲੋਕ ਗੁਰੂ ਜੀ ਤੋਂ ਦੋਬਾਰਾ ਸੁਣ ਕੇ ਜ਼ਬਾਨੀ ਯਾਦ ਕਰ ਲਿਆ ਅਤੇ ਆਪਣੇ ਡੇਰੇ 'ਤੇ ਮੁੜਨ ਉਪਰੰਤ ਮੁਰਸ਼ਿਦ ਨੂੰ ਆ ਸੁਣਾਇਆ। ਸ਼ੇਖ਼ ਬ੍ਰਹਮ ਉਤਸੁਕਤਾ-ਵਸ ਸਲੋਕ ਦੇ ਰਚੈਤਾ ਗੁਰੂ ਨਾਨਕ ਦੇਵ ਜੀ ਨਾਲ ਗੋਸ਼ਟਿ ਕਰਨ ਲਈ ਜੰਗਲ ਵਿਚ ਆਇਆ ਅਤੇ ਲੰਮੇ ਵਿਚਾਰ-ਵਟਾਂਦਰੇ ਤੋਂ ਬਾਦ ਕਹਿਣ ਲੱਗਾ :

> ਨਾਨਕੁ ਹਿਕੁ ਖੁਦਾਇ ਕੀ ਵਾਰ ਸੁਣਾਇ, ਅਸਾ ਕੂ ਇਹੁ ਮਕਸੂਦ ਹੈ।
> ਜੋ ਵਾਰੁ ਦੁਹੁ ਬਾਝੂ ਹੋਂਦੀ ਨਾਹੀ, ਅਤੇ ਤੂ ਹਿਕੋ ਹਿਕੁ ਆਖਦਾ ਹੈ,
> ਵੇਖਾ ਖੁਦਾਇ ਦਾ ਸਰੀਕ ਤੂੰ ਕਵਣੁ ਕਰਸੀ ? ਤਬਿ ਬਾਬੇ ਆਖਿਆ,
> ਮਰਦਾਨਿਆ ਰਬਾਬੁ ਬਜਾਇ। ਤਾਂ ਮਰਦਾਨੇ ਰਬਾਬ ਬਜਾਇਆ,
> ਰਾਗੁ ਆਸਾ ਕੀਤਾ।

ਇਸ ਉਥਾਨਿਕਾ ਤੋਂ ਇਕ ਤਾਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਇਹ ਵਾਰ 'ਹਿਕੁ ਖੁਦਾਇ' ਸੰਬੰਧੀ ਲਿਖੀ ਗਈ ਹੈ। ਦੂਜੀ ਇਹ ਕਿ ਉਹ ਖ਼ੁਦਾ ਅਜਿਹੀ ਪਰਮ

ਸੱਤਾ ਹੈ ਜਿਸ ਦਾ ਕੋਈ ਹੋਰ ਸ਼ਰੀਕ ਨਹੀਂ। ਤੀਜੀ ਇਹ ਕਿ ਉਸ ਵਕਤ ਤਕ ਤਕਨੀਕੀ ਦ੍ਰਿਸ਼ਟੀ ਤੋਂ ਵਾਰ ਵਿਚ ਨਾਇਕ-ਪ੍ਰਤਿਨਾਇਕ ਦਾ ਸੰਘਰਸ਼ ਆਵੱਸ਼ਕ ਸਮਝਿਆ ਜਾਂਦਾ ਸੀ।

ਇਸ ਤੋਂ ਸਪੱਸ਼ਟ ਹੈ ਕਿ ਸ਼ੇਖ਼ ਬ੍ਰਹਮ ਨੇ ਵਾਰ ਕਾਵਿ-ਰੂਪ ਦੀ ਤਕਨੀਕੀ ਆਵਸ਼ਕਤਾ ਦੇ ਸੰਦਰਭ ਵਿਚ ਗੁਰੂ ਜੀ ਨੂੰ ਪਰਮਾਤਮਾ ਦਾ ਪ੍ਰਤਿਨਾਇਕ ਮਿਥਣ ਦਾ ਪੇਚੀਦਾ ਜਿਹਾ ਸੁਆਲ ਪਾਇਆ ਹੈ। ਪਰ ਗੁਰੂ ਜੀ ਨੇ ਵਾਰ ਦੀ ਨਾਇਕ-ਪ੍ਰਤਿਨਾਇਕ ਸੰਘਰਸ਼ ਤਕਨੀਕ ਤੋਂ ਹਟ ਕੇ ਇਸ ਵਾਰ ਵਿਚ ਕੇਵਲ ਪ੍ਰਭੂ ਦੇ ਜਸ ਨੂੰ ਪ੍ਰਗਟਾਉਣ ਦਾ ਉਚੇਚ ਕੀਤਾ। ਪਰੰਪਰਾ ਅਨੁਸਾਰ ਪਹਿਲਾਂ ਇਹ ਵਾਰ ਕੇਵਲ ਪਉੜੀਆਂ ਵਿਚ ਹੀ ਲਿਖੀ ਗਈ ਸੀ, ਪਰ ਢਾਢੀ ਲੋਕ ਵਾਰ ਨੂੰ ਗਾਉਣ ਵੇਲੇ ਵਿਸ਼ਲੇਸ਼ਣ ਦੀ ਰੁਚੀ-ਵਸ ਅਤੇ ਕਦੇ ਕਦੇ ਪ੍ਰਸੰਗ ਨੂੰ ਲਮਕਾਉਣ ਲਈ ਪਉੜੀਆਂ ਨਾਲ ਸਲੋਕਾਂ ਨੂੰ ਵੀ ਜੋੜ ਲੈਂਦੇ ਸਨ। ਭਾਈ ਵੀਰ ਸਿੰਘ ਜੀ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ, ਵਾਰਾਂ ਦੀਆਂ ਪਉੜੀਆਂ ਨਾਲ ਜੋ ਸਲੋਕ ਜੁੜ ਚੁੱਕੇ ਸਨ, ਉਨ੍ਹਾਂ ਨੂੰ ਉਸੇ ਤਰ੍ਹਾਂ ਰਹਿਣ ਦਿੱਤਾ। ਇਸ ਤੋਂ ਇਲਾਵਾ ਲੋੜ ਅਨੁਸਾਰ ਕੁਝ ਹੋਰ ਸਲੋਕ ਵੀ ਜੋੜ ਲਏ ਗਏ ਅਤੇ ਇਨ੍ਹਾਂ ਵਾਰਾਂ ਤੋਂ ਬਾਕੀ ਬਚਦੇ ਸਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਅੰਤ ਉੱਤੇ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਅਧੀਨ ਸੰਕਲਿਤ ਕਰ ਦਿੱਤਾ ਗਿਆ।

'ਆਸਾ ਦੀ ਵਾਰ' ਵਿਚਲੇ ਸਲੋਕਾਂ ਦੀ ਰਚਨਾ ਕਿਸੇ ਇਕ ਪ੍ਰਸੰਗ, ਸੰਦਰਭ ਜਾਂ ਸਥਾਨ 'ਤੇ ਨਹੀਂ ਹੋਈ। ਅਸਲ ਵਿਚ, ਗੁਰੂ ਨਾਨਕ ਦੇਵ ਜੀ ਤੋਂ ਜਗਿਆਸੂਆਂ ਵਲੋਂ ਨਿੱਤ ਪੁੱਛੇ ਜਾਣ ਵਾਲੇ ਅਧਿਆਤਮਿਕ ਪ੍ਰਸ਼ਨਾਂ ਦੇ ਉੱਤਰ ਵਜੋਂ ਜਾਂ ਹੋਰ ਦਰਪੇਸ਼ ਸਮੱਸਿਆਵਾਂ ਦੇ ਸਮਾਧਾਨ ਵਜੋਂ ਗੁਰੂ ਜੀ ਦੁਆਰਾ ਉਚਾਰੇ ਗਏ ਸਨ। ਇਨ੍ਹਾਂ ਸਲੋਕਾਂ ਵਿਚ ਰੂੜ੍ਹ-ਪਰੰਪਰਾਵਾਂ, ਧਾਰਮਿਕ ਕਰਮ-ਕਾਂਡਾਂ ਅਤੇ ਸਮਾਜਿਕ ਹੱਦਬੰਦੀਆਂ ਦੀ ਆਲੋਚਨਾ ਕਰ ਕੇ ਉਨ੍ਹਾਂ ਦੇ ਸਮਾਨਾਂਤਰ ਨਵੀਨ, ਯੁਗ ਅਨੁਕੂਲ ਕਲਿਆਣਕਾਰੀ ਉਪਦੇਸ਼ ਦਿੱਤੇ ਗਏ ਹਨ। ਇਸੇ ਤਰ੍ਹਾਂ ਇਹ ਸਲੋਕ ਵਾਰ ਦੇ ਮੁੱਖ ਪ੍ਰਯੋਜਨ ਤੋਂ ਕੁਝ ਹਟ ਕੇ ਧਾਰਮਿਕ-ਸਮਾਜਿਕ ਟਿਪਣੀ ਦੇ ਰੂਪ ਵਿਚ ਪੇਸ਼ ਹੋਏ ਹਨ। ਇਨ੍ਹਾਂ ਵਿਚ ਤਰਕ-ਵਿਤਰਕ ਅਤੇ ਬੌਧਿਕਤਾ ਦਾ ਅੰਸ਼ ਅਧਿਕ ਹੈ।

ਇਸ ਵਿਚਾਰ ਤੋਂ ਸਪੱਸ਼ਟ ਹੈ ਕਿ 'ਆਸਾ ਦੀ ਵਾਰ' ਦੀ ਅੰਤਰ-ਦ੍ਰਿਸ਼ਟੀ ਦ੍ਵੈ-ਪੱਖੀ ਹੈ। ਉਸ ਦੇ ਇਕ ਪੱਖ ਦਾ ਸੰਬੰਧ ਲਾ-ਸ਼ਰੀਕ ਨਾਇਕ ਦੇ ਜਸ-ਵਰਣਨ ਨਾਲ ਹੈ ਅਤੇ ਦੂਜੇ ਪੱਖ ਦਾ ਧਰਮ ਅਤੇ ਸਮਾਜ ਦੀ ਪੁਨਰ-ਉਸਾਰੀ ਨਾਲ ਹੈ।

ਪਹਿਲੇ ਪੱਖ ਦੀ ਸਥਾਪਨਾ ਪਹਿਲੀ ਪਉੜੀ ਤੋਂ ਹੀ ਹੋ ਜਾਂਦੀ ਹੈ, ਜਿਸ ਵਿਚ ਪਰਮਾਤਮਾ ਦੇ ਆਪਣੇ ਆਪ ਹੋਂਦ ਵਿਚ ਆਉਣ ਅਤੇ ਫਿਰ ਆਪਣੇ ਤੋਂ ਹੀ ਸਾਰੀ ਸ੍ਰਿਸ਼ਟੀ ਦੀ ਉਤਪਤੀ ਕਰ ਕੇ ਖ਼ੁਦ ਉਸ ਵਿਚ ਸਥਿਤ ਹੋਣ ਦੀ ਗੱਲ ਕਹੀ ਗਈ ਹੈ। ਉਹੀ ਇਸ ਸ੍ਰਿਸ਼ਟੀ ਦੇ ਸਿਰਜਨ ਅਤੇ ਵਿਨਾਸ਼ ਦਾ ਕਾਰਣ ਰੂਪ ਹੈ:

> ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥
> ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥੧॥ *(ਪੰਨਾ ੪੬੩)*

ਪਰਮ ਸੱਤਾ ਨੇ ਸ੍ਰਿਸ਼ਟੀ ਦੀ ਉਤਪਤੀ ਦੇ ਨਾਲ ਨਾਲ ਉਸ ਦੀ ਸਥਿਤੀ ਵੀ ਪ੍ਰਗਟ ਕੀਤੀ ਹੈ। ਪ੍ਰਾਣੀਆਂ ਨੂੰ ਕਰਮਾਂ ਅਨੁਸਾਰ ਫਲ ਦੇਣ ਲਈ ਧਰਮ ਰਾਜ ਦੀ ਵਿਵਸਥਾ ਕੀਤੀ ਹੈ। ਇਸ ਵਿਵਸਥਾ ਕਰਕੇ ਕੋਈ ਝੂਠਾ ਪੁਰਸ਼ ਪਰਮਾਤੱਮਾ ਦੇ ਦੁਆਰ 'ਤੇ ਟਿਕ ਨਹੀਂ ਸਕਦਾ:

ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥
(ਪੰਨਾ ੪੬੩)

ਉਹ ਪਰਮਾਤਮਾ ਨਿਰਭਉ ਹੈ, ਇਹ ਤੱਥ ਮੂਲ-ਮੰਤਰ ਤੋਂ ਸਪੱਸ਼ਟ ਹੈ। ਉਂਜ ਉਸ ਦੇ ਭੈ ਵਿਚ ਸਾਰੀ ਸ੍ਰਿਸ਼ਟੀ ਦਾ ਸੰਚਾਲਨ ਹੋ ਰਿਹਾ ਹੈ:

ਭੈ ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ ॥੧॥੪॥ *(ਪੰਨਾ ੪੬੪)*

ਇਸ ਤਰ੍ਹਾਂ ਸਾਰੀ ਸ੍ਰਿਸ਼ਟੀ ਪਰਮਾਤਮਾ ਦੁਆਰਾ ਪੈਦਾ ਕੀਤੀ ਅਤੇ ਉਸ ਦੁਆਰਾ ਅਨੁਸ਼ਾਸਿਤ ਹੈ। ਇਸ ਸ੍ਰਿਸ਼ਟੀ ਨੂੰ ਸੱਚਾ ਵੀ ਕਿਹਾ ਗਿਆ ਹੈ। ਇਸ ਦੀਆਂ ਸਾਰੀਆਂ ਵਸਤੂਆਂ ਸੱਚੀਆਂ ਹਨ:

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥
ਸਚੇ ਤੇਰੇ ਲੋਅ ਸਚੇ ਆਕਾਰ ॥
ਸਚੇ ਤੇਰੇ ਕਰਣੇ ਸਰਬ ਬੀਚਾਰ ॥
ਸਚਾ ਤੇਰਾ ਅਮਰੁ ਸਚਾ ਦੀਬਾਣੁ ॥...
ਸਚੀ ਤੇਰੀ ਸਿਫਤਿ ਸਚੀ ਸਾਲਾਹ ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥੧॥੨॥ *(ਪੰਨਾ ੪੬੩)*

ਪਰਮਾਤਮਾ ਅਤੇ ਸ੍ਰਿਸ਼ਟੀ ਜੇ ਦੋਵੇਂ ਸੱਚੇ ਹਨ, ਤਾਂ ਫਿਰ ਇਥੇ ਦੋਹਾਂ ਵਿਚ ਬਰਾਬਰੀ ਦੀ ਭਾਵਨਾ ਦਾ ਅਹਿਸਾਸ ਹੁੰਦਾ ਹੈ। ਪਰ ਇਸ ਗੱਲ ਦਾ ਖੰਡਨ 'ਆਸਾ ਦੀ ਵਾਰ' ਵਿਚ ਕਰਦੇ ਹੋਇਆਂ ਗੁਰੂ ਜੀ ਨੇ ਸਭ ਨੂੰ ਕੂੜ ਜਾਂ ਮਿਥਿਆ ਮੰਨ ਕੇ ਇਹ ਸਥਾਪਨਾ ਕੀਤੀ ਗਈ ਹੈ ਕਿ ਸਾਰਾ ਸੰਸਾਰ ਨਾਸ਼ਮਾਨ ਹੈ, ਇਸ ਦੇ ਕਿਸੇ ਤੱਤ ਨਾਲ ਦੋਸਤੀ ਜਾਂ ਮਿੱਤਰਤਾ ਕਾਇਮ ਨਹੀਂ ਕੀਤੀ ਜਾ ਸਕਦੀ:

ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥...੧॥੧੦॥ (ਪੰਨਾ ੪੬੮)

ਸ੍ਰਿਸ਼ਟੀ ਨੂੰ ਸੱਚਾ ਅਤੇ ਝੂਠਾ ਦੋਹਾਂ ਤਰ੍ਹਾਂ ਦਾ ਮੰਨ ਕੇ ਕੀ ਗੁਰੂ ਜੀ ਦੇ ਕਥਨ ਵਿਚ ਸਵੈ-ਵਿਰੋਧ ਪੈਦਾ ਨਹੀਂ ਹੋ ਜਾਂਦਾ? ਇਸ ਸ਼ੰਕਾ ਦਾ ਉੱਤਰ ਸਰਲਤਾ-ਪੂਰਵਕ ਨਾਂਹ ਵਿਚ ਦਿੱਤਾ ਜਾ ਸਕਦਾ ਹੈ, ਕਿਉਂਕਿ ਸੱਚੇ ਪਰਮਾਤਮਾ ਦੁਆਰਾ ਪੈਦਾ ਕੀਤੀ ਹੋਣ ਕਰਕੇ ਅਤੇ ਵਿਵਹਾਰ ਵਿਚ ਆਉਣ ਕਰਕੇ ਸ੍ਰਿਸ਼ਟੀ ਦੀ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸ ਲਈ ਵਿਵਹਾਰਿਕ ਤੌਰ 'ਤੇ ਇਹ ਸੱਚੀ ਹੈ, ਪਰ ਪਰਮਾਰਥਿਕ ਤੌਰ 'ਤੇ ਇਹ ਉਸ ਸੀਮਾ ਅਤੇ ਪਰਿਮਾਣ ਵਿਚ ਸੱਚੀ ਨਹੀਂ ਹੈ, ਜਿਸ ਤਰ੍ਹਾਂ ਕਿ ਪਰਮ-ਸੱਤਾ ਖ਼ੁਦ ਹੈ। ਇਸ ਲਈ ਪਰਮਾਤਮਾ ਵਾਸਤਵਿਕ ਸਤਿ ਹੈ, ਜਦ ਕਿ ਬਾਕੀ ਸਭ ਕੁਝ ਵਿਵਹਾਰਿਕ ਸਤਿ ਹੈ। ਵਾਸਤਵਿਕ ਸਤਿ ਵਿਵਹਾਰਿਕ ਸਤਿ ਦੇ ਸਮਤੁਲ ਨਹੀਂ ਹੋ ਸਕਦਾ।

ਸੰਸਾਰ ਵਿਚ ਮਨੁੱਖਾਂ ਦਾ ਕਲਿਆਣ ਕਰਨ ਵਾਲਾ ਉਪਕਾਰਕ ਗੁਰੂ ਹੈ। ਪਰ ਗੁਰੂ ਦੀ ਵੀ ਕੋਈ ਸੁਤੰਤਰ ਸੱਤਾ ਨਹੀਂ, ਸਗੋਂ ਉਹ ਪਰਮਾਤਮਾ ਦਾ ਪ੍ਰਤਿਨਿਧ ਹੈ—"ਗੁਰ ਮਹਿ ਆਪੁ ਰਖਿਆ ਕਰਤਾਰੇ ॥"[੧] 'ਆਸਾ ਦੀ ਵਾਰ' ਵਿਚ ਵੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ:

ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥...੬॥
(ਪੰਨਾ ੪੬੬)

ਅਸਲ ਵਿਚ, ਗੁਰੂ ਨਾਨਕ ਦੇਵ ਜੀ ਜਦੋਂ ਗੁਰੂ ਦੇ ਸੂਖਮ ਰੂਪ ਨੂੰ ਪ੍ਰਗਟ ਕਰਨਾ ਚਾਹੁੰਦੇ ਹਨ, ਤਾਂ ਉਹ ਪਰਮਾਤਮਾ ਹੋ ਨਿਬੜਦਾ ਹੈ, ਅਤੇ ਜੇ ਪਰਮਾਤਮਾ ਦੇ ਸਥੂਲ ਰੂਪ ਨੂੰ ਚਿਤਰਨਾ ਚਾਹੁੰਦੇ ਹਨ ਤਾਂ ਉਹ ਗੁਰੂ ਰੂਪ ਹੋ ਜਾਂਦਾ ਹੈ। ਇਸ ਤਰ੍ਹਾਂ ਪਰਮਾਤਮਾ ਅਤੇ ਗੁਰੂ ਦੋਵੇਂ ਅਭਿੰਨ ਹਨ। ਇਥੇ ਵੀ ਸਪੱਸ਼ਟ ਹੈ ਕਿ ਪਰਮ-ਸੱਤਾ ਸਰਬ-ਸ੍ਰੇਸ਼ਟ ਅਤੇ ਸਭ ਤੋਂ ਉਪਰ ਹੈ।

ਸਪੱਸ਼ਟ ਹੈ ਕਿ ਪਰਮਾਤਮਾ ਦਾ ਕੋਈ ਵਿਰੋਧੀ ਜਾਂ ਪ੍ਰਤਿਨਾਇਕ ਨਹੀਂ, ਉਹ ਲਾ-ਸ਼ਰੀਕ ਹੈ, ਉਸ ਦੀ ਹਸਤੀ ਸਦੀਵੀ ਅਤੇ ਕਾਲ-ਅਤੀਤ ਹੈ। ਪ੍ਰਤਿਨਾਇਕ ਦੀ ਲੋੜ ਰੱਖਣ ਵਾਲੇ ਵਾਰ-ਕਾਵਿ ਰੂਪ ਰਾਹੀਂ ਵੀ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਸੁਤੰਤਰ ਸਰੂਪ ਨੂੰ ਸਥਾਪਿਤ ਕਰ ਦਿੱਤਾ ਹੈ।

'ਆਸਾ ਦੀ ਵਾਰ' ਦੀ ਅੰਤਰ-ਦ੍ਰਿਸ਼ਟੀ ਦੇ ਦੂਜੇ ਪੱਖ ਦਾ ਸੰਬੰਧ ਧਰਮ ਅਤੇ ਸਮਾਜ ਦੀ ਪੁਨਰ ਸਿਰਜਨਾ ਨਾਲ ਹੈ। ਸਲੋਕਾਂ ਦੇ ਸ਼ਾਮਲ ਕਰਨ ਨਾਲ ਰਹੱਸਵਾਦੀ ਅਨੁਭਵ ਦੇ ਪ੍ਰਗਟਾ ਵਿਚ ਤਰਕ-ਵਿਤਰਕ ਦਾ ਉਘਾੜ ਹੋਇਆ ਹੈ। ਗੁਰਬਾਣੀ ਦਾ ਸਮੁੱਚਾ ਉਦੇਸ਼ ਮਨੁੱਖ ਦਾ ਕਲਿਆਣ ਕਰਨਾ ਹੈ। ਇਹ ਕਲਿਆਣ ਤਦ ਹੀ ਸੰਭਵ ਹੋ ਸਕਦਾ ਹੈ ਕਿ ਪਹਿਲਾਂ ਪ੍ਰਚਲਿਤ ਉਹ ਕੀਮਤਾਂ, ਜੋ ਉਸ ਯੁੱਗ ਵਿਚ ਆਪਣਾ ਮਹੱਤਵ ਖ਼ਤਮ ਕਰ ਬੈਠੀਆਂ ਸਨ ਜਾਂ ਵਿਅਰਥ ਸਿਧ ਹੋ ਚੁੱਕੀਆਂ ਸਨ, ਉਨ੍ਹਾਂ ਦੀ ਥਾਂ 'ਤੇ ਨਵੀਆਂ ਕੀਮਤਾਂ ਦੀ ਸਥਾਪਨਾ ਕੀਤੀ ਜਾਏ। ਇਨ੍ਹਾਂ ਕੀਮਤਾਂ ਦਾ ਸੰਬੰਧ

੧. ਮਾਰੂ ਮ: ੧, ਅੰਕ ੧੫, ਪੰਨਾ ੧੦੨੪.

ਧਰਮ ਅਤੇ ਸਮਾਜ ਨਾਲ ਹੋਣ ਕਾਰਣ ਗੁਰੂ ਜੀ ਨੇ ਅਧਿਕਤਰ ਇਨ੍ਹਾਂ ਬਾਰੇ ਟਿੱਪਣੀ ਦੇ ਕੇ ਆਪਣੇ ਉਸਾਰੂ ਸੁਝਾ ਦਿੱਤੇ ਹਨ। ਕਿਉਂਕਿ ਗੁਰੂ ਸਾਹਿਬ ਦਾ ਉਦੇਸ਼ ਮਾਨਵ-ਧਰਮ ਦੀ ਸਥਾਪਨਾ ਕਰਨਾ ਸੀ। ਅਜਿਹਾ ਕਰਨ ਵੇਲੇ ਧਰਮ ਨਾਲੋਂ ਸਮਾਜ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਇਹ ਦੋਵੇਂ ਇਕ ਦੂਜੇ ਉੱਤੇ ਨਿਰਭਰ ਹਨ, ਪਰਸਪਰ ਸੰਬੰਧਿਤ ਹਨ। ਇਹੀ ਕਾਰਣ ਹੈ ਕਿ ਸਮਾਜ ਦੀ ਹਾਨੀ ਨਾਲ ਧਰਮ ਦੀ ਹਾਨੀ ਹੋਣੀ ਸੁਭਾਵਿਕ ਹੈ। ਗੁਰੂ ਨਾਨਕ ਦੇਵ ਜੀ ਵੇਲੇ ਸਮਾਜਿਕ ਤੰਗ-ਨਜ਼ਰੀ ਅਤੇ ਅਨਾਚਾਰਾਂ ਦਾ ਮੂਲ ਕਾਰਣ ਧਾਰਮਿਕ ਤੰਗ-ਦਿਲੀ ਸੀ। ਉਦੋਂ ਲੋਕਾਂ ਨੇ ਪ੍ਰਮੁਖ ਧਰਮਾਂ ਦੀਆਂ ਉਦਾਰ ਅਤੇ ਸਰਬ-ਭੌਮਿਕ ਮਾਨਤਾਵਾਂ ਨੂੰ ਭੁਲਾ ਕੇ ਸੰਪ੍ਰਦਾਇਕਤਾ ਤੋਂ ਪੈਦਾ ਹੋਣ ਵਾਲੀਆਂ ਸਾਰੀਆਂ ਕਲੁਖਤ ਪ੍ਰਵਿਰਤੀਆਂ ਨੂੰ ਗ੍ਰਹਿਣ ਕਰ ਲਿਆ ਸੀ। ਗੁਰੂ ਨਾਨਕ ਦੇਵ ਜੀ ਨੇ ਧਰਮ ਦੀ ਡਿੱਗੀ ਹੋਈ ਜਿਸ ਵਿਵਸਥਾ ਨੂੰ ਸੁਧਾਰਨ ਲਈ ਜੋ ਨਵਾਂ ਦ੍ਰਿਸ਼ਟੀਕੋਣ ਪੇਸ਼ ਕੀਤਾ, ਉਸ ਨੂੰ ਵਿਵਹਾਰਿਕ ਰੂਪ ਸਮਾਜ ਰਾਹੀਂ ਪ੍ਰਾਪਤ ਹੋਣਾ ਸੀ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਧਰਮ-ਸੁਧਾਰ ਨੂੰ ਸਮਾਜਿਕ ਸੰਦਰਭ ਤੋਂ ਵੱਖ ਨਹੀਂ ਕੀਤਾ।

ਉਸ ਵੇਲੇ ਧਰਮ ਵਿਚ ਨਿਰੇ ਪਾਖੰਡ ਰਹਿ ਗਏ ਸਨ, ਸੱਚੀ ਭਾਵਨਾ ਖ਼ਤਮ ਹੋ ਚੁੱਕੀ ਸੀ। ਬਿਨਾਂ ਭਾਵਨਾ ਦੇ ਪੜ੍ਹਨਾ, ਤੀਰਥ ਯਾਤਰਾ ਕਰਨਾ, ਭੇਖ ਧਾਰਨ ਕਰਨਾ, ਵਰਤ ਰੱਖਣਾ, ਨੰਗੇ ਰਹਿਣਾ, ਮੌਨ ਧਾਰਨ ਕਰਨਾ, ਨੰਗੇ ਪੈਰੀਂ ਤੁਰਨਾ, ਆਦਿ ਸਾਰੇ ਕਰਮ ਵਿਅਰਥ ਹਨ, ਕਿਉਂਕਿ ਸੱਚੇ ਨਾਮ ਤੋਂ ਬਿਨਾਂ ਪ੍ਰਤਿਸ਼ਟਾ ਦੀ ਪ੍ਰਾਪਤੀ ਸੰਭਵ ਨਹੀਂ ਹੈ:

ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥
ਬਹੁ ਤੀਰਥ ਭਵਿਆ॥ ਤੇਤੋ ਲਵਿਆ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ॥
ਸਹੁ ਵੇ ਜੀਆ ਅਪਣਾ ਕੀਆ॥
ਅੰਨੁ ਨ ਖਾਇਆ ਸਾਦੁ ਗਵਾਇਆ॥
ਬਹੁ ਦੁਖੁ ਪਾਇਆ ਦੂਜਾ ਭਾਇਆ॥
ਬਸਤ੍ਰ ਨ ਪਹਿਰੈ॥ ਅਹਿਨਿਸਿ ਕਹਰੈ॥
ਮੋਨਿ ਵਿਗੂਤਾ॥ ਕਿਉ ਜਾਗੈ ਗੁਰ ਬਿਨੁ ਸੂਤਾ॥
ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥
ਅਲੁ ਮਲੁ ਖਾਈ ਸਿਰਿ ਛਾਈ ਪਾਈ॥
ਮੂਰਖਿ ਅੰਧੈ ਪਤਿ ਗਵਾਈ॥
ਵਿਣੁ ਨਾਵੈ ਕਿਛੁ ਥਾਇ ਨ ਪਾਈ॥...੨॥੯॥ (ਪੰਨਾ ੪੬੭)

ਧਰਮ ਦੇ ਖੇਤਰ ਵਿਚ ਪਸਰੇ ਇਨ੍ਹਾਂ ਸਾਰਿਆਂ ਵਿਕਾਰਾਂ ਨੂੰ ਤਿਆਗਣ ਲਈ ਗੁਰੂ ਜੀ ਨੇ ਐਲਾਨ ਕੀਤਾ ਹੈ:

ਛੋਡੀਲੇ ਪਾਖੰਡਾ॥
ਨਾਮਿ ਲਇਐ ਜਾਹਿ ਤਰੰਦਾ॥੧॥੧੬॥ (ਪੰਨਾ ੪੭੧)

ਇਥੇ ਇਹ ਗੱਲ ਧਿਆਨ ਰੱਖਣ ਵਾਲੀ ਹੈ ਕਿ ਗੁਰੂ ਜੀ ਨੇ ਕਿਸੇ ਧਾਰਮਿਕ ਕਰਮ ਨੂੰ ਖ਼ਤਮ ਕਰ ਕੇ ਉਸ ਦੀ ਥਾਂ 'ਤੇ ਕਿਸੇ ਨਵੇਂ ਕਰਮ ਦੀ ਸਥਾਪਨਾ ਨਹੀਂ ਕੀਤੀ, ਸਗੋਂ ਉਸ ਕਰਮ ਦੀ ਅਸਲੀਅਤ ਨੂੰ ਪੇਸ਼ ਕੀਤਾ ਹੈ। ਇਸ ਨਾਲ ਪਾਖੰਡਾਂ ਦੇ ਖ਼ਤਮ ਹੋਣ ਦੀ ਸੰਭਾਵਨਾ ਵਧੀ ਹੈ ਅਤੇ ਸਵੱਛ ਭਾਵਨਾ ਨੂੰ ਵਿਕਸਿਤ ਹੋਣ ਦਾ ਅਵਸਰ ਮਿਲਿਆ ਹੈ, ਜੋ ਕਿਸੇ ਵੀ ਧਰਮ ਦਾ ਮੂਲ ਆਧਾਰ ਹੋ ਸਕਦਾ ਹੈ।

ਮਨੁੱਖ ਸਮਾਜ ਦੀ ਇਕਾਈ ਹੈ ਅਤੇ ਸਮਾਜ ਮਨੁੱਖ ਦੇ ਸਮੁੱਚ ਦਾ ਬੋਧਕ ਹੈ। ਸਮਾਜ ਦਾ ਸਰੂਪ-ਨਿਰਮਾਣ ਵਿਅਕਤੀ ਦੇ ਆਚਾਰ-ਵਿਚਾਰ ਉੱਤੇ ਨਿਰਭਰ ਕਰਦਾ ਹੈ। ਜੇ ਵਿਅਕਤੀ ਕਰਤੱਵ ਤੋਂ ਡਿਗ ਜਾਏ ਤਾਂ ਸਮਾਜ ਦੀ ਵਿਵਸਥਾ ਵਿਗੜ ਜਾਂਦੀ ਹੈ। ਸਮਾਜ ਦਾ ਸੁਧਾਰ ਕਰਨ ਲਈ ਅਕਸਰ ਯੁੱਗ-ਪੁਰਸ਼ਾਂ ਦਾ ਜਨਮ ਹੁੰਦਾ ਹੈ। ਇਹ ਯੁੱਗ-ਪੁਰਸ਼ ਯੁੱਗ ਪ੍ਰਸੂਤ ਹੁੰਦੇ ਹਨ। ਯੁੱਗ ਦਾ ਤਨਾਓ ਹੀ ਉਨ੍ਹਾਂ ਦੇ ਜਨਮ ਦਾ ਕਾਰਨ ਬਣਦਾ ਹੈ। ਗੁਰੂ ਨਾਨਕ ਦੇਵ ਜੀ ਅਜਿਹੇ ਹੀ ਯੁੱਗ-ਪੁਰਸ਼ ਸਨ, ਜਿਨ੍ਹਾਂ ਨੇ ਖਿੰਡੇ-ਪੁੰਡੇ ਅਤੇ ਰਸਾਤਲ-ਗਾਮੀ-ਸਮਾਜ ਨੂੰ ਉਬਾਰ ਲਿਆ ਅਤੇ ਅਨਾਚਾਰ ਦੇ ਉਮੜੇ ਹੋਏ ਹੜ੍ਹ ਨੂੰ ਆਪਣੀ ਬਾਂਹ ਉਲਾਰ ਕੇ ਠਲ੍ਹ ਲਿਆ।

ਗੁਰੂ ਜੀ ਨੇ ਇਸ ਵਾਰ ਵਿਚ ਸਮਾਜ ਦੇ ਅੱਧੇ ਅੰਗ, ਅਰਥਾਤ, ਇਸਤ੍ਰੀ ਜਾਤਿ ਪ੍ਰਤਿ ਘਿਰਣਿਤ ਦ੍ਰਿਸ਼ਟੀਕੋਣ ਨੂੰ ਬਦਲਣ ਲਈ, ਨਾਰੀ ਦਾ ਪੱਖ ਪੂਰਿਆ ਅਤੇ ਉਸ ਨੂੰ ਸਹੀ ਅਰਥਾਂ ਵਿਚ ਸਨਮਾਨਿਤ ਕਰਨ ਦੀ ਪ੍ਰੇਰਨਾ ਦਿੱਤੀ।

ਗੁਰੂ ਜੀ ਨੇ ਇਸ ਵਾਰ ਵਿਚ ਹਉਮੈ ਨੂੰ ਦੂਰ ਕਰਨ ਉੱਤੇ ਵੀ ਬਹੁਤ ਬਲ ਦਿੱਤਾ ਹੈ। ਹਉਮੈ ਵਿਅਕਤੀ ਤੋਂ ਸਮਾਜ ਵੱਲ ਪਸਰਿਆ ਇਕ ਪ੍ਰਬਲ ਸਮਾਜਿਕ ਰੋਗ ਹੈ। ਜਦ ਤਕ ਹਉਮੈ ਨੂੰ ਸਮਝ ਕੇ ਇਸ ਦਾ ਨਿਵਾਰਣ ਨਹੀਂ ਕੀਤਾ ਜਾਂਦਾ, ਤਦ ਤਕ ਕੋਈ ਵਿਅਕਤੀ ਸਫਲ-ਮਨੋਰਥ ਨਹੀਂ ਹੋ ਸਕਦਾ :

> **ਹਉਮੈ ਬੂਝੈ ਤਾ ਦਰੁ ਸੂਝੈ ॥**
> **ਗਿਆਨ ਵਿਹੂਣਾ ਕਥਿ ਕਥਿ ਲੂਝੈ ॥...੧॥੭॥** *(ਪੰਨਾ ੪੬੬)*

ਚੰਗੇ ਸਮਾਜ ਲਈ ਜਾਤਿ ਭੇਦ-ਭਾਵ ਵਿਅਰਥ ਹੈ, ਕਿਉਂਕਿ ਪਰਮਾਤਮਾ ਦੇ ਦੁਆਰ 'ਤੇ ਇਸ ਦਾ ਕੋਈ ਮਹੱਤਵ ਨਹੀਂ :

> **ਅਗੈ ਜਾਤਿ ਨ ਜੋਰੁ ਹੈ, ਅਗੈ ਜੀਉ ਨਵੇ ॥...੩॥੧੧॥** *(ਪੰਨਾ ੪੬੯)*

ਮਿੱਠਾ ਬੋਲਣ ਦੀ ਗੱਲ ਸਿੰਬਲ ਦੇ ਬ੍ਰਿਛ ਦੇ ਫਿੱਕੇ ਫੁੱਲਾਂ ਅਤੇ ਬਕਬਕੇ ਫਲਾਂ ਰਾਹੀਂ ਸਮਝਾਈ ਹੈ। ਹਰ ਇਕ ਦੇ ਨਾਲ ਚੰਗੀ ਤਰ੍ਹਾਂ ਬੋਲਣਾ ਜਾਂ ਚੰਗਾ ਸਲੂਕ ਕਰਨਾ ਵੀ ਮਨੁੱਖ ਦਾ ਵਿਸ਼ੇਸ਼ ਗੁਣ ਹੈ। ਫਿੱਕਾ ਬੋਲਣਾ ਹਰ ਪ੍ਰਕਾਰ ਦੇ ਅਪਮਾਨ ਦੀ ਜੜ੍ਹ ਹੈ :

> **ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥**
> **ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥**
> **ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥**
> **ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥੧॥੨੦॥** *(ਪੰਨਾ ੪੭੩)*

ਇਸੇ ਤਰ੍ਹਾਂ ਸੇਵਾ ਕਰਨ ਦਾ ਭਾਵ ਵੀ ਗੁਰੂ ਜੀ ਨੇ ਚੰਗੀ ਤਰ੍ਹਾਂ ਦ੍ਰਿੜ੍ਹਾਇਆ ਹੈ:

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥...੧॥੨੨॥ (ਪੰਨਾ ੪੭੪)

ਸਾਰਾਂਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ 'ਆਸਾ ਦੀ ਵਾਰ' ਦੀ ਅੰਤਰ-ਦ੍ਰਿਸ਼ਟੀ ਦਾ ਇਕ ਪੱਖ ਪਰਮਾਤਮਾ ਦੀ ਸਰਬ ਉਪਰਲੀ ਸੱਤਾ ਨੂੰ ਸਪੱਸ਼ਟ ਕਰ ਕੇ ਉਸ ਦਾ ਜਸ-ਵਰਣਨ ਕਰਨਾ ਹੈ ਅਤੇ ਦੂਜਾ ਪੱਖ ਮਨੁੱਖ ਨੂੰ ਸ੍ਰੇਸ਼ਟ ਮਨੁੱਖ ਬਣਾਉਣ ਲਈ, ਉਸ ਦੇ ਆਚਾਰ-ਵਿਚਾਰ ਨੂੰ ਸੰਵਾਰ ਕੇ ਧਰਮ ਅਤੇ ਸਮਾਜ ਵਿਚ ਨਵ-ਨਿਰਮਾਣ ਦੀਆਂ ਪ੍ਰਵਿਰਤੀਆਂ ਨੂੰ ਉਤਸ਼ਾਹਿਤ ਕਰਨਾ ਹੈ।

•

ਗੁਰੂ ਅਮਰਦਾਸ ਜੀ ਦਾ ਆਨੰਦ-ਸਿਧਾਂਤ

ਗੁਰੂ ਅਮਰਦਾਸ ਜੀ ਦਾ ਆਨੰਦ-ਸਿੱਧਾਂਤ ਉਨ੍ਹਾਂ ਦੀ ਸੁਪ੍ਰਸਿੱਧ ਰਚਨਾ 'ਅਨੰਦੁ ਸਾਹਿਬ' ਵਿਚ ਸਮੋਇਆ ਹੋਇਆ ਹੈ। ਆਤਮਾ ਅਤੇ ਪਰਮਾਤਮਾ ਦੇ ਪਰਸਪਰ ਰਿਸ਼ਤੇ ਦੇ ਮਾਧਿਅਮ ਰਾਹੀਂ 'ਜਗਤ ਜਲੰਦੇ' ਨੂੰ ਠਾਰਨ ਲਈ ਗੁਰੂ ਜੀ ਨੇ ਇਸ ਰਚਨਾ ਦੀ ਸਿਰਜਨਾ ਕਰ ਕੇ, ਗੁਰਮਤਿ ਦੀ ਇਕ ਮਹੱਤਵਪੂਰਨ ਭਾਵ-ਧਾਰਾ ਦਾ ਵਿਸਤਰਿਤ ਸਰੂਪ-ਚਿੱਤ੍ਰਣ ਕੀਤਾ ਹੈ। ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ 'ਜਪੁ ਜੀ', ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ 'ਸੁਖਮਨੀ ਸਾਹਿਬ' ਦਾ ਮਹੱਤਵ ਅਤੇ ਸਥਾਨ ਹੈ, ਉਹੀ 'ਅਨੰਦੁ ਸਾਹਿਬ' ਦਾ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਹੈ। ਮੱਧ ਯੁੱਗ ਦੀ ਭਗਤੀ-ਸਾਧਨਾ ਨੂੰ ਗੁਰੂ ਜੀ ਦੀ ਇਹ ਇਕ ਅਭੁੱਲ ਦੇਣ ਹੈ।

ਪਰੰਪਰਾ

ਭਾਰਤ ਵਿਚ ਆਨੰਦ ਦਾ ਸੰਕਲਪ ਬਹੁਤ ਪੁਰਾਣਾ ਹੈ। ਇਥੋਂ ਤਕ ਕਿ ਸਾਹਿੱਤ ਵਿਚ ਰਸ ਦੀ ਜੋ ਕਲਪਣਾ ਕੀਤੀ ਗਈ ਹੈ, ਉਸ ਨੂੰ ਇਸ ਆਨੰਦ ਦਾ ਸਹੋਦਰ (ਸਕਾ ਭਰਾ) ਮੰਨਿਆ ਗਿਆ ਹੈ। ਆਨੰਦ-ਸਿੱਧਾਂਤ ਦਾ ਆਰੰਭ ਵੇਦਿਕ ਕਾਲ ਦੇ ਆਤਮਵਾਦ ਤੋਂ ਹੋਇਆ ਮੰਨਿਆ ਜਾਂਦਾ ਹੈ। ਉਪਨਿਸ਼ਦਾਂ ਵਿਚ ਆਤਮਾ ਨੂੰ ਆਨੰਦ ਸਰੂਪੀ ਦੱਸਿਆ ਗਿਆ ਹੈ। ਆਨੰਦ ਦੀ ਪ੍ਰਾਪਤੀ ਭੇਦ-ਬੁੱਧੀ ਤੋਂ ਨਹੀਂ, ਸ਼ਰਧਾ ਤੋਂ ਹੁੰਦੀ ਹੈ। ਅਦਵੈਤਵਾਦ ਦੀ ਭੂਮਿਕਾ 'ਤੇ ਇਸ ਦਾ ਭਵਨ ਉਸਰਦਾ ਹੈ ਅਤੇ ਭਗਤੀ ਦੇ ਖੇਤਰ ਵਿਚ ਇਹ ਪ੍ਰੇਮ-ਸਾਧਨਾ ਦਾ ਰੂਪ ਧਾਰਨ ਕਰਦੀ ਹੈ।

ਸਰੂਪ

ਅਸਲ ਵਿਚ ਆਨੰਦ ਬ੍ਰਹਮ ਦਾ ਵਾਚਕ ਹੈ। *ਤਤਿਰੀਯ ਉਪਨਿਸ਼ਦ* ਅਨੁਸਾਰ ਉਹ ਰਸ ਹੀ ਹੈ, ਇਸ ਰਸ ਨੂੰ ਪ੍ਰਾਪਤ ਕਰ ਕੇ ਪੁਰਸ਼ ਆਨੰਦੀ ਹੋ ਜਾਂਦਾ ਹੈ। ਇਹ ਰਸ ਸਭ ਨੂੰ ਆਨੰਦਿਤ ਕਰਨ ਵਾਲਾ ਹੈ। ਇਸ ਉਪਨਿਸ਼ਦ ਵਿਚ ਜਗਤ ਦੇ ਸਾਰੇ ਪਦਾਰਥਾਂ ਦਾ ਕਾਰਣ, ਆਧਾਰ ਅਤੇ ਲਯ ਆਨੰਦ ਹੀ ਦੱਸਿਆ ਗਿਆ ਹੈ। ਆਨੰਦ ਦਾ ਮੂਲ ਆਧਾਰ ਅਭੈਤਾ/ਨਿਰਭੈਤਾ ਹੈ। ਅਭੈ-ਪਦ ਦੀ ਪ੍ਰਾਪਤੀ ਅਦਵੈਤ ਦੇ ਅਨੁਭਵ ਨਾਲ ਹੁੰਦੀ ਹੈ। ਇਹ ਨਿੱਤ ਰਹਿਣ ਵਾਲੀ ਸਥਾਈ ਵਸਤੂ ਹੈ। ਹਰ ਅਵਸਥਾ ਵਿਚ ਇਸ ਦੀ ਹੋਂਦ ਕਾਇਮ ਰਹਿੰਦੀ ਹੈ।

ਕਈ ਵਾਰ ਸੁੱਖ ਅਤੇ ਆਨੰਦ ਨੂੰ ਇਕ ਹੀ ਸਮਝ ਲਿਆ ਜਾਂਦਾ ਹੈ। ਪਰ

ਡਾ. ਸੰਗਮ ਲਾਲ ਪਾਂਡੇ ਅਤੇ ਹੋਰ ਦਰਸ਼ਨ-ਸ਼ਾਸਤ੍ਰੀਆਂ ਨੇ ਮੰਨਿਆ ਹੈ ਕਿ ਸੁੱਖ ਦਾ ਦੁੱਖ ਨਾਲ ਪਰਸਪਰ ਦਵੰਦ ਹੈ। ਸੁੱਖ ਪਰਿਵਰਤਨਸ਼ੀਲ, ਅ-ਸਥਿਰ ਅਤੇ ਛਿਣ-ਭੰਗਰ ਹੈ, ਪਰ ਇਨ੍ਹਾਂ ਦੇ ਮੁਕਾਬਲੇ 'ਤੇ ਆਨੰਦ ਨਿੱਤ ਅਤੇ ਸਥਿਰ ਹੈ। ਇਹ ਦਵੰਦ ਦੇ ਅਨੁਭਵ ਤੋਂ ਮੁਕਤ ਹੋ ਕੇ ਅਦਵੈਤ ਦੇ ਅਨੁਭਵ ਦਾ ਲਖਾਇਕ ਹੈ। ਸੁੱਖ ਦਾ ਸੰਬੰਧ ਸਰੀਰ ਅਤੇ ਇੰਦਰੀਆਂ ਨਾਲ ਹੈ ਅਤੇ ਆਨੰਦ ਦਾ ਆਤਮਾ ਨਾਲ। ਸੁੱਖ ਲੌਕਿਕ ਹੈ ਅਤੇ ਆਨੰਦ ਅਲੌਕਿਕ। ਜਿਸ ਵਿਅਕਤੀ ਨੂੰ ਆਨੰਦ ਦਾ ਸੱਚਾ ਸੁਆਦ ਮਿਲ ਜਾਂਦਾ ਹੈ, ਉਸ ਨੂੰ ਹੋਰ ਸਭ ਰਸ ਫਿੱਕੇ ਪ੍ਰਤੀਤ ਹੋਣ ਲੱਗ ਜਾਂਦੇ ਹਨ। ਇਸ ਦਾ ਸੁਆਦ ਗੁੰਗੇ ਦੇ ਗੁੜ ਖਾਣ ਵਾਂਗ ਵਰਣਨ ਤੋਂ ਪਰੇ ਹੈ। ਆਤਮ-ਗਿਆਨ ਦੇ ਨਾ ਰਹਿਣ ਨਾਲ ਆਨੰਦ ਦਾ ਵੀ ਗਿਆਨ ਨਹੀਂ ਹੁੰਦਾ। ਇਸ ਲਈ ਆਤਮ-ਗਿਆਨ ਅਤੇ ਆਨੰਦ ਪਰਸਪਰ ਨਿਰਭਰ ਹਨ। ਸਾਰੇ ਸਾਧਨਾ-ਮਾਰਗ ਆਨੰਦ ਦੀ ਪ੍ਰਾਪਤੀ ਦੇ ਸਾਧਨ ਹਨ। ਆਨੰਦ ਦੀ ਪ੍ਰਾਪਤੀ ਹੀ ਮੋਕਸ਼ ਹੈ। ਇਸ ਦੇ ਪ੍ਰਾਪਤ ਹੋਣ ਨਾਲ, ਪ੍ਰਾਪਤ ਕਰਨ ਦੇ ਯੋਗ ਹੋਰ ਕੋਈ ਵਸਤੂ ਬਾਕੀ ਰਹਿ ਹੀ ਨਹੀਂ ਜਾਂਦੀ।

ਗੁਰੂ ਅਮਰਦਾਸ ਜੀ ਦੀ ਦੇਣ

ਆਨੰਦਵਾਦ ਦੇ ਪਰੰਪਰਾਗਤ ਸਿੱਧਾਂਤ ਦੇ ਵਿਕਾਸ-ਕ੍ਰਮ ਵਿਚ ਗੁਰੂ ਅਮਰਦਾਸ ਜੀ ਦੀ ਵਿਸ਼ੇਸ਼ ਦੇਣ ਹੈ। ਉਂਜ ਤਾਂ ਮੱਧ ਯੁੱਗ ਦੇ ਸਾਰੇ ਰਹੱਸਵਾਦੀ ਸਾਧਕਾਂ ਦਾ ਉਦੇਸ਼ ਆਨੰਦ ਦੀ ਪ੍ਰਾਪਤੀ ਹੀ ਹੈ ਅਤੇ ਇਸ ਗੱਲ ਦੀ ਵਿਸਥਾਰ ਸਹਿਤ ਸਥਾਪਨਾ ਉਨ੍ਹਾਂ ਨੇ ਆਪਣੀਆਂ ਬਾਣੀਆਂ ਵਿਚ ਕੀਤੀ ਹੈ, ਪਰ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ 'ਅਨੰਦੁ ਸਾਹਿਬ' ਵਿਚ ਆਨੰਦਵਾਦੀ ਸਿੱਧਾਂਤ ਦਾ ਗੁਰਮਤਿ ਦੀ ਦ੍ਰਿਸ਼ਟੀ ਤੋਂ ਭਵਨ ਉਸਾਰਿਆ ਹੈ। ਗੁਰੂ ਅਮਰਦਾਸ ਜੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਨੇ 'ਅਨੰਦੁ ਸਾਹਿਬ' ਦੀ ਪਹਿਲੀ ਪਉੜੀ ਵਿਚ ਹੀ ਆਨੰਦ ਦੀ ਪ੍ਰਾਪਤੀ ਸਤਿਗੁਰੂ ਦੀ ਪ੍ਰਾਪਤੀ ਦੇ ਲਾਭ ਵਜੋਂ ਮੰਨਿਆ ਹੈ :

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥...੧॥ (ਪੰਨਾ ੯੧੭)

ਅਰਥਾਤ, ਸਤਿਗੁਰੂ ਦੀ ਪ੍ਰਾਪਤੀ ਹੀ ਆਨੰਦ ਦੀ ਪ੍ਰਾਪਤੀ ਹੈ। ਇਥੇ ਸਤਿਗੁਰੂ ਬ੍ਰਹਮਵਾਚਕ ਹੈ। ਉਹ ਸਰਬ-ਕਲਾ-ਸੰਪੰਨ ਦੁੱਖ ਪਾਪ ਦਾ ਨਾਸ਼ਕ ਅਤੇ ਕਾਲ ਅਤੀਤ ਹੈ। ਉਹ ਅਗੰਮ, ਅਗੋਚਰ ਅਤੇ ਅਨੰਤ ਹੈ। ਜੀਅ ਜੰਤ ਸਭ ਉਸੇ ਦਾ ਖੇਲ ਪਸਾਰਾ ਹਨ। "ਜੀਅ ਜੰਤ ਸਭਿ ਖੇਲੁ ਤੇਰਾ, ਕਿਆ ਕੋ ਆਖਿ ਵਖਾਣਏ॥"[੧] ਉਸ ਦਾ ਇਕ ਪ੍ਰਯਾਯ 'ਸੱਚ' ਵੀ ਹੈ।

ਸਤਿਗੁਰੂ ਦੀ ਪ੍ਰਾਪਤੀ ਲਈ ਗੁਰੂ ਅਮਰਦਾਸ ਜੀ ਅਨੁਸਾਰ ਮਨੁੱਖ ਨੂੰ ਸਦਾ ਭਗਤੀ-ਸਾਧਨਾ ਵਿਚ ਲੀਨ ਰਹਿਣਾ ਚਾਹੀਦਾ ਹੈ ਅਤੇ ਹਰ ਸਮੇਂ ਨਾਮ ਨੂੰ ਹੀ ਮਨ ਵਿਚ ਵਸਾਣਾ ਚਾਹੀਦਾ ਹੈ। ਅਜਿਹੀ ਸਥਿਤੀ ਵਿਚ ਇੱਛਾਵਾਂ-ਬੱਧਾ ਭਰਮਿਤ-ਮਨ ਟਿਕ ਜਾਂਦਾ ਹੈ। ਉਹ ਨਿਰਮਲ ਅਵਸਥਾ ਵਿਚ ਪਹੁੰਚ ਜਾਂਦਾ ਹੈ। ਨਿਰਮਲਤਾ,

੧. ਅਨੰਦੁ, ਪਉੜੀ ੧੨, ਪੰਨਾ ੯੧੮.

ਸਨਮੁਖਤਾ, ਗੁਰਮੁਖਤਾ ਦਾ ਪ੍ਰਤੀਕ ਹੈ। ਇਥੋਂ ਹੀ ਆਨੰਦ-ਮਾਰਗ ਦੀ ਯਾਤਰਾ ਦਾ ਆਰੰਭ ਹੁੰਦਾ ਹੈ।

ਗੁਰੂ ਦਾ ਮਹੱਤਵ

ਗੁਰੂ ਅਮਰਦਾਸ ਜੀ ਅਨੁਸਾਰ ਆਨੰਦ ਦਾ ਬੋਧ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਆਨੰਦ ਦੀ ਪ੍ਰਾਪਤੀ ਲਈ ਗੁਰੂ ਦਾ ਮਹੱਤਵਪੂਰਨ ਰੋਲ ਹੈ: "ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥"[1] ਗੁਰੂ ਦੀ ਪ੍ਰੇਰਨਾ ਨਾਲ ਸਾਧਕ ਦਾ ਸ਼ਬਦ ਨਾਲ ਪਿਆਰ ਪੈਂਦਾ ਹੈ। ਸ਼ਬਦ ਹੀ ਸਰਬ ਸ੍ਰੇਸ਼ਟ ਬਾਣੀ ਹੈ, ਇਹ ਬਾਣੀਆਂ ਸਿਰ ਬਾਣੀ ਹੈ। ਇਸ ਦੇ ਮੁਕਾਬਲੇ ਹੋਰ ਬਾਣੀਆਂ ਸਾਰੀਆਂ ਕੱਚੀਆਂ ਹਨ। ਅਜਿਹੀ ਬਾਣੀ ਦੇ ਜਪਣ ਨਾਲ ਸਾਧਕ ਦੀ ਚਾਲ ਢਾਲ ਅਤੇ ਵਿਅਕਤਿਤਵ ਬਦਲ ਜਾਂਦਾ ਹੈ। ਉਹ ਸਦਾਚਾਰ ਦੇ ਪੱਖ ਤੋਂ ਬਹੁਤ ਉੱਚਾ ਹੋ ਜਾਂਦਾ ਹੈ: "ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥"[2] ਉਹ ਵਿਅਕਤੀ ਆਪ ਹੀ ਪਵਿੱਤਰ ਨਹੀਂ ਹੁੰਦਾ, ਉਸ ਦਾ ਚੌਗਿਰਦੇ ਉੱਤੇ ਵੀ ਪ੍ਰਭਾਵ ਪੈਂਦਾ ਹੈ ਅਤੇ ਉਸ ਦੇ ਸੰਪਰਕ ਵਿਚ ਆਉਣ ਵਾਲਾ ਹਰ ਵਿਅਕਤੀ ਅਧਿਆਤਮਿਕ ਪੱਖ ਤੋਂ ਉੱਨਤ ਹੋ ਜਾਂਦਾ ਹੈ।

•

---

੧. ਅਨੰਦੁ, ਪਉੜੀ ੭, ਪੰਨਾ ੯੧੭.
੨. ਅਨੰਦੁ, ਪਉੜੀ ੧੪, ਪੰਨਾ ੯੧੮.

ਗੁਰੂ ਰਾਮਦਾਸ ਜੀ ਦੀ ਪ੍ਰੇਮ-ਸਾਧਨਾ

ਗੁਰੂ ਰਾਮਦਾਸ ਜੀ ਅਨੁਸਾਰ ਜਿਸ ਨੂੰ ਪਿਆਰ ਦੀ ਪੀੜ ਦਾ ਅਨੁਭਵ ਹੁੰਦਾ ਹੈ, ਉਹੀ ਉਸ ਨੂੰ ਜਰਨਾ ਜਾਣਦਾ ਹੈ:

ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥...੨॥੧੫॥ *(ਪੰਨਾ ੪੪੯)*

ਸੱਚਾ ਪ੍ਰੇਮ ਇਕ ਸਾਧਾਰਣ ਬ੍ਰਿਤੀ ਨਹੀਂ, ਅਦ੍ਵੈਤਤਾ ਦੀ ਮਹਾ ਦਸ਼ਾ ਹੈ। ਇਸ ਮਾਰਗ 'ਤੇ ਪੈਰ ਧਰਨ ਵੇਲੇ ਗੁਰੂ ਨਾਨਕ ਅਤੇ ਸੰਤ ਕਬੀਰ ਜੀ ਅਨੁਸਾਰ ਸੀਸ ਦੀ ਭੇਟ ਚੜ੍ਹਾਉਣੀ ਪੈਂਦੀ ਹੈ, ਤਾਂ ਹੀ ਇਸ ਮਾਰਗ 'ਤੇ ਅੱਗੇ ਵਧਣ ਦਾ ਕੋਈ ਅਧਿਕਾਰੀ ਬਣ ਸਕਦਾ ਹੈ। ਇਥੇ ਮਰ ਕੇ ਜੀਉਣਾ ਪੈਂਦਾ ਹੈ, ਆਪਣੇਪਨ ਦਾ ਤਿਆਗ ਕਰਨਾ ਪੈਂਦਾ ਹੈ, ਤਦ ਹੀ ਪਰਮ-ਸੱਤਾ ਨਾਲ ਤਦਾਕਾਰਤਾ ਸੰਭਵ ਹੋ ਸਕਦੀ ਹੈ। ਫਿਰ ਕਿਰਨ ਸੂਰਜ ਵਿਚ ਰਲ ਕੇ ਇਕਮਿਕ ਹੋ ਜਾਂਦੀ ਹੈ, ਬੂੰਦ ਸਾਗਰ ਵਿਚ ਸਮਾ ਜਾਂਦੀ ਹੈ, ਆਪਾ ਮਿਟ ਜਾਂਦਾ ਹੈ, ਸਾਰਾ ਵਾਤਾਵਰਨ ਬ੍ਰਹਮਮਈ ਪ੍ਰਤੀਤ ਹੁੰਦਾ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਪ੍ਰੇਮ ਦੀ ਪੀੜ ਨਾਲ ਬਿਹਬਲ ਹੋ ਕੇ ਆਸਾ ਰਾਗ ਦੇ ਛੱਕੇ ਛੰਤਾਂ ਵਿਚ ਆਪਣੇ ਹਿਰਦੇ ਦੀ ਵੇਦਨਾ ਇਤਨੀ ਸਪੱਸ਼ਟਤਾ, ਵਿਸ਼ਵਾਸ ਅਤੇ ਆਪਾ-ਭਾਵ ਨਿਵਾਰ ਕੇ ਪੇਸ਼ ਕੀਤੀ ਹੈ ਕਿ ਪੰਜਾਬੀ ਸਾਹਿੱਤ ਹੀ ਨਹੀਂ, ਸਾਰੇ ਵਿਸ਼ਵ ਸਾਹਿੱਤ ਵਿਚ ਅਜਿਹੀ ਰਚਨਾ ਮਿਲਣੀ ਦੁਰਲੱਭ ਹੈ। ਛੱਕੇ ਛੰਤ ਹੀ ਨਹੀਂ, ਗੁਰੂ ਸਾਹਿਬ ਦੀ ਸਾਰੀ ਬਾਣੀ ਮਹਾ-ਰਸ ਨਾਲ ਭਰਪੂਰ ਅੰਮ੍ਰਿਤ ਰੂਪ ਹੈ, ਜਿਸ ਦੇ ਕਿਸੇ ਇਕ ਸ਼ਬਦ ਦੀ ਧੁਨੀ ਵੀ ਜੇ ਜਗਿਆਸੂ ਦੇ ਕੰਨ ਵਿਚ ਪੈ ਜਾਂਦੀ ਹੈ ਤਾਂ ਉਹ ਜੀਵਨ-ਮੁਕਤ ਦੀ ਸਰਵਉਚ ਪਦਵੀ ਨੂੰ ਪ੍ਰਾਪਤ ਹੋ ਜਾਂਦਾ ਹੈ।

ਗੁਰੂ ਰਾਮਦਾਸ ਜੀ ਦਾ ਜਨਮ ਲਾਹੌਰ ਦੀ ਚੂਨਾ ਮੰਡੀ ਦੇ ਸੋਢੀ ਹਰਦਾਸ ਜੀ ਦੇ ਘਰ ਹੋਇਆ। ਇਹ ਬੜੇ ਅਸਚਰਜ ਦੀ ਗੱਲ ਹੈ ਕਿ ਉਦੋਂ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ ਤਿੰਨੇ ਗੁਰੂ ਸਾਕਾਰ ਰੂਪ ਵਿਚ ਪੰਜਾਬ ਦੀ ਧਰਤੀ 'ਤੇ ਮੌਜੂਦ ਸਨ। ਗੁਰੂ ਨਾਨਕ ਜੀ ਗੁਰੂ ਰਾਮਦਾਸ ਦੇ ਜਨਮ ਤੋਂ ੫ ਵਰ੍ਹੇ ਬਾਦ ਜੋਤੀ-ਜੋਤਿ ਸਮਾਏ। ਇਸ ਤਰ੍ਹਾਂ ਚਾਰੇ ਗੁਰੂ ਇੱਕੋ ਸਮੇਂ ਵਿਦਮਾਨ ਸਨ, ਪਰ ਉਦੋਂ ਬ੍ਰਹਮ-ਕਾਂਤੀ ਕੇਵਲ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਵਿਚ ਸਮਾਈ ਹੋਈ ਸੀ। ਇਹ ਬ੍ਰਹਮ-ਕਾਂਤੀ ਆਯੂ ਅਨੁਸਾਰ ਸਥਾਨਾਂਤਰਿਤ ਨਹੀਂ ਹੋਈ, ਸਗੋਂ ਗੁਰੂ ਅਮਰਦਾਸ ਜੀ, ਜਿਹੜੇ ਗੁਰੂ ਅੰਗਦ ਜੀ ਤੋਂ ਉਮਰੋਂ ਵੱਡੇ ਸਨ, ਉਹ ਆਪਣੇ ਤੋਂ ਉਮਰ ਵਿਚ ਛੋਟੇ ਗੁਰੂ ਅੰਗਦ ਤੋਂ ਬਾਦ ਜੋਤਿ-ਸਰੂਪ ਹੋਏ। ਇਸ ਤਰ੍ਹਾਂ ਇਕ ਗੁਰੂ ਦੀ ਜੋਤਿ ਦੂਜੇ ਗੁਰੂ ਵਿਚ ਹਲੂਲ ਹੋਣ ਵੇਲੇ ਰਿਸ਼ਤੇ, ਆਯੂ, ਜਾਤੀ ਅਤੇ ਇਸ ਪ੍ਰਕਾਰ ਦੇ ਕਿਸੇ ਹੋਰ ਬੰਧਨ ਨੂੰ ਸਵੀਕਾਰ

ਨਹੀਂ ਕਰਦੀ। ਇਹ ਤਾਂ ਸੱਚੀ ਕਮਾਈ ਹੈ, ਜੋ ਕੋਈ ਵੀ ਕਰ ਲੈਂਦਾ ਹੈ ਉਹ ਜੀਵਾਤਮਾ ਦੀ ਪਰਮਾਤਮਾ ਵੱਲ ਇਕ ਰਹੱਸਮਈ ਯਾਤਰਾ ਸੰਪੰਨ ਕਰਦਾ ਹੈ।

ਗੁਰੂ ਰਾਮਦਾਸ ਜੀ ਰੂਪੀ ਸੂਰਜ ਜਦੋਂ ਆਪਣੀਆਂ ਨੂਰਾਨੀ ਕਿਰਨਾਂ ਸਹਿਤ ਵਿਸ਼ਵ-ਮੰਚ ਉੱਤੇ ਉਦੈ ਹੋਇਆ, ਉਦੋਂ ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਇਹ ਬਾਲਕ ਪੰਜਾਬ ਦੀ ਨਵ-ਜਾਗ੍ਰਿਤ ਭਗਤੀ ਲਹਿਰ ਦਾ ਉਹ ਚੌਥਾ ਰੂਪ ਹੋਵੇਗਾ ਜੋ ਰਾਮਦਾਸ ਚੱਕ ਦੀ ਸਥਾਪਨਾ ਕਰ ਕੇ ਧਰਮ-ਨਿਰਪੇਖ ਅਜਿਹੇ ਅਲੌਕਿਕ ਹਰਿਮੰਦਰ ਦੀ ਸਥਾਪਨਾ ਕਰੇਗਾ, ਜਿਸ ਦੇ ਦਰਵਾਜ਼ੇ ਚਹੁੰਆਂ ਪਾਸੇ ਖੁੱਲ੍ਹੇ ਹੋਣਗੇ, ਜਿਸ ਵਿਚ ਕਿਸੇ ਧਰਮ, ਕਿਸੇ ਜਾਤੀ ਦਾ ਕੋਈ ਵਿਅਕਤੀ ਵੀ ਆਪਣੀ ਸ਼ਰਧਾ ਦੇ ਫੁਲ ਚੜ੍ਹਾ ਕੇ ਅਧਿਆਤਮਿਕ ਉੱਚਤਾ ਦੇ ਮਾਰਗ 'ਤੇ ਅੱਗੇ ਵਧ ਸਕੇਗਾ। ਦੈਵੀ ਕੌਤਕ ਵਿਚਿਤ੍ਰ ਹਨ, ਅੰਮ੍ਰਿਤ ਸਰੋਵਰ ਅਤੇ ਹਰਿਮੰਦਰ ਦੇ ਸਥਾਪਕ ਗੁਰੂ ਰਾਮਦਾਸ ਜੀ ਦੇ ਮਾਤਾ ਪਿਤਾ ਦਾ ਸਾਇਆ ਬਚਪਨ ਵਿਚ ਹੀ ਉਨ੍ਹਾਂ ਦੇ ਸਿਰੋਂ ਉਠ ਗਿਆ। ਬਾਸਰਕੇ ਤੋਂ ਉਨ੍ਹਾਂ ਦੀ ਨਾਨੀ ਆਪਣੇ ਦੋਹਤੇ ਨੂੰ ਆਪਣੇ ਘਰ ਲੈ ਗਈ। ਉਹ ਕਿਹੋ ਜਿਹਾ ਦ੍ਰਿਸ਼ ਹੋਵੇਗਾ ਜਦੋਂ ਮਾਨਵਤਾ ਦੇ ਰਖਿਅਕ ਗੁਰੂ ਰਾਮਦਾਸ ਜੀ ਅਰੱਖਿਅਤ ਅਵਸਥਾ ਵਿਚ ਆਪਣੇ ਘਰ ਬਾਰ ਨੂੰ ਸਦਾ ਲਈ ਤਿਆਗ ਕੇ ਨਾਨੀ ਦੀ ਉਂਗਲੀ ਲੱਗ ਤੁਰੇ। ਉਨ੍ਹਾਂ ਦੀ ਨਾਨੀ ਦੀ ਮਾਇਕ ਹਾਲਤ ਸੌਖੀ ਨਹੀਂ ਸੀ। ਘਰ ਦਾ ਨਿਰਬਾਹ ਕਰਨ ਲਈ ਗੁਰੂ ਸਾਹਿਬ ਨੂੰ ਘੁੰਙਣੀਆਂ ਵੇਚਣੀਆਂ ਪਈਆਂ, ਪਰ ਨਿਥਾਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ ਗੁਰੂ ਅਮਰਦਾਸ ਕਦੀ ਕਦੀ ਖਡੂਰ ਸਾਹਿਬ ਤੋਂ ਬਾਸਰਕੇ ਜਾਇਆ ਕਰਦੇ ਸਨ। ਉਥੇ ਹੀ ਬਾਲਕ ਰਾਮਦਾਸ ਨੂੰ ਗੁਰੂ ਅਮਰਦਾਸ ਜੀ ਦੇ ਦਰਸ਼ਨ ਹੋਏ। ਸੰਨ ੧੫੪੬ ਵਿਚ ਜਦੋਂ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨਗਰ ਵਸਾਇਆ ਤਾਂ ਬਹੁਤ ਸਾਰੇ ਸੰਬੰਧੀਆਂ ਤੇ ਸ਼ਰਧਾਲੂਆਂ ਨੂੰ ਗੋਇੰਦਵਾਲ ਲੈ ਗਏ। ਗੁਰੂ ਰਾਮਦਾਸ ਜੀ ਦੀ ਨਾਨੀ ਵੀ ਆਪਣੇ ੧੨ ਕੁ ਸਾਲ ਦੇ ਦੋਹਤੇ ਨੂੰ ਵੀ ਨਾਲ ਲੈ ਕੇ ਗੋਇੰਦਵਾਲ ਪਹੁੰਚ ਗਈ। ਗੁਰੂ ਰਾਮਦਾਸ ਨੂੰ ਗੁਰੂ ਅਮਰਦਾਸ ਜੀ ਦੇ ਵਿਅਕਤਿਤਵ ਵਿਚ ਕੋਈ ਅਸਚਰਜ ਨੂਰ ਨਜ਼ਰ ਆਇਆ, ਉਹ ਉਨ੍ਹਾਂ ਵੱਲ ਖਿੱਚੇ ਗਏ, ਮਾਤਾ ਪਿਤਾ ਦਾ ਸਾਰਾ ਪਿਆਰ ਗੁਰੂ ਅਮਰਦਾਸ ਤੋਂ ਪ੍ਰਾਪਤ ਹੋਣ ਲੱਗਾ। ਗੁਰੂ ਰਾਮਦਾਸ ਜੀ ਦੀ ਅਧਿਆਤਮਿਕ ਸਾਧਨਾ ਨੂੰ ਵੇਖ ਕੇ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਵਿਆਹ ਉਨ੍ਹਾਂ ਨਾਲ ਕਰ ਦਿੱਤਾ, ਜਿਸ ਸੰਜੋਗ ਤੋਂ ਤਿੰਨ ਪੁੱਤਰ ਪ੍ਰਾਪਤ ਹੋਏ, ਜਿਨ੍ਹਾਂ ਵਿੱਚੋਂ ਸਭ ਤੋਂ ਛੋਟੇ ਗੁਰੂ ਅਰਜਨ ਦੇਵ ਜੀ ਨੇ ਬਾਦ ਵਿਚ ਪੰਜਾਬ ਦੇ ਭਗਤੀ ਅੰਦੋਲਨ ਦੀ ਵਾਗ-ਡੋਰ ਸੰਭਾਲੀ।

ਗੁਰੂ ਰਾਮਦਾਸ ਜੀ ਨੂੰ ਆਪਣੀ ਸੁਪਤਨੀ ਸਹਿਤ ਅਦਭੁਤ ਲਗਨ ਨਾਲ ਗੋਇੰਦਵਾਲ ਦੀ ਬਾਵਲੀ ਦੀ ਸੇਵਾ ਕਰਦੇ ਵੇਖ ਕੇ, ਉਨ੍ਹਾਂ ਦੇ ਲਾਹੌਰ-ਵਾਸੀ ਸ਼ਰੀਕਾਂ ਨੇ ਗਿਲਾ ਕੀਤਾ ਕਿ ਉਹ ਆਪਣੇ ਸਹੁਰੇ-ਘਰ ਇਤਨੀ ਨਿਮਾਣਤਾ ਨਾਲ ਕੰਮ ਕਰ ਕੇ ਕੁਲ-ਪਰੰਪਰਾ ਦੀ ਮਰਿਆਦਾ ਨੂੰ ਖ਼ਤਮ ਕਰ ਰਹੇ ਹਨ, ਪਰ ਜਿਨ੍ਹਾਂ ਦੇ ਹਿਰਦੇ ਵਿਚ ਪ੍ਰੇਮ ਦੇ ਤੀਰ ਲੱਗੇ ਹੋਣ, ਉਹ ਪਰੰਪਰਿਕ ਮਰਿਆਦਾ ਨੂੰ ਕੀ ਸਮਝਦੇ ਹਨ ? ਉਹ ਤਾਂ ਸਭ ਕੁਝ ਗੁਰੂ ਦਰਬਾਰ ਵਿਚ ਅਰਪਿਤ ਕਰ ਚੁੱਕੇ ਸਨ :

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ, ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ,
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥੪॥੫॥੧੧॥ (ਪੰਨਾ ੧੬੭)

ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਦੇ ਪ੍ਰੇਮ ਆਧਾਰਿਤ ਮਹਾਨ ਤਿਆਗ ਤੇ ਵੈਰਾਗ ਨੂੰ ਵੇਖ ਕੇ ਉਨ੍ਹਾਂ ਨੂੰ ਆਪਣਾ ਉੱਤਰਾਧਿਕਾਰੀ ਨਿਸਚਿਤ ਕੀਤਾ। ਉਦੋਂ ਗੁਰੂ ਰਾਮਦਾਸ ਜੀ ਦੀ ਆਯੂ ੪੦ ਵਰ੍ਹਿਆਂ ਦੀ ਸੀ ਅਤੇ ਉਨ੍ਹਾਂ ਨੇ ੪੭ ਸਾਲ ਦਾ ਜੀਵਨ ਬਤੀਤ ਕੀਤਾ, ਜਿਸ ਪਿਛੋਂ "ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥"[1] ਦੇ ਸੰਸਥਾਪਕ ਦੀ ਜੋਤਿ ਗੁਰੂ ਅਰਜਨ ਦੇਵ ਜੀ ਵਿਚ ਪ੍ਰਵੇਸ਼ ਹੋ ਗਈ।

ਗੁਰੂ ਰਾਮਦਾਸ ਜੀ ਨੇ ੩੦ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਇਸ ਤੋਂ ਪਹਿਲਾਂ ਲਗਪਗ ੧੯ ਰਾਗਾਂ ਵਿਚ ਪਹਿਲੇ ਗੁਰੂਆਂ ਨੇ ਆਪਣੀ ਬਾਣੀ ਰਚੀ ਸੀ। ਪਰ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਰਾਗਾਂ ਵਿਚ ੧੧ ਹੋਰ ਰਾਗਾਂ ਦਾ ਵਾਧਾ ਕੀਤਾ। ਇਸ ਤੋਂ ਸਪੱਸ਼ਟ ਹੈ ਕਿ ਗੁਰੂ ਰਾਮਦਾਸ ਜੀ ਕੀਰਤਨ ਵਿਚ ਇਤਨੇ ਅਧਿਕ ਲੀਨ ਰਹਿੰਦੇ ਅਤੇ ਰਾਗਾਂ ਵਿਚ ਉਨ੍ਹਾਂ ਦੀ ਇਤਨੀ ਪਕੜ ਸੀ ਕਿ ਉਨ੍ਹਾਂ ਨੇ ਰਾਗਾਂ ਦੀ ਸੀਮਾ ਵਿਚ ਵਿਸਥਾਰ ਕਰ ਦਿੱਤਾ। ਗੁਰੂ ਸਾਹਿਬ ਨੇ ਕੁਲ ੨੪੬ ਪਦੇ, ੩੧ ਅਸ਼ਟਪਦੀਆਂ, ੩੨ ਛੰਤ, ੧੩੮ ਸਲੋਕ, ੧੮੩ ਪਉੜੀਆਂ ਅਤੇ ਛੇ ਫੁਟਕਲ ਬਾਣੀਆਂ (ਪਹਿਰੇ, ਵਣਜਾਰਾ, ਕਰਹਲੇ, ਘੋੜੀਆਂ, ਸੋਲਹੇ ਆਦਿ ਲਿਖੀਆਂ। ਪਉੜੀਆਂ ਤੇ ਸਲੋਕ ਉਨ੍ਹਾਂ ਦੀਆਂ ਰਚੀਆਂ ਵਾਰਾਂ ਵਿਚ ਮਿਲਦੇ ਹਨ। ਗੁਰੂ ਰਾਮਦਾਸ ਜੀ ਨੇ ਹੋਰਨਾਂ ਗੁਰੂਆਂ ਨਾਲੋਂ ਵੱਧ ਵਾਰਾਂ ਲਿਖੀਆਂ ਹਨ। ਇਸ ਦਾ ਆਪਣਾ ਇਕ ਕਾਰਣ ਹੈ। ਇਸ ਵਿਚ ਸੰਦੇਹ ਨਹੀਂ ਕਿ ਗੁਰੂ ਨਾਨਕ ਸਾਹਿਬ ਨੇ ਵੀ ਆਪਣੇ ਆਪ ਨੂੰ ਹਰਿ-ਪ੍ਰਭੂ ਦਾ ਢਾਡੀ ਕਿਹਾ ਹੈ, ਪਰ ਜਿਸ ਲੀਨਤਾ ਨਾਲ ਆਪਣੇ ਪਰਮਾਤਮਾ ਦੇ ਢਾਡੀ ਬਣਨ ਦਾ ਪ੍ਰਗਟਾਵਾ ਗੁਰੂ ਰਾਮਦਾਸ ਜੀ ਨੇ ਕੀਤਾ ਹੈ, ਉਹ ਬੇਜੋੜ ਅਤੇ ਹਿਰਦੇ-ਵੇਧਕ ਹੈ:

ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ ॥
ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ ॥...੨੧॥ (ਪੰਨਾ ੯੧)

ਗੁਰੂ ਰਾਮਦਾਸ ਜੀ ਦੀ ਅਧਿਆਤਮਿਕ ਵਿਚਾਰਧਾਰਾ ਗੁਰੂ ਨਾਨਕ ਦੇਵ ਜੀ ਦੀ ਭਾਵਧਾਰਾ ਦਾ ਹੀ ਵਿਸਤਰਣ ਕਰਦੀ ਹੈ। ਬ੍ਰਹਮ ਜਗਿਆਸਾ ਤੋਂ ਲੈ ਕੇ ਪ੍ਰੇਮਾ-ਭਗਤੀ ਦੀ ਪ੍ਰਾਪਤਿ (ਸ਼ਰਣਾਗਤ ਭਾਵਨਾ) ਤਕ ਗੁਰੂ ਨਾਨਕ ਬਾਣੀ ਦੀਆਂ ਭਾਵ-ਤਰੰਗਾਂ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਮੌਜੂਦ ਹਨ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਗੁਰੂ ਪ੍ਰਤਿ ਬੜੀ ਲਗਨ ਨਾਲ ਸ਼ਰਧਾ ਦਾ ਪ੍ਰਗਟਾਵਾ ਹੋਇਆ ਹੈ, ਪਰ ਜਿਸ ਗੰਭੀਰਤਾ, ਜਿਸ ਲੀਨਤਾ ਅਤੇ ਜਿਸ ਸਿਦਕ-ਦਿਲੀ ਨਾਲ ਗੁਰੂ ਪ੍ਰਤਿ ਆਪਣੇ ਭਾਵਾਂ ਨੂੰ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ ਪੇਸ਼ ਕੀਤਾ ਹੈ, ਉਹ ਸੱਚਮੁੱਚ ਅਦੁੱਤੀ ਹੈ। ਉਨ੍ਹਾਂ ਨੇ ਸਪੱਸ਼ਟ ਕਿਹਾ ਹੈ ਕਿ:

ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥...੮॥੧੧॥
(ਪੰਨਾ ੭੫੯)

---

੧. ਸੋਰਠਿ ਮ: ੫, ਪੰਨਾ ੬੨੫.

ਅਤੇ ਇਸ ਲਈ ਉਨ੍ਹਾਂ ਨੂੰ ਸਾਰੀ ਸ੍ਰਿਸ਼ਟੀ ਗੁਰੂ-ਰੂਪ ਪ੍ਰਤੀਤ ਹੁੰਦੀ ਸੀ:

ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ ॥੨੯॥

(ਪੰਨਾ ੭੫੮)

ਗੁਰੂ ਨੂੰ ਮਿਲਣ ਲਈ ਉਹ ਹਰ ਵਕਤ ਤਰਲੇ ਲੈਂਦੇ ਹਨ। ਜੋ ਉਨ੍ਹਾਂ ਨੂੰ ਗੁਰੂ ਦੇ ਦਰਸ਼ਨ ਕਰਾ ਦੇਵੇ, ਉਨ੍ਹਾਂ ਲਈ ਤਨ, ਮਨ, ਧਨ ਤੇ ਇਥੋਂ ਤਕ, ਸਾਰਾ ਸਰੀਰ ਹੀ ਕਟ ਕਟ ਕੇ ਸਮਧਾ ਰੂਪ ਪ੍ਰੇਮ ਦੇ ਹਵਨ-ਕੁੰਡ ਵਿਚ ਅਰਪਿਤ ਕਰਨ ਲਈ ਤਿਆਰ ਹਨ।

ਗੁਰੂ ਜੀ ਦੀ ਪ੍ਰੇਮ-ਭਾਵਨਾ ਕਿਤਨੀ ਪ੍ਰਬਲ ਸੀ ਤੇ ਉਸ ਲਈ ਉਹ ਕਿਤਨਾ ਤੀਬਰ ਅਤੇ ਹਿਰਦੇ-ਵੇਧਕ ਪ੍ਰਗਟਾ ਕਰਦੇ ਹਨ, ਇਸ ਦਾ ਬੋਧ ਹੇਠਾਂ ਲਿਖੀਆਂ ਪੰਕਤੀਆਂ ਤੋਂ ਸਹਿਜੇ ਹੀ ਹੋ ਜਾਂਦਾ ਹੈ:

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ,
ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧॥
ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥
ਹਮਰੀ ਬੇਦਨ ਹਰਿ ਪ੍ਰਭੁ ਜਾਨੈ,
ਮੇਰੇ ਮਨ ਅੰਤਰ ਕੀ ਪੀਰ ॥੧॥ਰਹਾਉ॥੬॥ *(ਪੰਨਾ ੮੬੧)*

ਗੁਰੂ ਜੀ ਆਪਣੇ ਅਧਿਆਤਮਿਕ ਪੱਥ-ਪ੍ਰਦਰਸ਼ਕ ਦੀ ਉਡੀਕ ਵਿਚ ਵਾਟ ਜੋਹ ਰਹੇ ਹਨ। ("ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ ॥"[੧])। ਇਸ ਤਰ੍ਹਾਂ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਪ੍ਰੇਮ ਦੀ ਸਿੱਕ, ਪ੍ਰੇਮੀ ਪ੍ਰਤਿ ਆਤਮ-ਸਮਰਪਣ, ਪ੍ਰੇਮ ਦੇ ਅਨੰਦ ਅਤੇ ਪ੍ਰੇਮੀ ਪ੍ਰਤਿ ਅਡਿੱਗ ਸ਼ਰਧਾ ਦਾ ਹੀ ਪ੍ਰਗਟਾਵਾ ਨਹੀਂ ਹੋਇਆ, ਸਗੋਂ ਬਿਰਹੋਂ-ਪੀੜਾ ਦੀਆਂ ਤਰਾਟਾਂ ਤੋਂ ਲੈ ਕੇ ਪਰਮਾਤਮਾ ਨਾਲ ਹੋਏ ਮਹਾ-ਮਿਲਨ ਦੀਆਂ ਸਾਰੀਆਂ ਅਵਸਥਾਵਾਂ ਦਾ ਚਿਤ੍ਰਣ ਕਰ ਕੇ ਅਤੇ ਆਪਣੇ ਆਪ ਨੂੰ ਨਾਰੀ ਰੂਪ ਵਿਚ ਪੇਸ਼ ਕਰਦੇ ਹੋਇਆਂ ਪਰਮਾਤਮਾ ਦੇ ਚਿਰ-ਸੁਹਾਗ/ਮਹਾ-ਸੁਹਾਗ ਦੀਆਂ ਅਲੌਕਿਕ ਘੜੀਆਂ ਦਾ ਆਨੰਦ ਮਾਣਿਆ ਹੈ। ਇਹੀ ਕਾਰਣ ਹੈ ਕਿ ਜਦੋਂ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਭੱਟ ਆਏ, ਤਾਂ ਉਨ੍ਹਾਂ ਨੇ ਉਸ ਵਕਤ ਦੇ ਲੋਕਾਂ ਦੇ ਹਿਰਦੇ ਵਿਚ ਵਸਦੇ ਗੁਰੂ ਰਾਮਦਾਸ ਜੀ ਨੂੰ ਆਪਣੇ ਸਗੁਣਵਾਦੀ ਦ੍ਰਿਸ਼ਟੀਕੋਣ ਦੇ ਸੰਦਰਭ ਵਿਚ ਵੇਖਦੇ ਹੋਇਆਂ ਕਿਹਾ:

ਤਾਰਣ ਤਰਣ ਸਮ੍ਰਥੁ ਕਲਿਜੁਗਿ...
ਫੁਨਿ ਦੁਖਨਿ ਨਾਸੁ ਸੁਖਦਾਯਕੁ ਸੂਰਉ...॥੫॥੯॥ *(ਪੰਨਾ ੧੪੦੦)*

ਸੰਖੇਪ ਵਿਚ, ਗੁਰੂ ਰਾਮਦਾਸ ਪ੍ਰੇਮ-ਪਰਾਇਣ ਅਜਿਹੇ ਸਾਧਕ ਸਨ, ਜਿਨ੍ਹਾਂ ਨੇ ਧਰਮਾਂ ਦੇ ਸੰਪ੍ਰਦਾਇਕ ਬੰਧਨਾਂ ਨੂੰ ਖ਼ਤਮ ਕਰ ਕੇ ਅਜਿਹੇ ਵਾਤਾਵਰਣ ਦੀ ਸਿਰਜਣਾ ਕੀਤੀ, ਜਿਸ ਵਿਚ ਧੁਨਿਤ ਬਾਣੀ ਅਤੇ ਅੰਮ੍ਰਿਤ ਰੂਪੀ ਜਲ-ਕਣ ਪ੍ਰਾਪਤ ਕਰ ਕੇ ਮਨੁੱਖ ਹੀ ਨਹੀਂ, ਪਸ਼ੂ ਪੰਛੀ ਵੀ ਆਪਣੀ ਸੰਸਾਰਿਕ ਯਾਤ੍ਰਾ ਸਫਲ ਕਰ ਸਕਦੇ ਹਨ।

•

---

੧. ਆਸਾ ਮਹਲਾ ੪, ਪੰਨਾ ੪੪੯.

ਨਿਰਭੈਤਾ ਅਤੇ ਬੀਰਤਾ ਦੇ ਪੁੰਜ
ਗੁਰੂ ਤੇਗ ਬਹਾਦਰ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਭਾਰਤੀ ਇਤਿਹਾਸ ਦੀ ਇਕ ਮਹੱਤਵਪੂਰਨ ਘਟਨਾ ਹੈ, ਕਿਉਂਕਿ ਗੁਰੂ ਜੀ ਇਕ ਯੁੱਗ-ਪੁਰਸ਼ ਸਨ। ਯੁੱਗ-ਪੁਰਸ਼ ਯੁੱਗ ਦੀ ਆਵਾਜ਼ ਨੂੰ ਸੁਣਦਾ ਹੈ ਅਤੇ ਯੁੱਗ ਦੀ ਇੱਛਾ ਨੂੰ ਪੂਰਾ ਕਰਨ ਲਈ ਸੇਧ ਦਿੰਦਾ ਹੈ, ਲੋੜ ਪੈਣ 'ਤੇ ਆਪਾ ਵੀ ਵਾਰ ਦਿੰਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਵੀ ਯੁੱਗ ਦੀ ਆਵਾਜ਼ ਨੂੰ ਸੁਣਿਆ ਅਤੇ ਲੋੜ ਪੈਣ 'ਤੇ ਆਪਣਾ ਬਲੀਦਾਨ ਦੇ ਕੇ ਧਰਮ ਦੀ ਰੱਖਿਆ ਕੀਤੀ :

ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ ਨ ਦੀਆ ॥੧੪॥ *(ਬਚਿਤ੍ਰ ਨਾਟਕ, ਅਧਿ: ੫)*

ਗੁਰੂ ਤੇਗ ਬਹਾਦਰ ਜੀ ਦਾ ਜਨਮ ਵਿਸਾਖ ਵਦੀ ੫ ਸੰਮਤ ੧੬੭੮ ਬਿਕ੍ਰਮੀ ਵਿਚ ਹੋਇਆ। ਆਪ ਛੇਵੇਂ ਗੁਰੂ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਬਚਪਨ ਵਿਚ ਆਪ ਨੂੰ ਧਾਰਮਿਕ ਵਿਦਿਆ ਅਤੇ ਸੰਗੀਤ-ਕਲਾ ਵਿਚ ਨਿਪੁੰਨ ਕੀਤਾ ਗਿਆ ਅਤੇ ਨਾਲ ਨਾਲ ਹਰ ਪ੍ਰਕਾਰ ਦੇ ਸ਼ਸਤ੍ਰਾਂ ਦੀ ਵਰਤੋਂ ਦਾ ਅਭਿਆਸ ਵੀ ਕਰਵਾਇਆ ਗਿਆ। ਇਸ ਤਰ੍ਹਾਂ ਆਪ ਸ਼ੁਰੂ ਤੋਂ ਹੀ ਜਿਥੇ ਅਧਿਆਤਮਿਕ ਸਾਧਨਾ ਵਿਚ ਪ੍ਰਬੀਨ ਸਨ, ਉਥੇ ਯੁੱਧ-ਕਲਾ ਵਿਚ ਵੀ ਨਿਪੁੰਨ ਸਨ। ਇਹੀ ਕਾਰਣ ਹੈ ਕਿ ੧੩-੧੪ ਵਰ੍ਹਿਆਂ ਦੀ ਛੋਟੀ ਉਮਰ ਵਿਚ ਹੀ ਆਪਣੇ ਯੁੱਧਵੀਰ ਪਿਤਾ ਦੀ ਅਗਵਾਈ ਅਧੀਨ, ਕਰਤਾਰਪੁਰ ਵਿਚ ਸ਼ਾਹੀ ਸੈਨਾ ਨਾਲ ਹੋਏ ਯੁੱਧ ਵਿਚ ਉਨ੍ਹਾਂ ਨੇ ਭਾਗ ਲਿਆ ਅਤੇ ਇਤਨੀ ਦ੍ਰਿੜ੍ਹਤਾ ਨਾਲ ਯੁੱਧ ਵਿਚ ਲੀਨ ਹੋਏ ਕਿ ਆਪਣਾ ਜੁਝਾਰੂ ਨਾਂ 'ਤੇਗ ਬਹਾਦਰ' ਸੱਚਮੁੱਚ ਸਾਰਥਕ ਕਰ ਦਿੱਤਾ।

ਗੁਰੂ ਤੇਗ ਬਹਾਦਰ ਜੀ ਦਾ ਵਿਆਹ ੧੩ ਸਾਲ ਦੀ ਉਮਰ ਵਿਚ ਹੀ ਕਰ ਦਿੱਤਾ ਗਿਆ, ਪਰ ਆਪ ਦੇ ਘਰ ੩੪ ਵਰ੍ਹਿਆਂ ਪਿੱਛੋਂ ਇੱਕੋ ਇਕ ਰਣ-ਬਾਂਕਰੇ ਸਾਹਿਬਜ਼ਾਦੇ ਨੇ ਜਨਮ ਲਿਆ, ਜੋ ਬਾਦ ਵਿਚ ਦਸਮ ਗੁਰੂ ਗੋਬਿੰਦ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਇਆ ਅਤੇ ਜਿਸ ਦੀ ਸੂਰਬੀਰਤਾ ਨੇ ਸਮੁੱਚੇ ਦੇਸ ਦੀ ਨੁਹਾਰ ਬਦਲ ਦਿੱਤੀ।

ਗੁਰੂ ਤੇਗ ਬਹਾਦਰ ਜੀ ਦਾ ਸੁਭਾਅ ਬੜਾ ਸ਼ਾਂਤ ਅਤੇ ਗੰਭੀਰ ਸੀ। ਸੰਸਾਰਿਕਤਾ ਵਿਚ ਉਨ੍ਹਾਂ ਦੀ ਬਿਲਕੁਲ ਰੁਚੀ ਨਹੀਂ ਸੀ। ਬਾਬਾ ਬਕਾਲਾ ਵਿਚ ਉਹ ਸਦਾ ਇਕ

ਭੋਰੇ ਵਿਚ ਹਰਿ-ਭਗਤੀ ਵਿਚ ਲੀਨ ਸਮਾਧੀ ਦੀ ਅਵਸਥਾ ਵਿਚ ਬੈਠੇ ਰਹਿੰਦੇ। ਲੋਕਾਂ ਵਿਚ ਆਮ ਕਰਕੇ ਉਹ ਬਾਬਾ ਤੇਗਾ ਦੇ ਨਾਂ ਨਾਲ ਪ੍ਰਸਿੱਧ ਸਨ। ਅੱਠਵੇਂ ਗੁਰੂ ਸ੍ਰੀ ਹਰਿਕ੍ਰਿਸ਼ਨ ਜੀ ਨੇ ਦਿੱਲੀ ਵਿਚ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਆਪਣੇ ਅਗਲੇ ਗੱਦੀਦਾਰ ਸੰਬੰਧੀ ਕੇਵਲ 'ਬਾਬਾ ਬਕਾਲੇ' ਕਿਹਾ। ਇਸ ਅਸਪੱਸ਼ਟ ਸੰਕੇਤ ਦਾ ਲਾਭ ਉਠਾਂਦੇ ਹੋਇਆਂ ਕਈ ਸਵਾਰਥੀ ਲੋਕਾਂ ਨੇ ਆਪਣੇ ਆਪ ਨੂੰ ਗੁਰਗੱਦੀ ਦਾ ਵਾਰਸ ਦੱਸਣ ਲਈ ਉਥੇ ਆਪਣੇ ਆਪਣੇ ਆਸਣ ਲਗਾ ਲਏ, ਜਿਨ੍ਹਾਂ ਦੀ ਗਿਣਤੀ ਇਤਿਹਾਸ ਵਿਚ ੨੨ ਦੱਸੀ ਜਾਂਦੀ ਹੈ। ਅਜਿਹੀ ਅਵਸਥਾ ਵਿਚ ਜਗਿਆਸੂ ਭਟਕਣ ਲੱਗੇ। ਇਸੇ ਦੌਰਾਨ ਭਾਈ ਮੱਖਣ ਸ਼ਾਹ ਲੁਬਾਣਾ ਆਪਣੇ ਜਹਾਜ਼ ਨੂੰ ਡੁੱਬਣ ਤੋਂ ਬਚਾਣ ਵਾਸਤੇ ਮੰਨੀ ਹੋਈ ਮੰਨਤ ਨੂੰ ਗੁਰੂ ਜੀ ਦੀ ਭੇਟਾ ਕਰਨ ਲਈ ਬਕਾਲੇ ਪਹੁੰਚਿਆ ਅਤੇ ਆਪਣੀ ਸੂਖਮ ਦ੍ਰਿਸ਼ਟੀ ਨਾਲ ੨੨ ਗੱਦੀਆਂ ਵਿੱਚੋਂ ਸੱਚੇ ਗੱਦੀਦਾਰ ਨੂੰ ਲੱਭ ਲਿਆ। ਉਸ ਨੇ ਮਕਾਨ ਦੀ ਛੱਤ 'ਤੇ ਚੜ੍ਹ ਕੇ ਉੱਚੀ ਆਵਾਜ਼ ਵਿਚ 'ਗੁਰੂ ਲਾਧੋ ਰੇ' ਦਾ ਐਲਾਨ ਕੀਤਾ। ਸ਼ਰਧਾਲੂਆਂ ਦੇ ਮਨਾਂ ਦੀ ਡਾਵਾਂ-ਡੋਲ ਸਥਿਤੀ ਖ਼ਤਮ ਹੋਈ ਅਤੇ ਵਾਸਤਵਿਕ ਗੁਰੂ ਗੁਰੂ-ਗੱਦੀ ਉੱਤੇ ਸੁਸ਼ੋਭਿਤ ਹੋਏ। ਬਕਾਲੇ ਵਿਚਲਾ ਈਰਖਾਲੂ ਵਾਤਾਵਰਣ ਵੇਖ ਕੇ ਗੁਰੂ ਜੀ ਅੰਮ੍ਰਿਤਸਰ ਚਲੇ ਗਏ, ਪਰ ਉਥੋਂ ਦੀ ਸਥਿਤੀ ਵੀ ਅਨੁਕੂਲ ਨਾ ਵੇਖ ਕੇ ਅੰਤ ਵਿਚ ਕੀਰਤਪੁਰ ਆ ਟਿਕੇ ਅਤੇ ਕੁਝ ਸਮੇਂ ਬਾਦ ਉਥੋਂ ਕੁਝ ਦੂਰ ਮਾਖੋਵਾਲ ਪਿੰਡ ਦੀ ਜ਼ਮੀਨ ਖ਼ਰੀਦ ਕੇ ਆਨੰਦਪੁਰ ਸਾਹਿਬ ਦੀ ਨੀਂਹ ਰੱਖੀ।

ਆਨੰਦਪੁਰ ਸਾਹਿਬ ਵਿਚ ਕੁਝ ਸਮਾਂ ਠਹਿਰ ਕੇ ਗੁਰੂ ਜੀ ਸਿਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਦੇਸ ਦੇ ਦੌਰੇ 'ਤੇ ਤੁਰ ਪਏ। ਪਹਿਲਾਂ ਮਾਲਵੇ ਦੀ ਅਤੇ ਫਿਰ ਬਾਂਗਰ ਖੇਤਰ ਦੀ ਯਾਤ੍ਰਾ ਕੀਤੀ। ਉਥੇ ਧਾਰਮਿਕ ਉਪਦੇਸ਼ ਤੋਂ ਇਲਾਵਾ ਲੋਕਾਂ ਦੀ ਸਹੂਲਤ ਲਈ ਡੂੰਘੇ ਖੂਹ ਪੁਟਵਾਏ। ਫਿਰ ਗੁਰੂ ਜੀ ਪੂਰਬ ਦੀ ਯਾਤ੍ਰਾ 'ਤੇ ਨਿਕਲ ਪਏ ਅਤੇ ਵੱਖ ਵੱਖ ਧਰਮ-ਧਾਮਾਂ 'ਤੇ ਫਿਰਦੇ ਤੁਰਦੇ ਪਟਨਾ ਨਗਰ ਵਿਚ ਪਹੁੰਚੇ। ਉਥੇ ਪਰਿਵਾਰ ਨੂੰ ਟਿਕਾਅ ਕੇ ਆਪ ਬੰਗਾਲ ਅਤੇ ਆਸਾਮ ਪ੍ਰਦੇਸਾਂ ਵੱਲ ਗਏ। ਜਦੋਂ ਆਪ ਢਾਕੇ ਦੇ ਖੇਤਰ ਵਿਚ ਧਰਮ ਪ੍ਰਚਾਰ ਕਰ ਰਹੇ ਸਨ ਤਾਂ ਉਥੇ ਬਾਲਕ ਗੋਬਿੰਦ ਰਾਏ ਦੇ ਜਨਮ ਦਾ ਸ਼ੁਭ ਸਮਾਚਾਰ ਮਿਲਿਆ। ਪਟਨੇ ਪਰਤਣ ਉਪਰੰਤ ਕੁਝ ਸਮਾਂ ਠਹਿਰ ਕੇ ਗੁਰੂ ਜੀ ਪੰਜਾਬ ਪਰਤੇ ਅਤੇ ਆਨੰਦਪੁਰ ਵਿਚ ਨਿਵਾਸ ਕੀਤਾ। ਇਥੇ ਪਹੁੰਚ ਕੇ ਆਪਣੇ ਪਰਿਵਾਰ ਨੂੰ ਵੀ ਪਟਨੇ ਤੋਂ ਬੁਲਵਾ ਲਿਆ।

ਇਸੇ ਦੌਰਾਨ ਮੁਗ਼ਲ ਸਰਕਾਰ ਵਲੋਂ ਧਰਮ-ਪਰਿਵਰਤਨ ਦੀ ਕਾਰਵਾਈ ਤੇਜ਼ ਕਰ ਦਿੱਤੀ ਗਈ ਸੀ। ਕਸ਼ਮੀਰ ਦੇ ਬ੍ਰਾਹਮਣ ਆਪਣੇ ਧਰਮ ਨੂੰ ਬਚਾਉਣ ਲਈ ਜਦੋਂ ਕਿਸੇ ਤਰ੍ਹਾਂ ਵੀ ਸਫਲ ਨਾ ਹੋਏ ਤਾਂ ਆਨੰਦਪੁਰ ਸਾਹਿਬ ਵਿਚ ਗੁਰੂ ਜੀ ਦੀ ਸ਼ਰਨ ਵਿਚ ਆਏ। ਗੁਰੂ ਜੀ ਨੇ ਪੰਡਿਤਾਂ ਨੂੰ ਧੀਰਜ ਬੰਨ੍ਹਾਇਆ ਅਤੇ ਉਨ੍ਹਾਂ ਦੀ ਸਹਾਇਤਾ ਲਈ ਸੈਨਿਕ ਸੰਗਠਨ ਦੀ ਥਾਂ 'ਤੇ ਆਤਮ-ਬਲੀਦਾਨ ਦੇ ਹਥਿਆਰ ਨੂੰ ਅਧਿਕ ਉਪਯੋਗੀ ਤੇ ਕਾਰਗਰ ਸਮਝਿਆ। ਪੰਡਿਤਾਂ ਦਾ ਪੱਖ ਪੂਰਨ ਲਈ ਉਹ ਦਿੱਲੀ ਗਏ। ਔਰੰਗਜ਼ੇਬ ਬਾਦਸ਼ਾਹ ਨੇ ਗੁਰੂ ਜੀ ਨੂੰ ਵੀ ਧਰਮ ਬਦਲਣ ਲਈ ਮਜਬੂਰ ਕੀਤਾ, ਪਰ ਗੁਰੂ ਜੀ ਨੇ ਆਪਣੇ ਧਰਮ ਦੀ ਰੱਖਿਆ ਕਰਦੇ ਹੋਇਆਂ ਸਰੀਰ ਦੇ ਠੀਕਰੇ ਨੂੰ ਬਾਦਸ਼ਾਹ

ਦੇ ਸਿਰ 'ਤੇ ਭੰਨ ਦੇਣ ਨੂੰ ਤਰਜੀਹ ਦਿੱਤੀ। ਉਨ੍ਹਾਂ ਨੂੰ ਚਾਂਦਨੀ ਚੌਕ ਵਿਚ, ਜਿਥੇ ਹੁਣ ਗੁਰਦੁਆਰਾ ਸੀਸ ਗੰਜ ਸੁਸ਼ੋਭਿਤ ਹੈ, ਸ਼ਹੀਦ ਕਰ ਦਿੱਤਾ ਗਿਆ। ਉਸ ਅਲੌਕਿਕ ਘਟਨਾ ਨੂੰ 'ਬਚਿਤ੍ਰ ਨਾਟਕ' ਵਿਚ ਇਸ ਤਰ੍ਹਾਂ ਵਰਣਿਤ ਕੀਤਾ ਗਿਆ ਹੈ:

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥

(ਬਚਿਤ੍ਰ ਨਾਟਕ, ਅਧਿ: ੫)

ਗੁਰੂ ਤੇਗ ਬਹਾਦਰ ਜੀ ਦੇ ਇਸ ਮਹਾਂ ਬਲੀਦਾਨ ਨੇ ਉਨ੍ਹਾਂ ਦੇ ਅਨੁਯਾਈਆਂ ਵਿਚ ਇਕ ਨਵੀਂ ਚੇਤਨਾ ਭਰੀ, ਇਕ ਨਵੀਂ ਉਤੇਜਨਾ ਨੇ ਜਨਮ ਲਿਆ। ਪਹਿਲੇ ਗੁਰੂ ਸਾਹਿਬਾਂ ਦੇ ਲਗਾਤਾਰ ਪ੍ਰਚਾਰ ਨੇ ਧਾਰਮਿਕ ਅਤੇ ਸਮਾਜਿਕ ਤੌਰ 'ਤੇ ਸਿੱਖਾਂ ਨੂੰ ਇਕ ਇਕਾਈ ਵਿਚ ਢਾਲ ਦਿੱਤਾ ਸੀ। ਅਜੇ ਤਕ ਹਿੰਸਾ ਦਾ ਉੱਤਰ ਉਹ ਅਹਿੰਸਾ ਨਾਲ ਦਿੰਦੇ ਆ ਰਹੇ ਸਨ, ਪਰ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਨਾਲ ਅੱਤਿਆਚਾਰ ਦਾ ਸਾਹਮਣਾ ਕਰਨ ਲਈ ਸਿਖ ਅਨੁਯਾਈਆਂ ਵਿਚ ਧਰਮ-ਰੱਖਿਆ ਲਈ ਸਸ਼ਕਤ ਵਿਵਸਥਾ ਕਰਨ ਦੀ ਨਵੀਂ ਪ੍ਰਵਿਰਤੀ ਵਿਕਸਿਤ ਹੋਈ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੀਆਂ ਇਨ੍ਹਾਂ ਕੁਝ ਕੁ ਮੁੱਖ ਘਟਨਾਵਾਂ ਤੋਂ ਭਲੀ ਭਾਂਤ ਸਪੱਸ਼ਟ ਹੈ ਕਿ ਉਹ ਸੱਚਮੁੱਚ ਨਿਰਭੈਤਾ ਅਤੇ ਬੀਰਤਾ ਦੇ ਮੁਜੱਸਮੇ ਸਨ। ਇਹ ਸਾਰੇ ਗੁਣ ਉਨ੍ਹਾਂ ਨੂੰ ਆਪਣੀ ਧਾਰਮਿਕ ਪਰੰਪਰਾ ਤੋਂ ਵਿਰਸੇ ਵਿਚ ਮਿਲੇ ਸਨ। ਜਿਸ ਧਰਮ-ਮਾਰਗ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਕੀਤਾ, ਉਸ ਵਿਚ ਪ੍ਰਵੇਸ਼ ਕਰਨ ਵਾਲਿਆਂ ਨੂੰ ਸਪੱਸ਼ਟ ਕਹਿ ਦਿੱਤਾ ਗਿਆ ਕਿ ਇਸ ਪ੍ਰੇਮ ਦੀ ਖੇਡ ਵਿਚ ਸ਼ਾਮਲ ਹੋਣ ਲਈ ਪਹਿਲਾਂ ਸੀਸ ਭੇਟ ਕਰਨਾ ਹੋਵੇਗਾ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥੨੦॥ *(ਪੰਨਾ ੧੪੧੨)*

ਗੁਰੂ ਤੇਗ ਬਹਾਦਰ ਜੀ ਨੇ ਵੀ ਪ੍ਰੇਮਾ-ਭਗਤੀ ਨੂੰ ਖੇਡ ਦੇ ਨਾਲ ਹੀ ਉਪਮਾ ਦੇ ਕੇ ਇਸ ਨੂੰ ਕਠਿਨ ਦੱਸਿਆ ਹੈ। ਇਸ ਕਠਿਨ ਖੇਡ ਨੂੰ ਖੇਡਣ ਲਈ ਗੁਰੂ ਜੀ ਨੇ ਕਿਸੇ ਗੁਰਮੁਖ ਨੂੰ ਹੀ ਯੋਗ ਮੰਨਿਆ ਹੈ:

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥੨॥੧॥

(ਪੰਨਾ ੨੧੯)

ਗੁਰੂ ਜੀ ਨੇ ਆਪ ਇਹ ਕਠਿਨ ਖੇਲ ਖੇਡ ਕੇ ਲੋਕਾਂ ਦੀ ਅਗਵਾਈ ਕੀਤੀ ਅਤੇ ਇਸ ਨਾਲ ਅਨੁਯਾਈਆਂ ਨੂੰ ਇਕ ਨਵੀਂ ਨੂਰ ਦੀ ਕਿਰਨ ਪ੍ਰਾਪਤ ਹੋਈ।

ਭਾਰਤੀ ਸੰਸਕ੍ਰਿਤੀ ਅਨੇਕ ਗੌਰਵਪੂਰਣ ਪਰੰਪਰਾਵਾਂ ਨਾਲ ਭਰਪੂਰ ਹੈ। ਤਪ,

ਸੰਜਮ, ਵੀਰਤਾ, ਤਿਆਗ, ਸੇਵਾ ਆਦਿ ਨਾਲ ਸੰਬੰਧਿਤ ਅਨੇਕ ਘਟਨਾਵਾਂ ਨਾਲ ਭਾਰਤੀ ਇਤਿਹਾਸ ਭਰਿਆ ਪਿਆ ਹੈ। ਪਰ ਅਜੇ ਤਕ ਬਲੀਦਾਨ ਜਾਂ ਸ਼ਹੀਦੀ ਦੇ ਸਾਕਿਆਂ ਦੀ ਘਾਟ ਸੀ। ਸਾਮੀ ਸੰਸਕ੍ਰਿਤੀ ਵਿਚ ਹਜ਼ਰਤ ਈਸਾ ਦਾ ਸਲੀਬ 'ਤੇ ਚੜ੍ਹਨਾ, ਕਰਬਲਾ ਦੇ ਮੈਦਾਨ ਵਿਚ ਇਮਾਮ ਹੁਸੈਨ ਦਾ ਸ਼ਹੀਦ ਹੋਣਾ, ਯੁਗ ਪਲਟਾਣ ਵਾਲੀਆਂ ਘਟਨਾਵਾਂ ਸਨ, ਜਿਨ੍ਹਾਂ ਤੋਂ ਉਨ੍ਹਾਂ ਧਰਮਾਂ ਦੇ ਅਨੁਯਾਈ ਹੁਣ ਤਕ ਪ੍ਰੇਰਨਾ ਲੈਂਦੇ ਆ ਰਹੇ ਸਨ। ਮੌਲਾਨਾ ਮੁਹੰਮਦ ਅਲੀ ਅਨੁਸਾਰ 'ਇਸਲਾਮ ਜ਼ਿੰਦਾ ਹੋਤਾ ਹੈ ਹਰ ਕਰਬਲਾ ਕੇ ਬਾਦ।'

ਭਾਰਤੀ ਸੰਸਕ੍ਰਿਤੀ ਵਿਚ ਬਲੀਦਾਨ ਦੀ ਪਰੰਪਰਾ ਦਾ ਆਰੰਭ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਹੋਇਆ ਅਤੇ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਨਾਲ ਇਸ ਅੱਗ ਨੇ ਭਾਂਬੜ ਦਾ ਰੂਪ ਧਾਰਨ ਕਰ ਲਿਆ। ਤੇ ਫਿਰ ਸ਼ਹੀਦੀਆਂ ਦੀ ਸੁਦੀਰਘ ਪਰੰਪਰਾ ਦਾ ਵਿਕਾਸ ਹੋਣਾ ਸ਼ੁਰੂ ਹੋ ਗਿਆ।

ਬਲੀਦਾਨ ਦੀ ਲੋੜ ਕਿਉਂ ਪੈਂਦੀ ਹੈ? ਇਸ ਗੰਭੀਰ ਪ੍ਰਸ਼ਨ ਦਾ ਉੱਤਰ ਅਨਿਆਂ ਦੀ ਅਤਿ ਅਧਿਕਤਾ ਵਿਚ ਵੇਖਿਆ ਜਾ ਸਕਦਾ ਹੈ। ਅਨਿਆਂ ਅੱਗੇ ਨਾ ਝੁਕਣਾ ਜਾਂ ਉਸ ਨੂੰ ਸਵੀਕਾਰ ਨਾ ਕਰਨਾ ਵਿਅਕਤੀ ਨੂੰ ਦੋ ਦਿਸ਼ਾਵਾਂ ਵੱਲ ਵਧਣ ਲਈ ਪ੍ਰੇਰਿਤ ਕਰਦਾ ਹੈ। ਇਕ ਦਿਸ਼ਾ ਹੈ ਅਨਿਆਂ ਪ੍ਰਤਿ ਵਿਰਕਤ ਹੋ ਜਾਣਾ, ਜੋ ਕੁਝ ਹੋ ਰਿਹਾ ਹੈ, ਉਸ ਨਾਲ ਕੋਈ ਸਰੋਕਾਰ ਨਾ ਰੱਖ ਕੇ ਅਲੱਗ ਥਲੱਗ ਹੋ ਜਾਣਾ, ਜਿਵੇਂ ਭਾਈ ਗੁਰਦਾਸ ਜੀ ਅਨੁਸਾਰ ਸਿਧਾਂ ਨੇ ਸਮਕਾਲੀ ਹਾਲਾਤ ਨਾਲ ਜੂਝਣ ਦੀ ਥਾਂ ਪਰਬਤਾਂ ਵੱਲ ਕਿਨਾਰਾਕਸ਼ੀ ਕਰ ਲਈ ਸੀ:

ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ॥

(ਵਾਰ ੧, ਪਉੜੀ ੨੯)

ਇਹ ਸਥਿਤੀ ਭਾਂਜਵਾਦੀ ਹੈ, ਅਨਿਆਂ ਤੋਂ ਬਚਣ ਲਈ ਕੋਈ ਉਪਾਅ ਸੋਚਣ ਜਾਂ ਲੱਭਣ ਦੀ ਨਹੀਂ। ਇਸ ਪ੍ਰਕਾਰ ਦੀ ਮਾਨਸਿਕਤਾ ਦਾ ਪ੍ਰਗਟਾਵਾ ਭਗਤੀ-ਕਾਲ ਦੇ ਅਨੇਕ ਸਾਧਕਾਂ ਦੀ ਬਾਣੀ ਵਿਚ ਮਿਲ ਜਾਂਦਾ ਹੈ। ਅਨਿਆਂ ਪ੍ਰਤਿ ਅਸਵੀਕਾਰ ਦੀ ਦੂਜੀ ਦਿਸ਼ਾ ਹੈ ਜੂਝਣ ਦੀ। ਇਸ ਸਥਿਤੀ ਵਿਚ ਜੀਵਨ ਦਾ ਮੋਹ ਅਤੇ ਸੰਸਾਰਿਕ ਸੰਬੰਧ ਸਭ ਨਿਰਾਰਥਕ ਪ੍ਰਤੀਤ ਹੋਣ ਲਗ ਜਾਂਦੇ ਹਨ। ਸੰਸਕ੍ਰਿਤਿਕ ਮੁੱਲਾਂ ਦੀ ਰੱਖਿਆ ਲਈ ਜੂਝਣਾ ਪੈਂਦਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਅਸਵੀਕਾਰ ਦੇ ਭਾਵਾਂ ਦਾ ਪ੍ਰਗਟਾਵਾ ਅਨੇਕ ਪ੍ਰਸੰਗਾਂ ਵਿਚ ਹੋਇਆ ਹੈ।

ਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਵੀ ਅਜਿਹੀ ਸਥਿਤੀ ਪੈਦਾ ਹੋ ਗਈ ਸੀ। ਬਲ ਪੂਰਬਕ ਧਰਮ ਪਰਿਵਰਤਨ ਦੀ ਅਤਿ ਹੋ ਗਈ ਸੀ। ਕਸ਼ਮੀਰ ਦੇ ਬ੍ਰਾਹਮਣਾਂ ਦੀ ਪੁਕਾਰ ਸੁਣ ਕੇ ਭਾਰਤੀ ਸੰਸਕ੍ਰਿਤੀ ਦੇ ਪ੍ਰਤੀਕ ਤਿਲਕ ਜੰਞੂ ਨੂੰ ਨਸ਼ਟ ਹੋਣੋਂ ਬਚਾਣਾ ਹੀ ਯੁੱਗ ਦੀ ਆਵਾਜ਼ ਸੀ। ਗੁਰੂ ਜੀ ਨੇ ਇਸ ਆਵਾਜ਼ ਨੂੰ ਸੁਣ ਕੇ ਅਨਿਆਂ ਨੂੰ ਖ਼ਤਮ ਕਰਨ ਲਈ ਆਪਣੇ ਮਨ ਵਿਚ ਸੰਕਲਪ ਕੀਤਾ। ਇਹ ਸੰਕਲਪ ਹੀ ਅਨਿਆਂ ਪ੍ਰਤਿ ਅਸਵੀਕਾਰ ਦਾ ਐਲਾਨ ਸੀ। ਫਲਸਰੂਪ ਉਹ ਦਿੱਲੀ ਗਏ ਅਤੇ ਕਈ ਦਿਨ ਅਸਹਿ ਕਸ਼ਟ ਸਹਿਣ ਕਰਨ ਉਪਰੰਤ ਉਨ੍ਹਾਂ ਨੇ ਧਰਮ ਦੀ ਰੱਖਿਆ ਲਈ ਆਪਣਾ

ਸੀਸ ਭੇਟ ਕਰ ਦਿੱਤਾ। 'ਬਚਿਤ੍ਰ ਨਾਟਕ' ਅਨੁਸਾਰ :

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥੧੩॥ *(ਬਚਿਤ੍ਰ ਨਾਟਕ, ਅਧਿ: ੫)*

ਆਪਣਾ ਬਲੀਦਾਨ ਦੇਣਾ ਗੁਰੂ ਜੀ ਦੀ ਸਵੈ-ਇਛਿਤ ਕਾਰਵਾਈ ਸੀ। ਬਾਦਸ਼ਾਹ ਔਰੰਗਜ਼ੇਬ ਦੀ ਰਾਜਸੀ ਸ਼ਕਤੀ ਨੂੰ ਜਾਣਦੇ ਹੋਇਆਂ ਵੀ ਉਨ੍ਹਾਂ ਨੇ ਬਲ ਪੂਰਬਕ ਧਰਮ ਪਰਿਵਰਤਨ ਤੋਂ ਪੀੜਿਤ ਹੋਏ ਲੋਕਾਂ ਦਾ ਮਾਮਲਾ ਆਪਣੇ ਹੱਥ ਵਿਚ ਲਿਆ ਅਤੇ ਇਸ ਸਵੈ-ਇਛਿਤ ਮਾਰਗ 'ਤੇ ਚੱਲ ਕੇ ਉਨ੍ਹਾਂ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦਿੱਤੀ। ਇਕ ਸਮਕਾਲੀ ਭੱਟ ਨੇ ਕਿਹਾ ਹੈ :

ਬਾਂਹ ਜਿਨ੍ਹਾਂ ਦੀ ਪਕੜੀਏ ਸਿਰ ਦੀਜੈ ਬਾਹਿ ਨ ਛੋੜੀਏ।
ਗੁਰ ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਏ।

ਕੁਕਨਸ ਪੰਛੀ ਵਾਂਗ ਗੁਰੂ ਜੀ ਨੇ ਆਪਣੇ ਦੁਆਰਾ ਨਿਰਮਿਤ ਅਗਨੀ ਵਿਚ ਆਪਣੇ ਆਪ ਨੂੰ ਭਸਮ ਕਰ ਦਿੱਤਾ, ਇਸ ਆਸ ਵਿਚ ਕਿ ਇਥੋਂ ਹੋਰ ਕੋਈ ਅਮਰ ਪੰਛੀ ਪੈਦਾ ਹੋਏਗਾ ਅਤੇ ਸੱਚਮੁੱਚ ਕੁਝ ਵਰ੍ਹਿਆਂ ਬਾਦ ਗੁਰੂ ਤੇਗ ਬਹਾਦਰ ਜੀ ਦੀ ਭਸਮ ਵਿੱਚੋਂ ਘੋਰ ਵਿਦਰੋਹ ਦੇ ਪੰਛੀ ਨੇ ਜਨਮ ਲਿਆ। ਲੋਕਾਂ ਦੀਆਂ ਅਲਸਾਈਆਂ ਸ਼ਕਤੀਆਂ ਵਿਚ ਨਵੇਂ ਖ਼ੂਨ ਦਾ ਸੰਚਾਰ ਹੋਇਆ। ਚਿਰਾਂ ਤੋਂ ਪੈਰਾਂ ਵਿਚ ਮਿੱਧੇ ਹੋਏ ਲੋਕਾਂ ਦੇ ਮਨ ਵਿਚ ਆਪਣੀ ਪਤਿ ਦੀ ਰੱਖਿਆ ਲਈ ਇਕ ਨਵੀਂ ਪ੍ਰੇਰਨਾ ਪੈਦਾ ਹੋਈ। ਗੁਰੂ ਜੀ ਦਾ ਇਹ ਸਲੋਕ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥ *(ਪੰਨਾ ੧੪੨੭)*

ਵਾਯੂਮੰਡਲ ਵਿਚ ਗੂੰਜਣ ਲਗਿਆ। ਕਿਸੇ ਨੂੰ ਨਾ ਡਰਾਉਣ ਦੀ ਗੱਲ ਨਾਲ ਗੁਰੂ ਜੀ ਨੇ ਨਾ ਡਰਨ ਵਾਲੀ ਭਾਵਨਾ ਜੋੜ ਕੇ ਇਕ ਅਪੂਰਣ ਉਕਤੀ ਨੂੰ ਪੂਰਾ ਕਰ ਦਿੱਤਾ। ਪਰ ਵਾਸਤਵਿਕਤਾ ਦੇ ਇਸ ਸੰਦੇਸ਼ ਦਾ ਬੋਧ ਹਰ ਕਿਸੇ ਨੂੰ ਨਹੀਂ, ਕੇਵਲ ਗਿਆਨਵਾਨ ਵਿਅਕਤੀ ਨੂੰ ਹੀ ਹੋ ਸਕਦਾ ਹੈ, ਕਿਉਂਕਿ ਆਤਮ-ਗਿਆਨ ਨਾਲ ਵਿਅਕਤੀ ਦਾ ਸੰਸਾਰਿਕ ਮੋਹ ਟੁਟ ਜਾਂਦਾ ਹੈ ਅਤੇ ਭੈ ਤੋਂ ਮੁਕਤ ਹੋ ਜਾਂਦਾ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਸੰਸਾਰ ਦੀ ਨਾਸ਼ਵਾਨਤਾ ਨੂੰ ਬਾਰ ਬਾਰ ਸਪੱਸ਼ਟ ਕਰ ਕੇ ਇਸ ਪ੍ਰਤਿ ਵੈਰਾਗ ਦੀ ਜਿਸ ਭਾਵਨਾ ਨੂੰ ਪ੍ਰਸਾਰਿਆ, ਉਸ ਪਿੱਛੇ ਅਨਿਆਂ ਪ੍ਰਤਿ ਅਸਵੀਕਾਰ ਦਾ ਸੰਕਲਪ ਕੰਮ ਕਰ ਰਿਹਾ ਸੀ। ਇਹ ਅਸਵੀਕਾਰ ਗੁਰੂ ਜੀ ਦੇ ਕਿਸੇ ਨਿਜੀ ਕਾਰਣ ਕਰਕੇ ਨਹੀਂ, ਸਗੋਂ ਭਾਰਤ-ਵਾਸੀਆਂ ਦੀ ਸਮੁੱਚੀ ਪੀੜ ਨੂੰ ਹਰਨ ਕਰਕੇ ਸੀ।

ਅਨਿਆਂ ਅੱਗੇ ਨਾ ਝੁਕਣ ਜਾਂ ਉਸ ਨੂੰ ਨਾ ਸਵੀਕਾਰਨ ਦੀ ਗੱਲ ਕੋਈ ਨਿਰਭੈ ਵਿਅਕਤੀ ਹੀ ਕਰ ਸਕਦਾ ਹੈ, ਡਰੇ ਹੋਏ ਦੇ ਮਨ ਵਿਚ ਇਤਨੀ ਹਿੰਮਤ ਹੀ ਨਹੀਂ ਹੋ ਸਕਦੀ। ਨਿਰਭੈਤਾ ਪਿੱਛੇ ਵੀਰਤਾ ਦੀ ਭਾਵਨਾ ਕੰਮ ਕਰ ਰਹੀ ਹੁੰਦੀ ਹੈ। ਵੀਰਤਾ ਦੀ ਭਾਵਨਾ ਹੀ ਭੈ ਨੂੰ ਖ਼ਤਮ ਕਰ ਕੇ ਨਿਰਭੈਤਾ ਨੂੰ ਜਨਮ ਦਿੰਦੀ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦੇ ਵਿਅਕਤਿਤਵ ਵਿਚ ਨਿਰਭੈਤਾ ਅਤੇ ਵੀਰਤਾ ਦੀਆਂ ਭਾਵਨਾਵਾਂ

ਇਕ-ਮਿਕ ਹੋ ਕੇ ਚੱਲੀਆਂ ਹਨ। ਇਸ ਲਈ ਸਾਈਂ ਬੁੱਲ੍ਹੇ ਸ਼ਾਹ ਨੇ ਗੁਰੂ ਜੀ ਨੂੰ 'ਗ਼ਾਜ਼ੀ' ਅਰਥਾਤ ਸੂਰਵੀਰ ਕਿਹਾ ਹੈ।

ਸੱਚਮੁੱਚ ਗੁਰੂ ਜੀ ਦੇ ਬਲੀਦਾਨ ਨੇ ਲੋਕਾਂ ਦੀ ਮਾਨਸਿਕ ਨਿਰਬਲਤਾ ਨੂੰ ਪ੍ਰਬਲ ਆਤਮ-ਸ਼ਕਤੀ ਦੇ ਰੂਪ ਵਿਚ ਬਦਲ ਦਿੱਤਾ ਅਤੇ ਜਨਤਾ ਵਿਚ ਪਸਰੀ ਨਿਰਾਸ਼ਾ ਅਤੇ ਹੀਣਤਾ ਦੀ ਭਾਵਨਾ ਨੂੰ ਦੂਰ ਕਰ ਕੇ ਵੀਰਤਾ, ਉਤਸ਼ਾਹ ਅਤੇ ਨਿਰਭੈਤਾ ਨਾਲ ਕਸ਼ਟਾਂ ਨੂੰ ਸਹਿਣ ਕਰਨ ਅਤੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ, ਇਥੋਂ ਤਕ ਕਿ ਪ੍ਰਾਣ ਨਿਛਾਵਰ ਕਰ ਲੈਣ ਦੀ ਭਾਵਨਾ ਨੂੰ ਜਨਮ ਦਿੱਤਾ।

•

ਕੀਨੋ ਬਡੋ ਕਲੂ ਮਹਿ ਸਾਕਾ

'ਬਚਿਤ੍ਰ ਨਾਟਕ' ਵਿਚਲੀ ਇਸ ਉਕਤੀ ਦਾ ਸੰਬੰਧ ਗੁਰੂ ਤੇਗ ਬਹਾਦਰ ਜੀ ਦੇ ਉਸ ਮਹਾਨ ਪੁਰਸ਼ਾਰਥ ਨਾਲ ਹੈ ਜਿਸ ਦੀ ਪ੍ਰਾਪਤੀ ਲਈ, ਧਰਮ-ਸੰਕਟ ਤੋਂ ਭਾਰਤੀਅਤਾ ਨੂੰ ਬਚਾਣ ਲਈ ਉਨ੍ਹਾਂ ਨੇ ਬੜੇ ਧੀਰ ਗੰਭੀਰ ਢੰਗ ਨਾਲ ਦਿੱਲੀ ਚਾਂਦਨੀ ਚੌਕ ਵਿਚ ਆਪਣੇ ਸੀਸ ਦੀ ਭੇਟ ਚੜ੍ਹਾ ਦਿੱਤੀ :

ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ॥੧੫॥

(ਬਚਿਤ੍ਰ ਨਾਟਕ, ਅਧਿ: ੫)

ਇਸ ਮਹਾਨ ਬਲੀਦਾਨ ਦਾ ਪ੍ਰੇਰਨਾ-ਬਿੰਦੂ ਗੁਰੂ ਨਾਨਕ ਦੇਵ ਜੀ ਦੇ "ਸਿਰੁ ਧਰਿ ਤਲੀ ਗਲੀ ਮੇਰੀ ਆਉ॥"[੧] ਮਹਾਂਵਾਕ ਵਿਚ ਵੇਖਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੀ ਧਰਮ-ਸਾਧਨਾ ਪ੍ਰੇਮ ਆਧਾਰਿਤ ਹੈ। ਅਧਿਆਤਮਿਕ ਪ੍ਰੇਮ ਨੂੰ ਖੇਲਣ ਲਈ ਸਿਰ ਦੀ ਬਾਜ਼ੀ ਲਗਾਣੀ ਬੁਨਿਆਦੀ ਕਰਤੱਵ ਹੈ। ਖੇਲਣ ਜੋਗ ਹੋਣ ਕਰਕੇ ਇਹ ਪ੍ਰੇਮ ਭਾਵੇਂ ਖੇਲ ਵਾਂਗ ਸਰਲ ਪ੍ਰਤੀਤ ਹੁੰਦਾ ਹੈ, ਪਰ ਇਹ ਸਾਧਾਰਣ ਖੇਲ ਨਹੀਂ, ਬੜੀ ਅਸਾਧਾਰਣ ਸਾਧਨਾ ਹੈ। ਗੁਰੂ ਤੇਗ ਬਹਾਦਰ ਜੀ ਨੇ ਵੀ ਨਿਰਬਾਣ ਪਦ ਪ੍ਰਾਪਤੀ ਦੇ ਸਾਧਨਾ-ਖੇਤਰ ਵਿਚ ਸੁੱਖ-ਦੁੱਖ, ਮਾਨ-ਅਪਮਾਨ, ਹਰਖ-ਸੋਗ, ਉਸਤਤ-ਨਿੰਦਾ ਨੂੰ ਸਮਾਨ ਭਾਵ ਨਾਲ ਵੇਖ ਕੇ ਵਾਸਤਵਿਕ ਤੱਤ ਦੀ ਪਛਾਣ ਲਈ ਜਗਿਆਸੂ ਨੂੰ ਪ੍ਰੇਰਿਤ ਕੀਤਾ ਅਤੇ ਇਸ ਨੂੰ 'ਖੇਲ' ਦੀ ਸੰਗਿਆ ਦਿੰਦੇ ਹੋਇਆਂ ਵੀ ਕਠਿਨ ਦੱਸਿਆ :

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥੨॥੧॥

(ਪੰਨਾ ੨੧੯)

ਗੁਰੂ ਤੇਗ ਬਹਾਦਰ ਜੀ ਨੇ ਆਪਣਾ ਬਲੀਦਾਨ ਬੜੇ ਸਰਲ ਢੰਗ ਨਾਲ ਇਕ ਖੇਲ ਵਾਂਗ ਹੀ ਦੇ ਦਿੱਤਾ, ਪਰ ਇਹ ਖੇਲ ਕੋਈ ਸਾਧਾਰਨ ਖੇਲ ਨਹੀਂ ਸੀ। ਅਜਿਹਾ ਖੇਲ ਖੇਲਣ ਵੇਲੇ ਤਾਂ ਵੱਡੇ ਵੱਡੇ ਦ੍ਰਿੜ੍ਹ ਤਪੱਸਵੀਆਂ ਅਤੇ ਤੇਜਸਵੀਆਂ ਦਾ ਚਿੱਤ ਡੋਲ ਜਾਣਾ ਸੁਭਾਵਿਕ ਹੈ। ਪਰ ਨੌਵੇਂ ਗੁਰੂ ਨੂੰ ਜੋ ਕੁਝ ਗੁਰੂ-ਪਰੰਪਰਾ ਤੋਂ ਪ੍ਰਾਪਤ ਹੋਇਆ ਅਤੇ ਆਪਣੀ ਸਾਧਨਾ ਨਾਲ ਵਿਰਾਸਤ ਵਿਚ ਮਿਲੇ ਆਤਮ-ਤਿਆਗ ਅਤੇ ਕਰਤੱਵ ਪਾਲਣ ਦੀ ਭਾਵਨਾ ਨੂੰ ਉਨ੍ਹਾਂ ਨੇ ਹੋਰ ਦ੍ਰਿੜ੍ਹ ਕੀਤਾ, ਉਸ ਸਭ ਨੇ ਮਿਲ ਕੇ ਉਨ੍ਹਾਂ ਦੇ ਚਰਿਤ੍ਰ ਵਿਚ ਇਕ ਖ਼ਾਸ ਵਿਲੱਖਣਤਾ ਦਾ ਸੰਚਾਰ ਕਰ ਦਿੱਤਾ। ਫਲਸਰੂਪ ਉਨ੍ਹਾਂ ਨੇ ਕਲਜੁਗ ਵਿਚ ਵੱਡਾ ਸਾਕਾ ਕਰ ਵਿਖਾਇਆ।

---

੧. ਸਲੋਕ ਮਹਲਾ ੧, ਪੰਨਾ ੧੪੧੨.

ਗੁਰੂ ਜੀ ਦੇ ਵਿਅਕਤਿਤਵ ਵਿਚ ਸ਼ਕਤੀ ਅਤੇ ਸਹਿਜ ਸ਼ਾਂਤੀ ਦਾ ਅਦਭੁਤ ਸੁਮੇਲ ਸੀ। ਉਹ ਵੀਰ ਯੋਧਾ ਸਨ, ਇਸ ਦਾ ਪ੍ਰਮਾਣ ਆਪਣੇ ਯੁੱਧ-ਵੀਰ ਪਿਤਾ ਗੁਰੂ ਹਰਿਗੋਬਿੰਦ ਜੀ ਦੀ ਅਗਵਾਈ ਵਿਚ ੧੪ ਸਾਲ ਦੀ ਉਮਰ ਵਿਚ ਮੁਗ਼ਲ ਸੈਨਾ ਨਾਲ ਕਰਤਾਰਪੁਰ ਵਿਚ ਕੀਤੀ ਲੜਾਈ ਤੋਂ ਮਿਲ ਜਾਂਦਾ ਹੈ। ਉਨ੍ਹਾਂ ਦੇ ਸ਼ਲਾਘਾਯੋਗ ਪਰਾਕ੍ਰਮ ਨੂੰ ਵੇਖ ਕੇ ਗੁਰੂ-ਪਿਤਾ ਨੇ ਉਨ੍ਹਾਂ ਨੂੰ 'ਤੇਗ ਬਹਾਦਰ' ਦਾ ਨਾਂ ਪ੍ਰਦਾਨ ਕੀਤਾ। ਇਹ ਉਨ੍ਹਾਂ ਦੇ ਚਰਿਤ੍ਰ ਵਿਚਲੀ ਸ਼ਕਤੀ ਦਾ ਸਾਕਾਰ ਪ੍ਰਗਟਾਵਾ ਸੀ। ਉਨ੍ਹਾਂ ਦੀ ਸਹਿਜ ਸ਼ਾਂਤੀ ਬਾਬਾ ਬਕਾਲਾ ਦੇ ਤਪੱਸਵੀ ਜੀਵਨ ਤੋਂ ਲੈ ਕੇ ਸ਼ਹੀਦੀ ਦੀ ਘਟਨਾ ਤਕ ਪੈਰ ਪੈਰ 'ਤੇ ਵੇਖੀ ਜਾ ਸਕਦੀ ਹੈ।

ਗੁਰੂ ਤੇਗ ਬਹਾਦਰ ਦੇ ਸਮੇਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਜਬਰੀ ਧਰਮ ਪਰਿਵਰਤਨ ਦਾ ਬੀੜਾ ਚੁਕਿਆ ਹੋਇਆ ਸੀ। ਉਸ ਦੀਆਂ ਇਨ੍ਹਾਂ ਭਾਵਨਾਵਾਂ ਦਾ ਵਿਰੋਧ ਕਰਨਾ ਭਾਰਤ-ਵਾਸੀਆਂ ਲਈ ਸੰਭਵ ਨਹੀਂ ਸੀ। ਨਾ ਉਨ੍ਹਾਂ ਕੋਲ ਕੋਈ ਰਾਜ-ਸੱਤਾ ਜਾਂ ਸ਼ਕਤੀ ਰਹੀ ਸੀ ਅਤੇ ਨਾ ਹੀ ਲਗਾਤਾਰ ਗ਼ੁਲਾਮੀ ਦੀ ਅਵਸਥਾ ਨੇ ਉਨ੍ਹਾਂ ਅੰਦਰ ਆਤਮ-ਗੌਰਵ ਦਾ ਕੋਈ ਅੰਸ਼ ਰਹਿਣ ਦਿੱਤਾ ਸੀ। ਇਸ ਵਿਕਟ ਸਥਿਤੀ ਵਿਚ ਉਹ ਨਿਆਸਰੇ ਅਤੇ ਸੇਧ-ਰਹਿਤ ਸਨ। ਹੀਗਲ ਅਨੁਸਾਰ ਯੁੱਗ-ਮਹਾਂਪੁਰਸ਼ ਉਹ ਹੁੰਦਾ ਹੈ ਜੋ ਯੁੱਗ ਦੇ ਮਨੋਰਥ ਜਾਂ ਇੱਛਾ ਨੂੰ ਆਪਣੇ ਸ਼ਬਦਾਂ ਰਾਹੀਂ ਪ੍ਰਗਟ ਕਰ ਸਕੇ, ਜੋ ਯੁੱਗ ਨੂੰ ਉਸਦੇ ਮਨੋਰਥ ਜਾਂ ਇੱਛਾ ਤੋਂ ਪਰਿਚਿਤ ਕਰਾਏ ਅਤੇ ਉਸ ਨੂੰ ਪੂਰਾ ਕਰਾ ਸਕੇ। ਉਹ ਜੋ ਕੁਝ ਕਰਦਾ ਹੈ, ਉਸ ਵਿਚ ਉਸਦੇ ਯੁੱਗ ਦਾ ਹਿਰਦਾ ਬੋਲਦਾ ਹੈ ਅਤੇ ਉਸ ਵਿਚ ਯੁੱਗ ਦੇ ਸੰਕਲਪ ਦਾ ਸਾਰ ਤੱਤ ਹੁੰਦਾ ਹੈ। ਉਹ ਯੁੱਗ ਦੇ ਮਨੋਰਥ ਜਾਂ ਇੱਛਾ ਨੂੰ ਯਥਾਰਥ ਕ੍ਰਿਆਤਮਕਤਾ ਪ੍ਰਦਾਨ ਕਰਦਾ ਹੈ।

ਜਬਰੀ ਧਰਮ ਪਰਿਵਰਤਨ ਨਾਲ ਲੋਕਾਂ ਦਾ ਮਨ ਅਤਿਅੰਤ ਦੁਖੀ ਹੋ ਚੁਕਿਆ ਸੀ। ਅਨਿਆਇ ਨੂੰ ਸਹਿ ਸਕਣਾ ਉਨ੍ਹਾਂ ਲਈ ਅਸੰਭਵ ਹੋ ਗਿਆ ਸੀ। ਉਦੋਂ ਲੋਕਾਂ ਦੇ ਸਾਹਮਣੇ ਦੋ ਹੀ ਰਾਹ ਸਨ—ਮਨ ਮਾਰ ਕੇ ਜ਼ੁਲਮ ਨੂੰ ਹੋਰ ਸਹਿੰਦੇ ਰਹਿਣਾ ਜਾਂ ਉਸ ਨੂੰ ਹੋਰ ਸਹਿਣਾ ਸਵੀਕਾਰ ਨਾ ਕਰਨਾ। ਇਹ ਦੂਜੀ ਸਥਿਤੀ 'ਅਸਵੀਕਾਰ' ਜਾਂ ਵਿਦਰੋਹ ਦੀ ਹੈ। ਅਜਿਹੇ 'ਅਸਵੀਕਾਰ' ਲਈ ਜੀਵਨ ਦਾ ਮੋਹ ਛੱਡ ਕੇ ਮ੍ਰਿਤੂ ਨੂੰ ਅਪਣਾਉਣਾ ਪਹਿਲੀ ਸ਼ਰਤ ਹੈ। ਗੁਰੂ ਤੇਗ ਬਹਾਦਰ ਜੀ ਨੇ ਯੁੱਗ ਦੇ 'ਅਸਵੀਕਾਰ' ਸੂਚਕ ਮਨੋਰਥ ਨੂੰ ਭਲੀ ਭਾਂਤ ਸਮਝ ਲਿਆ ਅਤੇ ਉਸ ਨੂੰ ਪੂਰਾ ਕਰਨ ਲਈ ਲੋਕਾਂ ਦੇ ਮਨ ਵਿਚ ਨਵੀਂ ਚੇਤਨਾ ਪੈਦਾ ਕਰਨ ਲਈ ਆਤਮ-ਬਲੀਦਾਨ ਦਾ ਮਾਰਗ ਅਪਣਾਇਆ ਅਤੇ ਇਸ ਤਰ੍ਹਾਂ ਇਕ ਇਤਿਹਾਸਿਕ ਭੂਮਿਕਾ ਨਿਭਾਈ, ਜੋ ਉਨ੍ਹਾਂ ਵਰਗੇ ਯੁੱਗ-ਪੁਰਸ਼ ਤੋਂ ਹੀ ਆਸ ਕੀਤੀ ਜਾ ਸਕਦੀ ਹੈ।

ਗੁਰੂ ਤੇਗ ਬਹਾਦਰ ਜੀ ਦੀ ਜੀਵਨ-ਦ੍ਰਿਸ਼ਟੀ 'ਅਭਯ' ਆਧਾਰਿਤ ਸੀ। ਉਨ੍ਹਾਂ ਦੇ ਬਲੀਦਾਨ ਦੇ ਸੰਕਲਪ ਦਾ ਆਧਾਰ ਇਹ 'ਅਭਯਤਾ' ਹੀ ਸੀ, ਜੋ ਉਨ੍ਹਾਂ ਅਨੁਸਾਰ ਬ੍ਰਹਮ ਗਿਆਨੀ ਦਾ ਪ੍ਰਮੁਖ ਲੱਛਣ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥ *(ਪੰਨਾ ੧੪੨੭)*

ਇਸ ਅਭਯਤਾ ਕਰਕੇ ਹੀ ਇਤਿਹਾਸ ਨੇ ਇਕ ਨਵਾਂ ਮੋੜ ਲਿਆ। ਗੁਰੂ ਜੀ ਰਾਜਨੀਤਿਕ ਵਿਦਰੋਹੀ ਨਹੀਂ ਸਨ, ਨਾ ਹੀ ਉਨ੍ਹਾਂ ਨੇ ਯੁੱਗ ਦੇ ਮਨੋਰਥ ਦੀ ਪੂਰਤੀ ਲਈ ਕੋਈ ਸੈਨਿਕ ਕਾਰਵਾਈ ਕੀਤੀ। ਉਨ੍ਹਾਂ ਦੀ ਬਾਣੀ ਵਿਚ ਨੈਤਿਕ ਮੁੱਲਾਂ ਅਤੇ ਮਾਨਵੀ ਕੀਮਤਾਂ ਦੀ ਹਰ ਥਾਂ ਸਥਾਪਨਾ ਹੋਈ ਹੈ, ਕਿਉਂਕਿ ਇਨ੍ਹਾਂ ਦੇ ਬਲ 'ਤੇ ਹੀ ਅਨਿਆਂ ਅਤੇ ਜ਼ੁਲਮ ਵਿਰੁੱਧ ਲੜਨ ਦੀ ਸ਼ਕਤੀ ਸੰਜੋਈ ਜਾ ਸਕਦੀ ਹੈ। ਇਨ੍ਹਾਂ ਕੀਮਤਾਂ ਨੂੰ ਹੀ ਉਨ੍ਹਾਂ ਨੇ ਆਪਣੇ ਆਚਰਣ ਅਤੇ ਬਲੀਦਾਨ ਰਾਹੀਂ ਰੂਪਾਇਤ ਕੀਤਾ ਅਤੇ ਆਪਣੇ ਅਨੁਯਾਈਆਂ ਦੇ ਚਰਿਤ੍ਰ ਵਿਚ ਵੀ ਪੂਰੀ ਤਰ੍ਹਾਂ ਉਤਾਰ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੇ ਭਾਰਤੀ ਇਤਿਹਾਸ ਵਿਚ ਬਲੀਦਾਨ ਦਾ ਇਕ ਨਵਾਂ ਅਧਿਆਇ ਸ਼ਾਮਲ ਕਰ ਦਿੱਤਾ।

ਗੁਰੂ ਜੀ ਦੇ ਬਲੀਦਾਨ ਦੇ ਸਿੱਟੇ ਬੜੇ ਉਸਾਰੂ ਨਿਕਲੇ। ਉਨ੍ਹਾਂ ਨੇ ਭਾਰਤੀ ਜਨ-ਮਾਨਸ ਵਿਚ ਸ਼ਹੀਦੀ ਦੀ ਇਕ ਨਵੀਨ, ਅਦੁੱਤੀ ਅਤੇ ਪ੍ਰਭਾਵ ਵਜੋਂ ਮੰਗਲਮਈ ਉਦਭਾਵਨਾ ਨੂੰ ਜਨਮ ਦਿੱਤਾ। ਤੰਗ-ਨਜ਼ਰੀ ਅਤੇ ਸੁਆਰਥ-ਸਿੱਧੀ ਤੋਂ ਜਨਮੀ ਧਰਮ-ਅੰਧਤਾ ਦੇ ਘੁੱਪ ਹਨੇਰੇ ਨੂੰ ਛਿੰਨ ਭਿੰਨ ਕਰ ਕੇ, ਉਸ ਦੀ ਥਾਂ ਅਸੀਮ ਉਦਾਰਤਾ ਦੀ ਸੀਤਲ ਚੰਨ-ਚਾਨਣੀ ਦਾ ਦੈਵੀ ਵਿਸਥਾਰ ਕਰ ਦਿੱਤਾ। ਲੋਕਾਂ ਦੀ ਨਿਰਬਲਤਾ ਆਤਮ-ਸ਼ਕਤੀ ਨਾਲ ਬਲਵਾਨ ਹੋ ਗਈ, ਨਿਰਾਸ਼ਾ ਦੀ ਥਾਂ ਆਸ਼ਾ ਚਹੁੰ ਪਾਸੇ ਵਿਆਪਤ ਹੋ ਗਈ। ਵਿਦਰੋਹ ਦੀ ਭਾਵਨਾ ਨਿਤ ਪ੍ਰਬਲ ਹੁੰਦੀ ਗਈ। 'ਅਸਵੀਕਾਰ' ਲਈ ਲੋਕਾਂ ਵਿਚ ਪ੍ਰੇਰਨਾ ਵਧਣ ਲੱਗੀ। ਜਿਸ ਅਨਿਆਇ ਦਾ ਉੱਤਰ ਨੌਵੇਂ ਗੁਰੂ ਨੇ ਆਤਮ-ਬਲੀਦਾਨ ਰਾਹੀਂ ਦਿੱਤਾ, ਉਸ ਨੇ ਉਨ੍ਹਾਂ ਦੇ ਅਨੁਯਾਈਆਂ ਨੂੰ ਦ੍ਰਿੜ ਪ੍ਰਤਿੱਗਿਆ ਵਾਲੇ ਵੀਰ ਨਾਇਕਾਂ ਵਿਚ ਬਦਲ ਦਿੱਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ "ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥ ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥"[੧] ਦਾ ਉਪਦੇਸ਼ ਦੇ ਕੇ ਕ੍ਰਿਪਾਨ ਨੂੰ ਸਿੱਖਾਂ ਦੀ ਚਿਰਸੰਗਨੀ ਬਣਾ ਦਿੱਤਾ ਅਤੇ ਇਸ ਤਰ੍ਹਾਂ ਖ਼ਾਲਸਾ ਪੰਥ ਹੋਂਦ ਵਿਚ ਆਇਆ।

ਇਸ ਦੇ ਨਾਲ ਹੀ ਗੁਰੂ ਜੀ ਦੇ ਇਸ ਬਲੀਦਾਨ ਨੇ ਜਨ-ਜੀਵਨ ਵਿਚ ਸੁਤੰਤਰਤਾ ਦੀ ਭਾਵਨਾ ਦਾ ਸੰਚਾਰ ਕੀਤਾ। ਇਤਿਹਾਸਿਕ ਸੰਕਟਾਂ ਉੱਤੇ ਵਿਜੈ ਪ੍ਰਾਪਤ ਕਰਨ ਲਈ ਇਕ ਅਧਿਆਤਮਿਕ ਆਦਰਸ਼ਵਾਦ ਨੂੰ ਪੇਸ਼ ਕੀਤਾ, ਜਿਸ ਦੇ ਚਾਰ ਥੰਮ ਸਨ : ਆਤਮ-ਸ਼ਕਤੀ, ਆਤਮ-ਸੰਜਮ, ਆਤਮ-ਸਮਰਪਣ ਅਤੇ ਆਤਮ-ਤਿਆਗ। ਇਸ ਆਦਰਸ਼ਵਾਦ 'ਤੇ ਉਸਰੇ ਭਾਈਚਾਰੇ ਨੇ ਮਿਧੀ ਹੋਈ ਜਨਤਾ ਨੂੰ ਮੁੜ ਸੁਰਜੀਤ ਅਤੇ ਸੁਚੇਤ ਕੀਤਾ ਅਤੇ ਮਨੁੱਖਤਾ ਨੂੰ ਧਰਮ-ਰੱਖਿਆ ਲਈ ਉਤਸ਼ਾਹਿਤ ਕਰ ਕੇ ਆਤਮ-ਵਿਸ਼ਵਾਸ ਦੇ ਮਾਰਗ ਉੱਤੇ ਅੱਗੇ ਤੋਰਿਆ।

•

੧. ਜ਼ਫ਼ਰਨਾਮਾ, ਅੰਕ ੨੨.

ਗੁਰੂ ਗੋਬਿੰਦ ਸਿੰਘ ਜੀ ਦਾ ਵੀਰ-ਸਾਹਿੱਤ

ਗੁਰੂ ਗੋਬਿੰਦ ਸਿੰਘ ਜੀ ਦਾ ਇਸ ਸੰਸਾਰ ਵਿਚ ਪ੍ਰਗਟ ਹੋਣਾ ਕਿਸੇ ਵਿਸ਼ੇਸ਼ ਉਦੇਸ਼ ਨਮਿਤ ਸੀ। ਉਹ ਉਦੇਸ਼ ਕੀ ਸੀ ? ਇਸ ਦਾ ਥੋੜ੍ਹਾ ਜਿਹਾ ਸੰਕੇਤ 'ਬਚਿਤ੍ਰ ਨਾਟਕ' ਤੋਂ ਮਿਲ ਜਾਂਦਾ ਹੈ, ਜਿਥੇ 'ਅਪਨੀ ਕਥਾ' ਦੇ ਪ੍ਰਸੰਗ ਵਿਚ ਲਿਖਿਆ ਹੈ :

ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥...
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥੪੩॥ *(ਬਚਿਤ੍ਰ ਨਾਟਕ, ਅਧਿ: ੬)*

ਸਪੱਸ਼ਟ ਹੈ ਕਿ ਧਰਮ ਦਾ ਵਿਸਥਾਰ ਕਰਨਾ, ਦੁਸ਼ਟਾਂ ਦੋਖੀਆਂ ਦਾ ਵਿਨਾਸ਼ ਕਰਨਾ ਅਤੇ ਸੰਤਾਂ ਦਾ ਉੱਧਾਰ ਕਰਨਾ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਮਨੋਰਥ ਸੀ। ਇਸ ਮਨੋਰਥ ਦੀ ਪ੍ਰਾਪਤੀ ਲਈ ਗੁਰੂ ਜੀ ਨੇ ਜੀਵਨ ਭਰ ਔਕੜਾਂ ਸਹੀਆਂ, ਆਪਣਾ ਸਰਬੰਸ ਵਾਰ ਦਿੱਤਾ, ਪਰ ਆਪਣੇ ਮਨੋਰਥ ਵਿਚ ਅਡਿੱਗ ਰਹੇ। ਆਪਣੇ ਉਦੇਸ਼ ਦੀ ਸਿੱਧੀ ਲਈ ਉਹਨਾਂ ਨੇ ਜੋ ਮਹਾਨ ਕੰਮ ਕੀਤੇ, ਉਨ੍ਹਾਂ ਵਿੱਚੋਂ ਇਕ ਹੈ— ਵੀਰ-ਸਾਹਿੱਤ ਦੀ ਰਚਨਾ। ਇਸ ਸਾਹਿੱਤ ਰਾਹੀਂ ਗੁਰੂ ਜੀ ਨੇ ਆਤਮਿਕ ਤੌਰ 'ਤੇ ਮਰ ਚੁੱਕੇ ਲੋਕਾਂ ਦੀਆਂ ਭਾਵਨਾਵਾਂ ਨੂੰ ਝੰਜੋੜਿਆ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਉਨ੍ਹਾਂ ਨੂੰ ਉਤੇਜਿਤ ਕੀਤਾ। ਇਸ ਪ੍ਰਕਾਰ ਦਾ ਅਧਿਕਾਂਸ਼ ਸਾਹਿੱਤ ਹੁਣ *ਦਸਮ ਗ੍ਰੰਥ* ਵਿਚ ਸੰਕਲਿਤ ਹੈ।

ਦਸਮ ਗ੍ਰੰਥ ਦੀ ਮੂਲ ਭਾਵਨਾ ਵੀਰ-ਭਾਵਨਾ ਹੈ, ਕਿਉਂਕਿ ਇਸ ਵਿਚ ਅਧਿਕਤਰ ਯੁੱਧ ਵਰਣਨ ਹੋਇਆ ਹੈ ਅਤੇ ਉਸ ਵਿੱਚੋਂ ਵੀ ਜ਼ਿਆਦਾ ਵਰਣਨ ਯੁੱਧ ਦੇ ਸੰਘਰਸ਼ ਪੱਖ ਦਾ ਹੋਇਆ ਹੈ। ਇਸ ਦੀ ਸਮੁੱਚੀ ਭਾਵਨਾ ਛਤ੍ਰੀ ਤੇਜ ਦੇ ਅਨੁਕੂਲ ਹੈ। ਥਾਂ-ਪੁਰ-ਥਾਂ ਯੁੱਧ-ਭੂਮੀ ਵਿਚ ਮਰ ਮਿਟਣ ਦੀ ਅਮਿੱਟ ਇੱਛਾ ਨੂੰ ਪ੍ਰਗਟਾਇਆ ਗਿਆ ਹੈ ਅਤੇ ਅਨੇਕ ਪ੍ਰਸੰਗਾਂ ਵਿਚ ਇਸ਼ਟ ਦੇਵ ਤੋਂ ਜੂਝ ਮਰਨ ਦਾ ਵਰਦਾਨ ਪ੍ਰਾਪਤ ਕਰਨ ਦੀ ਯਾਚਨਾ ਕੀਤੀ ਗਈ ਹੈ। ਇਸ ਦੀ ਹਰੇਕ ਪੰਕਤੀ ਤੋਂ ਯੁੱਧ ਦੀ ਧੁਨੀ ਸੁਣਾਈ ਪੈਂਦੀ ਹੈ ਅਤੇ ਹਰ ਇਕ ਰਚਨਾ ਵਿਚ ਕਵੀ ਦੀ ਕਲਾ ਦਾ ਸਿਖਰ ਵੀ ਉਥੇ ਹੈ ਜਿਥੇ ਉਹ ਵੀਰ-ਭਾਵਨਾ ਨੂੰ ਪ੍ਰਗਟ ਕਰਦਾ ਹੋਇਆ ਯੁੱਧ ਦਾ ਵਰਣਨ ਕਰਦਾ ਹੈ। ਰਾਸ਼ਟਰ ਦੇ ਕਲਿਆਣ ਅਤੇ ਸੁਤੰਤਰਤਾ ਦੀ ਪ੍ਰਾਪਤੀ ਲਈ ਅਜਿਹੀ ਭਾਵਨਾ ਦਾ ਪ੍ਰਗਟਾਵਾ ਸੱਚਮੁੱਚ ਦੇਸ ਦੇ ਹਿੱਤ ਲਈ ਅਪਾਰ ਸੂਝ ਰੱਖਣ ਵਾਲੇ ਕਿਸੇ ਮਹਾਨ ਮਸਤਕ ਦੀ ਉਪਜ ਹੈ। ਵੀਰ-ਭਾਵਨਾ ਤੋਂ ਵਾਂਝਿਆ ਕਵੀ-ਕਰਮ ਵੀ ਮਿਰਤਕ ਦੀ

ਸਾਜ ਸਜਾਵਟ ਵਾਂਗ ਹੈ। 'ਵਿਯੋਗੀ-ਹਰੀ' ਨੇ ਸੱਚ ਹੀ ਕਿਹਾ ਹੈ ਕਿ ਸ਼ਿੰਗਾਰ ਰਸ ਦੀ ਕੋਮਲ ਅਤੇ ਮਨੋਹਰ ਮਧੁਰਤਾ ਨੂੰ ਕੀ ਕਰਾਂ ਜੋ ਤੇਜ ਤੋਂ ਸੁੰਨੀ ਹੈ, ਕਿਉਂਕਿ ਕਮਲ ਵਰਗੀਆਂ ਸੁੰਦਰ ਅੱਖਾਂ ਵੀ ਜੋਤੀ ਤੋਂ ਬਿਨਾਂ ਸੁਸ਼ੋਭਿਤ ਨਹੀਂ ਹੁੰਦੀਆਂ।

ਯੁੱਧ ਵੀਰ ਲਈ ਯੁੱਧ ਭੈ ਦਾ ਕਾਰਨ ਨਹੀਂ, ਖੇਡ ਅਤੇ ਤਮਾਸ਼ਾ ਹੈ, ਮੌਜ ਮੇਲਾ ਹੈ। ਰਾਸ਼ਟਰ ਅਤੇ ਸਮਾਜ ਵਿਚ ਤਦ ਸਿਥਲਤਾ ਅਤੇ ਨਿਰਾਸ਼ਾ ਪਸਰਦੀ ਹੈ, ਜਦੋਂ ਦੇਸ-ਵਾਸੀ ਯੁੱਧ ਕਰਮ ਤੋਂ ਭੈ-ਭੀਤ ਹੋ ਕੇ ਮੂੰਹ ਮੋੜ ਬਹਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਦੇਸ ਦੀ ਕੁਝ ਅਜਿਹੀ ਹੀ ਹਾਲਤ ਸੀ। ਇਸ ਲਈ ਯੁੱਧ ਪ੍ਰਤਿ ਅਨੁਰਾਗ ਦੀ ਭਾਵਨਾ ਪੈਦਾ ਕਰਨਾ ਉਸ ਸਮੇਂ ਦੀ ਪਰਮ ਆਵੱਸ਼ਕਤਾ ਸੀ। ਲੋਕ ਉਤਸ਼ਾਹਹੀਣ ਹੋ ਚੁੱਕੇ ਸਨ। ਜਦ ਤਕ ਜਨਤਾ ਦਾ ਮਨ ਉਤਸ਼ਾਹ ਨਾਲ ਨਹੀਂ ਭਰਦਾ, ਤਦ ਤਕ ਯੁੱਧ ਵਿਚ ਨਿਤਰਨ ਅਤੇ ਉਸ ਪ੍ਰਤਿ ਮੋਹ ਰੱਖਣ ਦਾ ਪ੍ਰਸ਼ਨ ਵੀ ਨਹੀਂ ਉਠ ਸਕਦਾ। ਇਸ ਲਈ ਯੁੱਧ ਬਾਰੇ ਪ੍ਰਚਲਿਤ ਸੰਕਲਪ, ਜੋ ਭੈ ਉਤਪੰਨ ਕਰਨ ਵਾਲਾ ਸੀ, ਨੂੰ ਬਦਲਣਾ ਸੀ। ਜਨਤਾ ਨੂੰ ਦੱਸਣਾ ਸੀ ਕਿ ਯੁੱਧ ਭੈਦਾਇਕ ਜਾਂ ਪੀੜਕ ਨਹੀਂ, ਇਕ ਖੇਡ ਹੈ, ਨਾਚ ਹੈ, ਮੈਖ਼ਾਨਾ ਹੈ। ਇਹ ਸੁਖਦ, ਮਨੋਰੰਜਕ ਅਤੇ ਆਕਰਸ਼ਕ ਕਾਰਜ ਹੈ। ਇਸ ਉਦੇਸ਼ ਦੀ ਪੂਰਤੀ ਲਈ 'ਦਸਮ ਗ੍ਰੰਥ' ਵਿਚ ਉਪਮਾਵਾਂ, ਉਤਪ੍ਰੇਖਿਆਵਾਂ ਅਤੇ ਰੂਪਕਾਂ ਦੁਆਰਾ ਯੁੱਧ ਨੂੰ ਫਾਗ, ਵਿਆਹ, ਨਾਚ-ਘਰ, ਮੈਖ਼ਾਨਾ, ਖੇਡ, ਵਰਸ਼ਾ, ਨਦੀ ਸਾਗਰ, ਆਦਿ ਦੇ ਰੂਪ ਵਿਚ ਚਿਤਰਿਤ ਕਰ ਕੇ ਕੋਮਲ ਅਤੇ ਸੁਖਦ ਦ੍ਰਿਸ਼ਾਂ ਨੂੰ ਪੇਸ਼ ਕੀਤਾ ਗਿਆ ਹੈ।

ਦਸਮ ਗ੍ਰੰਥ ਦੀਆਂ ਅਧਿਕਾਂਸ਼ ਰਚਨਾਵਾਂ ਵਿਚ ਸੂਰਬੀਰਤਾ ਦੇ ਕਾਰਜ ਵਿਚ ਰੁੱਝੇ ਹੋਏ ਸੈਨਾ-ਨਾਇਕਾਂ ਦੇ ਹੀ ਚਿੱਤਰ ਪੇਸ਼ ਕੀਤੇ ਗਏ ਹਨ। ਇਨ੍ਹਾਂ ਪ੍ਰਸੰਗਾਂ ਵਿਚ ਹਿੰਦੂ ਅਵਤਾਰਾਂ ਨੂੰ ਵੀ ਜੇ ਚਿਤਰਿਆ ਗਿਆ ਹੈ ਤਾਂ ਉਹ ਵੀ ਕੋਈ ਅਲੌਕਿਕ ਸ਼ਕਤੀ ਸੰਪੰਨ ਜਾਂ ਅ-ਸਰੀਰੀ ਸ਼ਕਤੀਆਂ ਨਹੀਂ, ਸਗੋਂ ਹੱਡ-ਮਾਸ ਦੇ ਪ੍ਰਾਣੀ ਹਨ। ਉਹ ਹੋਰਨਾਂ ਵਾਂਗ ਹੀ ਯੁੱਧ ਕਰਦੇ ਹਨ, ਹਥਿਆਰ ਚਲਾਂਦੇ ਹਨ, ਸੱਟਾਂ ਮਾਰਦੇ ਤੇ ਸਹਿੰਦੇ ਹਨ, ਮੂਰਛਿਤ ਹੁੰਦੇ ਹਨ, ਹਾਰਦੇ ਤੇ ਜਿੱਤਦੇ ਹਨ। ਗੱਲ ਕੀ, ਉਹ ਪੂਰਨ ਯੋਧੇ ਹਨ ਅਤੇ ਉਨ੍ਹਾਂ ਦੇ ਯੁੱਧ-ਕਰਮ ਤੋਂ ਉਹੀ ਪ੍ਰਭਾਵ ਪੈਂਦਾ ਹੈ, ਜੋ ਸੰਸਾਰਿਕ ਨਾਇਕਾਂ ਦੇ ਯੁੱਧਾਂ ਤੋਂ ਪੈਂਦਾ ਹੈ। ਸ੍ਰੀ ਕ੍ਰਿਸ਼ਨ ਦੇ ਯੁੱਧ ਦਾ ਪ੍ਰਸੰਗ ਵੇਖੋ:

> **ਪਾਨ ਕ੍ਰਿਪਾਨ ਗਹੀ ਘਨਿ ਸਜਾਮ, ਬਡੇ ਰਿਪ ਤੇ ਬਿਨ ਪ੍ਰਾਨ ਕੀਏ॥**
> **ਗਜ ਬਾਜਨ ਕੇ ਅਸਵਾਰ ਹਜਾਰ, ਮੁਰਾਰ ਸੰਘਾਰ ਬਿਦਾਰ ਦੀਏ॥੧੭੫੦॥**

(ਕ੍ਰਿਸ਼ਨਾ ਅਵਤਾਰ, ਦਸਮ ਗ੍ਰੰਥ)

ਇਸ ਗ੍ਰੰਥ ਵਿਚ ਯੋਧੇ ਅਤੇ ਕਾਇਰ ਵਿਚਾਲੇ ਅੰਤਰ ਤਾਂ ਪੇਸ਼ ਕੀਤਾ ਗਿਆ ਹੈ, ਪਰ ਵੀਰ ਅਤੇ ਵੀਰ ਵਿਚਾਲੇ ਕੋਈ ਅੰਤਰ ਪੇਸ਼ ਕਰਨ ਦਾ ਯਤਨ ਨਹੀਂ ਕੀਤਾ ਗਿਆ। ਸਵੈਪੱਖੀ ਜਾਂ ਪਰਪੱਖੀ ਕੋਈ ਵੀ ਹੋਵੇ, ਜੇ ਉਹ ਵੀਰ ਹੈ ਤਾਂ ਉਸ ਦਾ ਵਿਅਕਤਿਤਵ ਪੂਰੇ ਗੌਰਵ ਨਾਲ ਪੇਸ਼ ਕੀਤਾ ਗਿਆ ਹੈ। ਅਵਤਾਰਾਂ ਅਤੇ ਦੇਵਤਿਆਂ ਨੂੰ ਸੂਰਬੀਰ ਦੇ ਦ੍ਰਿਸ਼ਟੀਕੋਣ ਤੋਂ ਚਿਤਰਿਆ ਗਿਆ ਹੈ। ਜਿਸ ਵਿਚ ਮਾਨਵੀ ਸੂਰਬੀਰਤਾ ਹੈ, ਉਹੀ ਯੁੱਧ ਵਿਚ ਵਿਜੇਤਾ ਹੋ ਸਕਦਾ ਹੈ। ਇਸ ਤਰ੍ਹਾਂ ਮਾਨਵੀ ਸ਼ਕਤੀ

ਵਿਚ ਵਿਸ਼ਵਾਸ ਵਧਾਇਆ ਗਿਆ ਹੈ। ਇਸ ਤੋਂ ਇਲਾਵਾ ਕਿਸੇ ਪ੍ਰਸੰਗ ਵਿਚ ਵੀ ਵੈਰੀ ਦਲ ਨੂੰ ਕਮਜ਼ੋਰ ਨਹੀਂ ਵਿਖਾਇਆ ਗਿਆ, ਸਰਬਤ੍ਰ ਸੰਤੁਲਿਤ ਚਿਤਰਨ ਹੈ। ਅਜਿਹੇ ਚਿਤਰਨ ਨਾਲ ਇਕ ਤਾਂ ਯੁੱਧ ਕੇਵਲ ਖਿਲਵਾੜ ਜਾਂ ਪ੍ਰਸੰਸਾ ਮਾਤਰ ਨਹੀਂ ਰਹਿੰਦਾ, ਸਗੋਂ ਕਾਵਿ-ਨਿਆਂ ਦੀ ਪੂਰੀ ਪਾਲਣਾ ਵੀ ਹੁੰਦੀ ਹੈ। ਦੂਜੇ, ਵਸਤੂ ਸਥਿਤੀ ਦਾ ਵਾਸਤਵਿਕ ਪਰਿਚਯ ਵੀ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਕਰਨ ਨਾਲ ਸਾਮਿਅਕ ਸਮੱਸਿਆ ਦਾ ਸਮਾਧਾਨ ਦ੍ਰਿਸ਼ਟੀ-ਗੋਚਰ ਹੁੰਦਾ ਹੈ।

ਦਸਮ ਗ੍ਰੰਥ ਵਿਚ ਕਾਮ, ਕ੍ਰੋਧ ਆਦਿ ਮਨੋਵਿਕਾਰਾਂ ਨੂੰ ਵੀ ਜਿੱਤਣ 'ਤੇ ਬਲ ਦਿੱਤਾ ਗਿਆ ਹੈ। ਵਿਸ਼ੇ-ਵਾਸ਼ਨਾਵਾਂ ਅਧੀਨ ਮਨੁੱਖ ਕਦੇ ਉੱਚਾ ਨਹੀਂ ਉਠ ਸਕਦਾ। ਰਾਸ਼ਟਰ ਦੀ ਉੱਨਤੀ ਲਈ ਆਪਾ ਮਿਟਾਉਣਾ ਜ਼ਰੂਰੀ ਅਤੇ ਬੁਨਿਆਦੀ ਲੋੜ ਵਾਂਗ ਹੈ ਅਤੇ ਅਜਿਹਾ ਹੋਣਾ ਤਦੇ ਸੰਭਵ ਹੋ ਸਕਦਾ ਹੈ ਜਦੋਂ ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਮੁਕਤ ਹੋ ਕੇ ਸਵੱਛ, ਸਾਤਵਿਕ ਜੀਵਨ ਜਿਊਂਦਾ ਹੈ। ਜਨ-ਕਲਿਆਣ ਅਤੇ ਧਰਮ-ਯੁੱਧ ਲਈ ਇਨ੍ਹਾਂ ਵਿਕਾਰਾਂ ਨੂੰ ਮਾਰਨਾ ਉਚਿਤ ਹੈ, ਕਿਉਂਕਿ ਇਨ੍ਹਾਂ ਦੇ ਮਾਰਨ ਨਾਲ ਹੀ ਮਨੁੱਖ ਪੂਰਨ ਮਨੁੱਖ ਬਣਦਾ ਹੈ ਅਤੇ ਪੂਰਨ ਮਨੁੱਖ ਹੀ ਧਰਮ-ਯੁੱਧ ਦਾ ਪ੍ਰੇਮੀ ਹੋ ਸਕਦਾ ਹੈ। ਇਸੇ ਲਈ *ਦਸਮ ਗ੍ਰੰਥ* ਵਿਚ ਇਨ੍ਹਾਂ ਨੂੰ ਮਨੁੱਖ ਦਾ ਪ੍ਰਬਲ ਵੈਰੀ ਮੰਨਿਆ ਗਿਆ ਹੈ ਅਤੇ ਇਨ੍ਹਾਂ ਨੂੰ ਜਿੱਤਣ ਲਈ ਸ਼ੀਲ, ਸੰਤੋਖ, ਧੀਰਜ, ਬਿਬੇਕ ਆਦਿ ਸੂਰਬੀਰਾਂ ਦੀਆਂ ਸੈਨਾਵਾਂ ਦੇ ਸੰਗਠਨ ਲਈ ਪ੍ਰੇਰਨਾ ਦਿੱਤੀ ਗਈ ਹੈ। ਇਨ੍ਹਾਂ ਮਨੋਵਿਕਾਰੀ ਨਾਇਕਾਂ ਦੀ ਡੀਲ-ਡੌਲ, ਇਨ੍ਹਾਂ ਦੇ ਵਾਹਨ ਤੇ ਇਨ੍ਹਾਂ ਦੇ ਯੁੱਧ ਦਾ ਸੁੰਦਰ ਚਿਤਰਨ 'ਪਾਰਸ ਨਾਥ' ਅਵਤਾਰ ਪ੍ਰਸੰਗ ਵਿਚ ਹੋਇਆ ਹੈ। ਇਹ ਯੋਧੇ ਪੂਰੀ ਸਜ-ਧਜ ਨਾਲ ਯੁੱਧ-ਭੂਮੀ ਵੱਲ ਵਧਦੇ ਅਤੇ ਪੂਰੀ ਤਰ੍ਹਾਂ ਸੈਨਿਕ ਉਪਕਰਣਾਂ ਨਾਲ ਲੈਸ ਹਨ। ਯੁੱਧ-ਭੂਮੀ ਵਿਚ ਭਿੜਤ ਵੇਲੇ ਅਨੇਕ ਪ੍ਰਕਾਰ ਦੇ ਅਸਤਰਾਂ ਦੀ ਵਰਤੋਂ ਕਰਦੇ ਹਨ। ਇਨ੍ਹਾਂ ਅਸਤਰਾਂ ਵਿੱਚੋਂ ਵੀ ਬਹੁਤ ਸਾਰੇ ਮਨੁੱਖ ਦੀਆਂ ਦੁਰਬਲਤਾਵਾਂ ਅਤੇ ਸਬਲਤਾਵਾਂ ਦੇ ਪ੍ਰਤੀਕ ਹਨ।

ਯੁੱਧ-ਪ੍ਰਸੰਗਾਂ ਵਿਚ ਵੀਰ-ਸੈਲਾਨੀਆਂ ਪ੍ਰਤਿ, ਚਾਹੇ ਉਹ ਕਿਸੇ ਪੱਖ ਦੇ ਹੋਣ, ਬੜਾ ਮਾਣ ਅਤੇ ਸਤਿਕਾਰ ਪ੍ਰਗਟ ਕੀਤਾ ਗਿਆ ਹੈ। ਅਧਿਕਤਰ ਇਹ ਸਤਿਕਾਰ ਵਿਜੇਤਾ ਨਾਇਕ ਜਾਂ ਵੀਰਗਤੀ-ਪ੍ਰਾਪਤ-ਯੋਧਿਆਂ ਪ੍ਰਤਿ ਪ੍ਰਗਟ ਕੀਤਾ ਗਿਆ ਹੈ। ਦੇਵਤੇ ਅਜਿਹੇ ਯੋਧਿਆਂ 'ਤੇ ਫੁੱਲਾਂ ਦੀ ਵਰਖਾ ਕਰਦੇ ਹਨ:

> ਸੁਰ ਫੂਲਨ ਕੀ ਬਰਖਾ ਬਰਖੇ ॥
> ਰਣ ਧੀਰ ਅਧੀਰ ਦੋਊ ਪਰਖੇ ॥੩੪੭॥ *(ਰਾਮਾ ਅਵਤਾਰ, ਦਸਮ ਗ੍ਰੰਥ)*

ਸਮੁੱਚੇ ਤੌਰ 'ਤੇ ਜਿਸ ਧਰਮ-ਯੁੱਧ ਨੂੰ ਲੜਨ ਲਈ ਦਸਮ ਗੁਰੂ ਦਾ ਜਨਮ ਹੋਇਆ ਸੀ, ਉਸ ਲਈ ਵਾਤਾਵਰਨ ਅਨੁਕੂਲ ਬਣਾਉਣ ਅਤੇ ਲੋਕਾਂ ਨੂੰ ਪ੍ਰੇਰਨਾ ਦੇਣ ਲਈ ਗੁਰੂ ਜੀ ਨੇ ਸਾਹਿੱਤ ਦੀ ਰਚਨਾ ਕੀਤੀ ਤੇ ਕਰਵਾਈ। ਗੁਰੂ ਜੀ ਜਾਣਦੇ ਸਨ ਕਿ ਜੋ ਸ਼ਕਤੀ ਸਾਹਿੱਤ ਵਿਚ ਹੈ, ਉਹ ਤੋਪ ਤੇ ਬੰਦੂਕ ਵਿਚ ਨਹੀਂ। ਸੱਚਮੁੱਚ ਉਸ ਵੇਲੇ ਲੋਕਾਂ ਦੇ ਮਨਾਂ ਦੀ ਸਥਿਤੀ ਨੂੰ ਬਦਲਣ ਵਿਚ ਇਸ ਸਾਹਿੱਤ ਨੇ ਅਦੁੱਤੀ ਯੋਗਦਾਨ ਦਿੱਤਾ ਅਤੇ ਕਮਜ਼ੋਰਾਂ ਦੇ ਮਨ ਵਿਚ ਆਤਮ-ਵਿਸ਼ਵਾਸ ਦੀ ਭਾਵਨਾ ਭਰੀ। ਪੱਛੜੀਆਂ

ਹੋਈਆਂ ਜਾਤੀਆਂ ਦੇ ਲੋਕਾਂ ਨੂੰ ਵੀਰ-ਸੈਲਾਨੀ ਬਣਾਇਆ, ਜਿਨ੍ਹਾਂ ਤੋਂ ਸੈਨਾ ਨਿਰਮਾਣ ਕਰਨ ਦਾ ਵਿਚਾਰ ਪੂਰਬਲੇ ਲੋਕ-ਨਾਇਕਾਂ ਦੇ ਮਨ ਵਿਚ ਕਦੇ ਨਾ ਫੁਰਿਆ।

ਗੁਰੂ ਜੀ ਨੇ ਇਸ ਸਾਹਿੱਤ ਦੀ ਪ੍ਰੇਰਨਾ ਨਾਲ ਯੁੱਧ ਅਤੇ ਸਿੱਖਾਂ ਵਿਚਾਲੇ ਚੋਲੀ-ਦਾਮਨ ਦਾ ਸੰਬੰਧ ਸਥਾਪਿਤ ਕਰ ਦਿੱਤਾ ਅਤੇ ਸਿਖ ਸੈਨਿਕ ਰਾਸ਼ਟਰ ਕਲਿਆਣ ਲਈ ਲੱਕ ਬੰਨ੍ਹ ਕੇ ਤਿਆਰ ਹੋ ਗਏ। ਸਿਖ ਇਤਿਹਾਸ ਸਾਖੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜਨਮ-ਉਦੇਸ਼ ਨੂੰ ਸਾਰਥਕ ਕਰਦਿਆਂ ਸਿੱਘਾਂ ਦੇ ਰੂਪ ਵਿਚ ਅਜਿਹੀ ਮਰਜੀਵੜਿਆਂ ਦੀ ਕੌਮ ਪੈਦਾ ਕਰ ਦਿੱਤੀ, ਜਿਸ ਦੇ ਜਨਮ ਲੈਣ ਨਾਲ ਪੰਜਾਬ ਦੇ ਸਮਕਾਲੀ ਹੀ ਨਹੀਂ, ਪਰਕਾਲੀ ਮਾਮਲੇ ਵੀ ਸੁਲਝ ਗਏ। ਧਰਮ-ਯੁੱਧ ਕਰਨਾ ਸਿੱਖਾਂ ਦਾ ਪਰਮ ਕਰਤੱਵ ਬਣ ਗਿਆ:

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥
ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ॥੨੪੯੨॥

(ਕ੍ਰਿਸ਼ਨਾ ਅਵਤਾਰ, ਦਸਮ ਗ੍ਰੰਥ)

•

ਗੁਰੂ ਗੋਬਿੰਦ ਸਿੰਘ ਜੀ ਦੀ ਧਰਮ-ਸਾਧਨਾ

ਗੁਰੂ ਨਾਨਕ ਦੇਵ ਜੀ ਦੁਆਰਾ ਸੰਚਾਲਿਤ ਭਗਤੀ ਲਹਿਰ ਦੇ ਗੁਰੂ ਗੋਬਿੰਦ ਸਿੰਘ ਦਸਵੇਂ ਅਤੇ ਅੰਤਿਮ ਸਦੇਹ ਗੁਰੂ ਸਨ। ਉਨ੍ਹਾਂ ਤੋਂ ਬਾਦ ਗੁਰੂ-ਗੱਦੀ ਸਦੇਹ ਰੂਪ ਤੋਂ ਸ਼ਬਦ-ਰੂਪ ਵਿਚ ਸਥਾਨਾਂਤਰਿਤ ਹੋ ਗਈ। ਸ਼ਬਦ-ਰੂਪ ਗੁਰੂ ਵਿਚ ਗੁਰੂ ਸਾਹਿਬਾਨ ਦੀਆਂ ਅਧਿਆਤਮਿਕ ਸਥਾਪਨਾਵਾਂ ਅਤੇ ਧਾਰਮਿਕ ਮਾਨਤਾਵਾਂ ਰੂਪਾਇਤ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਸੱਚੇ ਧਰਮ ਦੀ ਰੱਖਿਆ ਲਈ ਅੰਮ੍ਰਿਤ ਦਾ ਦਾਨ ਦੇ ਕੇ ਜੀਵਨ-ਮੁਕਤ ਖ਼ਾਲਸੇ ਨੂੰ ਜਨਮ ਦਿੱਤਾ, ਜਿਸ ਨੇ ਜਾਤ-ਪਾਤ ਦੇ ਵਿਤਕਰਿਆਂ ਨੂੰ ਖ਼ਤਮ ਕਰਕੇ ਅਤੇ ਪਾਖੰਡ-ਪੂਰਣ ਧਾਰਮਿਕ ਪਰੰਪਰਾਵਾਂ ਦਾ ਨਿਖੇਧ ਕਰਕੇ ਇਕ ਅਜਿਹੇ ਧਰਮ ਦੀ ਸਥਾਪਨਾ ਕੀਤੀ, ਜੋ ਉਸ ਵਕਤ ਦੇ ਪ੍ਰਚਲਿਤ ਧਰਮਾਂ ਦੀਆਂ ਰੂੜ੍ਹੀਆਂ ਤੋਂ ਮੁਕਤ ਸਰਬ-ਸਾਂਝਾ ਧਰਮ ਸੀ। ਉਨ੍ਹਾਂ ਦੇ ਇਸ ਸਰਬ-ਸਾਂਝੇ ਅਤੇ ਸਾਰੀ ਮਨੁੱਖਤਾ ਲਈ ਕਲਿਆਣਕਾਰੀ ਧਰਮ ਦਾ ਮੂਲ ਆਦਿ-ਗੁਰੂ ਗੁਰੂ ਨਾਨਕ ਦੇਵ ਦੇ ਸਿੱਧਾਂਤਾਂ ਵਿਚ ਵੇਖਿਆ ਜਾ ਸਕਦਾ ਹੈ। ਸੱਚ ਤਾਂ ਇਹ ਹੈ ਕਿ ਦਸਾਂ ਗੁਰੂਆਂ ਦਾ ਸੰਦੇਸ਼ ਸਰਬ-ਸਾਂਝੇ ਅਤੇ ਮਾਨਵਤਾ ਲਈ ਉਪਕਾਰੀ ਧਰਮ-ਭਾਵਨਾ ਦਾ ਕ੍ਰਮਬੱਧ ਇਤਿਹਾਸ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੀ ਧਰਮ-ਸਾਧਨਾ ਨੂੰ ਵੇਖਣ ਲਈ ਉਨ੍ਹਾਂ ਦੇ ਪ੍ਰਥਮ ਰੂਪ ਗੁਰੂ ਨਾਨਕ ਦੇਵ ਜੀ ਦੇ ਧਾਰਮਿਕ ਦ੍ਰਿਸ਼ਟੀਕੋਣ ਨੂੰ ਵੇਖਣਾ ਹੋਵੇਗਾ।

ਗੁਰੂ ਨਾਨਕ ਦੇਵ ਜੀ ਸਹੀ ਰੂਪ ਵਿਚ ਮਾਨਵ ਧਰਮ ਦੇ ਸੰਸਥਾਪਕ ਸਨ। ਇਹੀ ਕਾਰਣ ਹੈ ਕਿ ਉਹ ਆਪਣੇ ਯੁੱਗ ਵਿਚ ਸਦਾਚਾਰੀ ਪ੍ਰਵਿਰਤੀਆਂ ਵਾਲੇ ਹਿੰਦੂਆਂ ਅਤੇ ਮੁਸਲਮਾਨ ਦੋਹਾਂ ਧਰਮਾਂ ਵਾਲਿਆਂ ਤੋਂ ਆਦਰ ਪ੍ਰਾਪਤ ਕਰਦੇ ਸਨ। ਉਨ੍ਹਾਂ ਨੇ ਹਿੰਦੂ ਧਰਮ ਅਤੇ ਇਸਲਾਮ ਦੇ ਉਸਾਰੂ ਤੇ ਮਾਨਵ ਹਿਤਕਾਰੀ ਤੱਤਾਂ ਦੀ ਇਕ-ਸਮਾਨ ਸ਼ਲਾਘਾ ਕਰਦੇ ਹੋਇਆਂ ਉਨ੍ਹਾਂ ਨੂੰ ਪ੍ਰਵਾਣਤ ਕੀਤਾ ਅਤੇ ਇਨ੍ਹਾਂ ਧਰਮਾਂ ਦੀਆਂ ਮਨੁੱਖ ਨੂੰ ਮਨੁੱਖ ਤੋਂ ਨਿਖੇੜਨ ਅਤੇ ਪਾਖੰਡ ਕਰਨ ਵਾਲੀਆਂ ਰੁਚੀਆਂ ਦੀ ਨਿਖੇਧੀ ਕੀਤੀ।

ਮੋਟੇ ਤੌਰ 'ਤੇ ਧਰਮ ਦੇ ਦੋ ਪੱਖ ਮੰਨੇ ਜਾਂਦੇ ਹਨ—ਇਕ ਸਾਧਾਰਨ ਅਤੇ ਦੂਜਾ ਸੰਕੀਰਣ। ਸਾਧਾਰਨ ਪੱਖ ਧਰਮ ਨੂੰ ਦੇਸ, ਕਾਲ ਅਤੇ ਵਿਅਕਤੀ ਦੀਆਂ ਸੀਮਾਵਾਂ ਤੋਂ ਪਰੇ ਰੱਖਦਾ ਹੈ, ਜਿਸ ਵਿਚ ਸਰਬਤ੍ਰ ਮਾਨਵਤਾ ਅਤੇ ਸਮ-ਭਾਵ ਦੇ ਦਰਸ਼ਨ ਹੁੰਦੇ ਹਨ। ਇਨ੍ਹਾਂ ਵਿਚ ਮਾਨਵ ਦੇ ਕੇਵਲ ਨੈਤਿਕ ਨਿਯਮਾਂ ਦੀ ਸਥਾਪਨਾ ਹੁੰਦੀ ਹੈ। ਧਰਮ ਦੇ ਇਸ ਸਰੂਪ ਨੂੰ 'ਮਾਨਵ ਧਰਮ' ਦਾ ਨਾਂ ਦਿੱਤਾ ਜਾ ਸਕਦਾ ਹੈ। ਧਰਮ ਦਾ ਸੰਕੀਰਣ ਪੱਖ ਵਿਅਕਤੀ, ਦੇਸ ਅਤੇ ਕਾਲ ਦੀਆਂ ਸੀਮਾਵਾਂ ਨਾਲ ਬੰਨ੍ਹਿਆ ਰਹਿੰਦਾ ਹੈ, ਜਿਸ ਦੇ ਫਲਸਰੂਪ ਵੱਖ ਵੱਖ ਧਰਮਾਂ ਦੇ ਆਪਸ ਵਿਚ ਅੰਤਰ ਦਿਸ ਪੈਂਦੇ ਹਨ। ਇਸ ਤਰ੍ਹਾਂ ਸਾਧਾਰਨ ਧਰਮ ਸੰਕੀਰਣ ਧਰਮ ਦੀਆਂ ਭਾਵਨਾਵਾਂ ਤੋਂ ਨਿਰਪੇਖ ਅਤੇ 'ਧਰਮ' ਦੇ

ਸੰਕੁਚਿਤ ਅਰਥ ਤੋਂ ਭਿੰਨ ਸਦਾਚਾਰ-ਸਾਪੇਖ ਅਜਿਹਾ ਧਰਮ ਹੁੰਦਾ ਹੈ, ਜੋ ਸਾਰੀ ਮਾਨਵਤਾ ਨੂੰ ਇਕ-ਸਮਾਨ ਸਮਝਦਾ ਹੋਇਆ, ਸਭ ਵਿਚ ਇੱਕੋ ਈਸ਼ਵਰ ਦੀ ਸਥਿਤੀ ਦੀ ਕਲਪਨਾ ਕਰਦਾ ਹੋਇਆ ਸਰਬਤ੍ਰ ਦਾ ਭਲਾ ਮੰਗਦਾ ਹੈ ਅਤੇ ਸਮੁੱਚੀ ਮਾਨਵਤਾ ਨੂੰ ਕਲਿਆਣ ਮਾਰਗ ਉੱਤੇ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ।

ਸੰਸਾਰ ਦੇ ਸਾਰੇ ਧਰਮ-ਸੰਸਥਾਪਕਾਂ ਨੇ ਅਕਸਰ ਸਾਧਾਰਨ ਧਰਮ ਦੀ ਸਥਾਪਨਾ ਕੀਤੀ ਹੁੰਦੀ ਹੈ, ਪਰ ਉਨ੍ਹਾਂ ਦੇ ਸੰਸਾਰ ਤੋਂ ਉਠਦਿਆਂ ਹੀ ਉਨ੍ਹਾਂ ਦੇ ਅਨੁਯਾਈਆਂ ਵਿਚ ਉਸ ਧਰਮ ਜਾਂ ਧਰਮ-ਭਾਵਨਾ ਨੂੰ ਇਕ ਵਿਸ਼ਿਸ਼ਟ ਰੂਪ ਦੇਣਾ ਸ਼ੁਰੂ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਉਹ ਧਰਮ ਸਾਧਾਰਨਤਾ ਤੋਂ ਹਟ ਕੇ ਸੰਕੀਰਣਤਾ ਵੱਲ ਵਧਣਾ ਸ਼ੁਰੂ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਸਹਿਜੇ ਸਹਿਜੇ ਸਾਧਾਰਨ ਰੂਪ ਦਬ ਜਾਂਦਾ ਹੈ ਅਤੇ ਸੰਕੀਰਣ ਰੂਪ ਪ੍ਰਬਲ ਹੋ ਜਾਂਦਾ ਹੈ। ਇਸੇ ਪ੍ਰਵਿਰਤੀ ਕਰਕੇ ਕਿਸੇ ਵੀ ਧਰਮ ਦਾ ਸਰੂਪ ਵਿਗੜਨੋਂ ਬਚ ਨਹੀਂ ਸਕਿਆ। ਪਰ ਇਹ ਵਿਗੜਿਆ ਹੋਇਆ ਰੂਪ ਚਿਰ-ਸਥਾਈ ਨਹੀਂ ਹੁੰਦਾ। ਸਮੇਂ ਦੇ ਪ੍ਰਵਾਹ ਵਿਚ ਸਦਾ ਉਸ ਦੀ ਪ੍ਰਤਿਕ੍ਰਿਆ ਪੈਦਾ ਹੁੰਦੀ ਹੈ। ਧਰਮਾਂ ਦਾ ਇਤਿਹਾਸ, ਵਾਸਤਵ ਵਿਚ, ਇਸੇ ਕ੍ਰਿਆ-ਪ੍ਰਤਿਕ੍ਰਿਆ ਦਾ ਇਤਿਹਾਸ ਹੈ। ਧਰਮ ਦਾ ਸਾਧਾਰਨ ਰੂਪ ਹੀ ਚਿਰ-ਸਥਾਈ ਹੈ। ਇਸ ਨੂੰ 'ਸਹਿਜ ਧਰਮ' ਦਾ ਨਾਂ ਦਿੱਤਾ ਜਾ ਸਕਦਾ ਹੈ। ਧਰਮ ਦਾ ਇਹੀ ਰੂਪ ਮਾਨਵ ਦੀ ਜੀਵਨ-ਯਾਤਰਾ ਦਾ ਆਧਾਰ ਹੈ। ਮਾਨਵਤਾ ਦੀ ਅਨੰਤ ਪਰੰਪਰਾ ਵਿਚ ਇਸ ਦਾ ਸਰਬ ਪ੍ਰਮੁਖ ਮਹੱਤਵ ਹੈ। ਇਸ ਨਾਲ ਇਕ ਪਾਸੇ ਮਾਨਵ, ਮਾਨਵੀ ਗੁਣਾਂ ਨਾਲ ਪਰਿਪੂਰਣ ਹੁੰਦਾ ਹੈ ਅਤੇ ਦੂਜੇ ਪਾਸੇ ਉਸ ਦੇ ਮਨ ਵਿਚ ਪਾਰਲੌਕਿਕ ਜੀਵਨ ਦੇ ਅਧਿਆਤਮਿਕ ਸੁੱਖਾਂ ਪ੍ਰਤਿ ਕਾਮਨਾ ਪੈਦਾ ਹੁੰਦੀ ਹੈ ਅਤੇ ਉਸ ਦਾ ਭੌਤਿਕ ਜੀਵਨ ਵੀ ਸਬਰ-ਸ਼ੁਕਰ ਨਾਲ ਸੰਤੁਸ਼ਟ ਬਣਦਾ ਹੈ। ਧਰਮ ਮਾਨਵ ਦੀਆਂ ਕਾਮਿਕ ਅਤੇ ਮਾਨਸਿਕ ਚੇਸ਼ਟਾਵਾਂ ਨੂੰ ਸੰਜਮ ਵਿਚ ਹੀ ਨਹੀਂ ਰੱਖਦਾ, ਸਗੋਂ ਉਸ ਨੂੰ ਆਦਰਸ਼ਕ ਜੀਵਨ-ਪੰਥ ਦਾ ਯਾਤਰੀ ਵੀ ਬਣਾਂਦਾ ਹੈ। ਅਸਲ ਵਿਚ, "ਧਰਮ ਮਾਨਵ ਦੀਆਂ ਸਦ-ਚੇਸ਼ਟਾਵਾਂ ਅਤੇ ਸਦ-ਪ੍ਰਵਿਰਤੀਆਂ ਦਾ ਫਲ ਹੈ, ਜੀਵਨ ਦੀਆਂ ਅਮੁਕ ਕਾਮਨਾਵਾਂ ਅਤੇ ਅਦ੍ਰਿਸ਼ਟ ਦੀਆਂ ਅਸਪੱਸ਼ਟ ਭਾਵਨਾਵਾਂ ਨੂੰ ਪ੍ਰਾਪਤ ਕਰਨ ਦਾ ਇਕ ਅਮੋਘ ਸਾਧਨ ਹੈ। ਇਸ ਦਾ ਰਾਹ ਜੀਵਨ ਦਾ ਸੱਚਾ ਰਾਹ ਹੈ, ਇਸ ਦਾ ਪਿਆਰ ਈਸ਼ਵਰੀ ਪ੍ਰੇਮ ਦਾ ਸੰਸਾਰੀ ਰੂਪ ਹੈ ਅਤੇ ਇਸ ਦੀ ਮਹਾਨਤਾ ਮਾਨਵ ਦੇ ਸਦ-ਉੱਦਮਾਂ, ਉਸ ਦੇ ਸਦ-ਸੰਕਲਪਾਂ ਅਤੇ ਖ਼ੁਦ ਉਸ ਦੀ ਆਪਣੀ ਮਹੱਤਾ ਦਾ ਥੰਮ੍ਹ ਹੈ। ਇਹ ਮਾਨਵ-ਜੀਵਨ ਦੀ ਪ੍ਰਗਤੀ ਦਾ ਮਾਪ-ਸਾਧਨ ਹੈ, ਕਿਉਂਕਿ ਧਰਮ ਅਤੇ ਮਾਨਵ ਦਾ ਇਕ ਦੂਜੇ ਨਾਲ ਨਿੱਘਾ ਸੰਬੰਧ ਹੈ।"

ਧਰਮ ਦੇ ਸੰਕੀਰਣ ਸਰੂਪ ਦੇ ਪ੍ਰਬਲ ਹੋ ਜਾਣ ਨਾਲ ਸਾਧਾਰਨ ਰੂਪ ਦਬ ਜਾਂਦਾ ਹੈ। ਉਸ ਦਾ ਮੁੱਖ ਉਦੇਸ਼ ਹੌਲੀ ਹੌਲੀ ਭੁੱਲਦਾ ਜਾਂਦਾ ਹੈ। 'ਸਾਧਯ' ਦਾ ਸਥਾਨ 'ਸਾਧਨ' ਲੈ ਲੈਂਦਾ ਹੈ। ਇਹ ਸਾਧਾਰਨ ਧਰਮ ਦਾ ਅਸਲੋਂ ਵਿਗੜਿਆ ਹੋਇਆ ਰੂਪ ਹੈ। ਪਰ ਜਿਵੇਂ ਸੰਕੀਰਣ ਧਰਮ ਅਧਿਕ ਵਿਗੜਨ ਲੱਗਦਾ ਹੈ, ਤਿਵੇਂ ਤਿਵੇਂ ਉਸ ਦੀ ਪ੍ਰਤਿਕ੍ਰਿਆ ਦੇ ਰੂਪ ਵਿਚ ਸਾਧਾਰਨ ਰੂਪ ਫਿਰ ਤੋਂ ਬਲ ਪਕੜਦਾ ਹੈ। ਇਸ ਨਾਲ ਮਾਨਵ ਧਰਮ ਦੀ ਫਿਰ ਤੋਂ ਸਥਾਪਨਾ ਹੋਣ ਲੱਗਦੀ ਹੈ। ਗੁਰੂ ਨਾਨਕ ਦੇਵ ਜੀ ਦੇ ਆਗਮਨ ਵੇਲੇ ਸਹਿਜ ਧਰਮ ਜਾਂ ਸਾਧਾਰਨ ਧਰਮ ਵਾਲਾ ਰੂਪ ਲਗਪਗ ਨਸ਼ਟ ਹੋ

ਚੁੱਕਿਆ ਸੀ ਅਤੇ ਉਸ ਦੀ ਥਾਂ 'ਤੇ ਹਿੰਦੂ ਅਤੇ ਮੁਸਲਮਾਨ ਧਰਮਾਂ ਦੇ ਸੰਕੀਰਣ ਰੂਪਾਂ ਦੀ ਸਥਾਪਨਾ ਹੋ ਚੁੱਕੀ ਸੀ, ਹਰ ਪਾਸੇ ਘੁਪ ਹਨੇਰਾ ਪਸਰਿਆ ਹੋਇਆ ਸੀ। ਗੁਰੂ ਜੀ ਨੇ ਆਪਣੇ ਸਮਕਾਲੀ ਯੁਗ ਨੂੰ 'ਕਲਜੁੱਗ' ਦਾ ਨਾਂ ਦਿੰਦੇ ਹੋਇਆਂ ਦੱਸਿਆ ਹੈ ਕਿ ਕਲਜੁੱਗ ਛੁਰੀ ਵਾਂਗ ਹੈ, ਰਾਜੇ ਕਸਾਈਆਂ ਵਰਗੇ ਹਨ ਅਤੇ ਧਰਮ ਖੰਭ ਲਾ ਕੇ ਉੱਡ ਪੁੱਡ ਗਿਆ ਹੈ। ਸਭ ਪਾਸੇ ਕੂੜ ਰੂਪੀ ਮੱਸਿਆ ਛਾਈ ਹੋਈ ਹੈ। ਅਜਿਹੀ ਅਵਸਥਾ ਵਿਚ ਸੱਚ ਦਾ ਚੰਦ੍ਰਮਾ ਕਿਥੇ ਚੜ੍ਹਿਆ ਹੈ ? ਇਹ ਪਤਾ ਨਹੀਂ। ਲੱਭ ਲੱਭ ਕੇ ਵਿਆਕੁਲਤਾ ਦੀ ਸੀਮਾ ਤਕ ਪਹੁੰਚਣ ਦੇ ਬਾਵਜੂਦ ਹਨੇਰੇ ਵਿਚ ਕੁਝ ਵੀ ਵਿਖਾਈ ਨਹੀਂ ਦਿੰਦਾ। ਹਉਮੈ ਵਿਚ ਗ੍ਰਸੀ ਦੁਨੀਆ ਵਿਲਕ ਰਹੀ ਹੈ, ਪਤਾ ਨਹੀਂ ਇਸ ਦਾ ਉੱਧਾਰ ਕਿਵੇਂ ਸੰਭਵ ਹੋਵੇਗਾ ?

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥੧੬॥ *(ਪੰਨਾ ੧੪੫)*

ਗੁਰੂ ਜੀ ਅਨੁਸਾਰ ਸ਼ਰਮ ਅਤੇ ਧਰਮ ਦੀ ਮਰਯਾਦਾ ਸਮਾਪਤ ਹੋ ਚੁੱਕੀ ਹੈ ਅਤੇ ਹਰ ਪਾਸੇ ਕੂੜ ਦੀ ਸਥਾਪਨਾ ਹੋ ਚੁੱਕੀ ਹੈ :

ਸਰਮ ਧਰਮ ਕਾ ਡੇਰਾ ਦੂਰਿ ॥
ਨਾਨਕ ਕੂੜੁ ਰਹਿਆ ਭਰਪੂਰਿ ॥੨॥੧੬॥ *(ਪੰਨਾ ੪੭੧)*

ਗੁਰੂ ਨਾਨਕ ਦੇਵ ਜੀ ਨੇ ਇਕ-ਮਾਤਰ ਸੱਚੇ ਮਾਨਵ-ਧਰਮ ਨੂੰ ਦ੍ਰਿੜ ਕਰਨ ਉੱਤੇ ਬਲ ਦਿੱਤਾ, ਜੋ ਜੁਗ ਜੁਗ ਵਿਚ ਵਿਆਪਤ ਚਲਿਆ ਆ ਰਿਹਾ ਹੈ :

ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥...੪॥੩॥ *(ਪੰਨਾ ੧੧੮੮)*

ਗੁਰੂ ਨਾਨਕ ਦੇਵ ਜੀ ਨੇ ਧਰਮ ਤੇ ਸਦਾਚਰਣ ਨੂੰ ਅਤਿ ਅਧਿਕ ਮਹੱਤਵ ਦਿੱਤਾ। ਅਸਲ ਵਿਚ, ਮਾਨਵ-ਧਰਮ ਦਾ ਮੂਲਾਧਾਰ ਸਦਾਚਰਣ ਅਤੇ ਸ਼ੁਭ ਕਰਮ ਹਨ। ਉਨ੍ਹਾਂ ਦੀ 'ਸਹਿਜ ਸਾਧਨਾ' ਜਾਂ 'ਸਹਿਜ ਧਰਮ' ਉਤਮ ਬ੍ਰਿਤੀਆਂ ਦਾ ਸਮੁੱਚ ਹੈ। ਇਸ ਸਾਧਨਾ ਨੂੰ ਸੰਪੰਨ ਕਰਨ ਵਾਲਾ ਸਾਧਕ 'ਗੁਰਮੁਖ' ਹੈ, ਜੋ ਗੁਰੂ ਜੀ ਦਾ ਆਦਰਸ਼-ਪੁਰਸ਼ ਹੈ।

ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਮਕਾਲੀ ਸੰਕੀਰਣ ਅਤੇ ਰੂੜ੍ਹ ਧਾਰਮਿਕ ਪਰੰਪਰਾਵਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਮਹੱਤਵ ਪ੍ਰਦਾਨ ਨਹੀਂ ਕੀਤਾ, ਕਿਉਂਕਿ ਉਨ੍ਹਾਂ ਨਾਲ ਮਾਨਵਤਾ ਦਾ ਸਹੀ ਵਿਕਾਸ ਰੁਕ ਚੁੱਕਿਆ ਸੀ। ਵਾਸਤਵ ਵਿਚ, ਪਰੰਪਰਿਕ ਧਰਮਾਂ ਦੇ ਮੁਕਾਬਲੇ ਉਨ੍ਹਾਂ ਨੇ ਸਹਿਜ ਧਰਮ ਨੂੰ ਸਵੀਕਾਰ ਕਰਨ ਦੀ ਪ੍ਰੇਰਨਾ ਦਿੱਤੀ ਹੈ। ਇਹ ਸਹਿਜ ਧਰਮ ਸੰਕੀਰਣ ਧਰਮਾਂ ਤੋਂ ਉੱਚਾ ਸੁੱਚਾ 'ਮਾਨਵ ਧਰਮ' ਸੀ। ਗੁਰੂ ਨਾਨਕ ਦੇਵ ਜੀ ਨੇ ਆਪਣਾ ਸਾਰਾ ਜੀਵਨ ਲੋਕਾਂ ਦੀਆਂ ਧਾਰਮਿਕ ਭੁੱਲਾਂ ਨੂੰ ਸਮਝਣ, ਸਮਝਾਣ ਅਤੇ ਸੁਧਾਰਨ ਵਿਚ ਲਗਾ ਦਿੱਤਾ ਸੀ। ਉਨ੍ਹਾਂ ਦੇ ਸਹਿਜ ਧਰਮ ਵਿਚ ਕਿਸੇ ਤਰ੍ਹਾਂ ਦੇ ਬਾਹਰਲੇ ਭੇਖਾਂ ਜਾਂ ਅਡੰਬਰਾਂ ਨੂੰ ਕੋਈ ਸਥਾਨ ਪ੍ਰਾਪਤ

ਨਹੀਂ ਸੀ। ਉਹ ਕੇਵਲ ਆਚਾਰਾਂ ਦੇ ਨੈਤਿਕ ਅਤੇ ਮਾਨਸਿਕ ਰੂਪ ਪ੍ਰਤਿ ਹੀ ਰੁਚੀ ਰੱਖਦੇ ਸਨ, ਜਿਸ ਦਾ ਮੂਲਾਧਾਰ ਸਮੁੱਚੀ ਮਾਨਵਤਾ ਦਾ ਹਿਤ ਸੀ। ਉਨ੍ਹਾਂ ਦੇ ਸਹਿਜ ਧਰਮ ਦੀ ਉਸਾਰੀ ਵਿਚ ਪ੍ਰੇਮ, ਨਾਮ-ਸਿਮਰਨ, ਸ਼ਬਦ-ਮੰਨਨ, ਆਤਮ-ਸਮਰਪਣ, ਕੀਰਤਨ ਆਦਿ ਨੇ ਵਿਸ਼ੇਸ਼ ਯੋਗਦਾਨ ਦਿੱਤਾ।

ਸਿਖ ਧਰਮ ਦਾ ਜੋ ਸਾਧਾਰਨ ਰੂਪ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਕੀਤਾ ਸੀ, ਉਹ ਦੋ ਸਦੀਆਂ ਤਕ ਉਸੇ ਤਰ੍ਹਾਂ ਜਾਰੀ ਰਿਹਾ। ਉਸ ਦਾ ਕਾਰਨ ਇਹ ਸੀ ਕਿ ਹੋਰਨਾਂ ਧਰਮ-ਸੰਸਥਾਪਕਾਂ ਵਾਂਗ ਸਿਖ ਧਰਮ ਦੀ ਅਗਵਾਈ ਕਰਨ ਵਾਲਾ ਮੁੱਖ ਪ੍ਰੇਰਕ ਖ਼ਤਮ ਨਹੀਂ ਸੀ ਹੋਇਆ, ਸਗੋਂ ਗੁਰੂ ਨਾਨਕ ਦੇਵ ਜੀ ਤੋਂ ਬਾਦ ਗੁਰੂਆਂ ਦੀ ਲਗਾਤਾਰ ਇਕ ਪਰੰਪਰਾ ਚੱਲੀ ਸੀ ਅਤੇ ਸਾਰਿਆਂ ਵਿਚ ਇੱਕੋ ਅਗੰਮੀ ਜੋਤਿ ਕੰਮ ਕਰ ਰਹੀ ਸੀ। ਗੁਰੂ ਨਾਨਕ ਦੇਵ ਜੀ ਨੇ ਮੁੱਖ ਤੌਰ 'ਤੇ ਪਰਮਾਤਮਾ ਦੀ ਪ੍ਰੇਮਾ-ਭਗਤੀ ਅਤੇ ਸਦਾਚਰਣ ਦਾ ਜੋ ਸਾਧਨ ਸਾਧਾਰਨ ਧਰਮ ਲਈ ਦੱਸੇ ਸਨ, ਉਹੋ ਹੀ ਸਾਧਨ ਪੰਜਵੇਂ ਗੁਰੂ ਤਕ ਪਹੁੰਚ ਕੇ ਹੋਰ ਨਿਖਰੇ ਅਤੇ ਲੋਕਾਂ ਦੀ ਉਨ੍ਹਾਂ ਨੂੰ ਅਪਣਾਉਣ ਦੀ ਰੁਚੀ ਵਿਚ ਹੋਰ ਵਿਕਾਸ ਹੋਇਆ। ਪੰਚਮ ਗੁਰੂ ਨੇ ਉਨ੍ਹਾਂ ਦਾ ਭਰਪੂਰ ਪ੍ਰਚਾਰ ਕੀਤਾ। ਜੇ ਅਸੀਂ ਇਹ ਸਾਰੀ ਗੱਲ ਇੱਕੋ ਪੰਕਤੀ ਵਿਚ ਮੁਕਾਣੀ ਹੋਵੇ ਤਾਂ 'ਸੁਖਮਨੀ' ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦਾ ਇਹ ਕਥਨ ਪੁਸ਼ਟੀ ਵਜੋਂ ਕਾਫ਼ੀ ਹੈ:

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥...੮॥੩॥ *(ਪੰਨਾ ੨੬੬)*

ਇਹ ਪਰੰਪਰਾ ਜਦੋਂ ਗੁਰੂ ਗੋਬਿੰਦ ਸਿੰਘ ਤਕ ਪਹੁੰਚੀ ਤਾਂ ਉਦੋਂ ਇਸ ਵਿਚ ਹੋਰ ਵੀ ਸਪੱਸ਼ਟਤਾ ਅਤੇ ਦ੍ਰਿੜ੍ਹਤਾ ਆ ਚੁੱਕੀ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਉਨ੍ਹਾਂ ਦੇ ਉਪਦੇਸ਼ਾਂ ਤੋਂ ਭਲੀਭਾਂਤ ਸਪੱਸ਼ਟ ਹੈ ਕਿ ਉਨ੍ਹਾਂ ਨੇ ਉਸ ਧਰਮ ਨੂੰ ਜਾਰੀ ਰੱਖਿਆ, ਜਿਸ ਧਰਮ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ। ਗੁਰੂ ਨਾਨਕ ਦੇਵ ਜੀ ਨੂੰ ਅਧਰਮ ਦਾ ਜੋ ਹਨੇਰਾ ਨਜ਼ਰ ਆਇਆ, ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਵੀ ਉਸੇ ਹਨੇਰੇ ਨੂੰ ਦੂਰ ਕਰਨ ਨਿਮਿਤ ਹੋਇਆ। 'ਬਚਿਤ੍ਰ ਨਾਟਕ' ਅਨੁਸਾਰ :

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥੨੯॥
(ਬਚਿਤ੍ਰ ਨਾਟਕ, ਅਧਿ: ੬)

ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਧਰਮ ਦੀ ਸਥਾਪਨਾ ਕਰਨਾ ਅਤੇ ਅਧਰਮ ਦਾ ਨਾਸ਼ ਕਰਨਾ ਪ੍ਰਮੁਖ ਨਿਸ਼ਾਨਾ ਸੀ। ਅਧਰਮ ਵਿਚ ਸਭ ਤੋਂ ਜ਼ਿਆਦਾ ਜੋ ਗੱਲ ਚੱਲ ਰਹੀ ਸੀ, ਉਹ ਸੀ ਉਸ ਵਕਤ ਜਾਤੀ ਭੇਦ-ਭਾਵ ਦੀ ਭਾਵਨਾ, ਜੋ ਸੱਚੇ ਧਰਮ ਦੀ ਸਥਾਪਨਾ ਵਿਚ ਸਭ ਤੋਂ ਜ਼ਿਆਦਾ ਰੁਕਾਵਟ ਸੀ। ਸਿਖ ਧਰਮ ਵਿਚ ਇਸ ਭਾਵਨਾ ਦਾ ਬੜੀ ਦ੍ਰਿੜ੍ਹਤਾ ਨਾਲ ਵਿਰੋਧ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਧਰਮ ਦੀ ਸਥਾਪਨਾ ਲਈ ਲੋਕਾਂ ਦੇ ਮਨ ਵਿਚ ਇਕ ਅਜਿਹੀ ਭਾਵਨਾ ਭਰੀ, ਜਿਸ ਨਾਲ ਉਨ੍ਹਾਂ ਵਿਚ ਮਨੁੱਖੀ ਵਿੱਥਾਂ ਨੂੰ ਖ਼ਤਮ ਕਰਨ ਦਾ ਸੁਝਾਅ ਦਿੱਤਾ ਅਤੇ ਉਸ ਸੁਝਾਅ ਦੀ ਦ੍ਰਿੜ੍ਹ ਪਾਲਨਾ ਲਈ ਉਨ੍ਹਾਂ ਨੇ ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ। ਇਸ ਅੰਮ੍ਰਿਤ

ਨੂੰ ਪ੍ਰਾਪਤ ਕਰਨ ਨਾਲ ਉੱਚੇ ਨੀਵੇਂ ਵਰਗਾਂ ਵਿਚ ਇਕਰੂਪਤਾ ਅਤੇ ਸਮਾਨਤਾ ਵਿਆਪਤ ਹੋ ਗਈ ਅਤੇ ਹਰ ਪ੍ਰਕਾਰ ਦੇ ਭੇਦ-ਭਾਵ ਮਿਟ ਗਏ। ਉਨ੍ਹਾਂ ਨੇ ਆਪਣੇ ਇਸ ਸਿੱਧਾਂਤ ਨੂੰ ਸਪੱਸ਼ਟ ਕਰਦੇ ਹੋਇਆਂ 'ਅਕਾਲ ਉਸਤਤਿ' ਵਿਚ ਕਿਹਾ ਹੈ ਕਿ ਮਨੁੱਖਾਂ ਦੀ ਕੇਵਲ ਇਕ ਹੀ ਜਾਤ ਹੈ ਅਤੇ ਰਾਮ ਰਹੀਮ ਸਭ ਇੱਕੋ ਪਰੰਪਰਾ ਦੇ ਸੂਚਕ ਹਨ। ਭਾਵੇਂ ਕੋਈ ਬੈਰਾਗੀ ਹੋਵੇ, ਕੋਈ ਸੰਨਿਆਸੀ, ਕੋਈ ਯੋਗੀ, ਕੋਈ ਬ੍ਰਹਮਚਾਰੀ ਅਤੇ ਕੋਈ ਜਤੀ; ਸਭ ਇੱਕੋ ਮੂਲ ਨਾਲ ਸੰਬੰਧਿਤ ਹਨ। ਇਸ ਸੰਸਾਰ ਵਿਚ ਕੋਈ ਹਿੰਦੂ, ਕੋਈ ਮੁਸਲਮਾਨ, ਕੋਈ ਸ਼ੀਆ, ਕੋਈ ਸੁੰਨੀ; ਕਈ ਪ੍ਰਕਾਰ ਦੀਆਂ ਧਾਰਮਿਕ ਜਾਤੀਆਂ ਹਨ। ਪਰ ਇਨ੍ਹਾਂ ਸਭ ਨੂੰ ਮਨੁੱਖ ਦੀ ਇਕ ਜਾਤ ਹੀ ਸਮਝਣਾ ਚਾਹੀਦਾ ਹੈ। ਕਿਉਂਕਿ 'ਕਰਨ ਕਾਰਨ ਸਮਰਥ' ਕੇਵਲ ਇੱਕੋ ਪਰਮਾਤਮਾ ਹੀ ਹੈ, ਦੂਜਾ ਹੋਰ ਕੋਈ ਨਹੀਂ। ਹੋਰ ਸਾਰੇ ਭਰਮਾਂ ਨੂੰ ਛੱਡ ਕੇ ਉਸ ਪਰਮਾਤਮਾ ਦੀ ਸੇਵਾ ਵਿਚ ਲੀਨ ਹੋਣਾ ਚਾਹੀਦਾ ਹੈ:

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥੮੫॥ *(ਅਕਾਲ ਉਸਤਤਿ, ਪਾਤਸ਼ਾਹੀ ੧੦)*

ਗੁਰੂ ਜੀ ਨੇ ਇਹ ਵੀ ਦੱਸਿਆ ਕਿ ਇਸ ਸੰਸਾਰ ਵਿਚ ਮੰਦਰ ਅਤੇ ਮਸੀਤ, ਪੂਜਾ ਅਤੇ ਨਮਾਜ਼ ਸਭ ਇਕ ਹਨ। ਮਨੁੱਖ ਵੀ ਸਾਰੇ ਇਕ-ਸਮਾਨ ਹਨ। ਭੁਲੇਖਾ ਵਿਅਰਥ ਹੈ। ਦੇਵਤਾ, ਦੈਂਤ, ਜੱਛ, ਗੰਧਰਬ, ਮੁਸਲਮਾਨ ਅਤੇ ਹਿੰਦੂ ਸਭ ਵੱਖਰੇ ਵੱਖਰੇ ਦੇਸਾਂ ਕਰਕੇ ਵੱਖਰਤਾ ਦਾ ਕੇਵਲ ਇਕ ਆਭਾਸ ਜਾਂ ਪ੍ਰਭਾਵ ਮਾਤਰ ਹਨ। ਉਂਜ ਇਨ੍ਹਾਂ ਸਭ ਦੀਆਂ ਅੱਖਾਂ, ਕੰਨ, ਸਰੀਰ, ਸਰੂਪ ਇੱਕੋ ਜਿਹੇ ਹਨ, ਕਿਉਂਕਿ ਇਹ ਸਾਰੇ ਪੰਜ ਤੱਤਾਂ ਦੇ ਪੁਤਲੇ ਹਨ। ਇਨ੍ਹਾਂ ਵਿਚ ਹਰ ਤਰ੍ਹਾਂ ਦੀ ਸਮਰੂਪਤਾ ਅਤੇ ਇਕਤਵ ਹੈ। ਪਰਮਾਤਮਾ ਇਕ ਹੈ। ਕੁਰਾਨ, ਪੁਰਾਨ ਵੱਖਰੀਆਂ ਵੱਖਰੀਆਂ ਧਰਮ-ਪੁਸਤਕਾਂ ਹੋਣ ਦੇ ਬਾਵਜੂਦ ਇਕ ਹਨ। ਇਸ ਅਨੇਕਤਾ ਵਿਚ ਸਰਬਤ੍ਰ ਏਕਤਾ ਹੈ:

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥੮੬॥ *(ਅਕਾਲ ਉਸਤਤਿ, ਪਾਤਸ਼ਾਹੀ ੧੦)*

ਗੁਰੂ ਗੋਬਿੰਦ ਸਿੰਘ ਜੀ ਨੇ ਸੱਚੇ ਹਿੰਦੂ ਅਤੇ ਸੱਚੇ ਮੁਸਲਮਾਨ ਪ੍ਰਤਿ ਸਦਾ ਸਦਭਾਵਨਾ ਦੀ ਦ੍ਰਿਸ਼ਟੀ ਰੱਖੀ ਹੈ। ਜੋ ਧਰਮ ਦੇ ਵਾਸਤਵਿਕ ਮਾਰਗ ਤੋਂ ਹਟ ਚੁੱਕੇ ਸਨ, ਉਨ੍ਹਾਂ ਦੇ ਗੁਰੂ ਜੀ ਵਿਰੋਧੀ ਸਨ। ਉਨ੍ਹਾਂ ਨੇ ਆਪਣੇ ਵਿਚਾਰਾਂ ਰਾਹੀਂ ਧਰਮ ਦੀ ਇਸ ਸੰਸਕ੍ਰਿਤਿਕ ਏਕਤਾ ਨੂੰ ਬਲਵਾਨ ਕੀਤਾ ਅਤੇ ਭੇਦ ਦੀ ਰੁਚੀ ਨੂੰ ਹੀਨ ਦੱਸਿਆ। ਪਰਸਪਰ ਵਾਦ-ਵਿਵਾਦ ਨੂੰ ਖ਼ਤਮ ਕਰਨ ਵਾਸਤੇ ਕਈ ਪ੍ਰਸੰਗਾਂ ਵਿਚ ਉਨ੍ਹਾਂ ਨੇ ਬੜੀ ਤਰਕਪੂਰਣ ਸ਼ੈਲੀ ਵਿਚ ਲੋਕਾਂ ਨੂੰ ਚੇਤਾਵਨੀ ਕੀਤੀ ਕਿ ਜਿਵੇਂ ਅੱਗ ਤੋਂ ਅਨੇਕਾਂ ਚਿਣਗਾਂ ਪੈਦਾ ਹੋ ਕੇ ਆਪਣੀ ਵੱਖਰੀ ਵੱਖਰੀ ਹੋਂਦ ਦੱਸਦੇ ਹੋਇਆਂ ਫਿਰ ਉਸੇ ਅੱਗ ਵਿਚ ਹੀ ਸਮਾਅ ਜਾਂਦੀਆਂ ਹਨ, ਜਿਵੇਂ ਮਿੱਟੀ ਦੇ ਅਨੇਕ ਜ਼ੱਰੇ ਮਿੱਟੀ ਤੋਂ ਪੈਦਾ ਹੋ ਕੇ ਆਪਣੀ ਹਸਤੀ ਦੱਸਦਿਆਂ ਹੋਇਆਂ ਫਿਰ ਮਿੱਟੀ ਵਿਚ ਹੀ ਸਮਾਅ ਜਾਂਦੇ ਹਨ, ਜਿਵੇਂ ਸਮੁੰਦਰ ਤੋਂ ਅਨੇਕਾਂ ਲਹਿਰਾਂ ਪੈਦਾ ਹੁੰਦੀਆਂ ਹਨ, ਪਰ ਉਹ ਸਾਰੀਆਂ ਪਾਣੀ ਹੀ ਅਖਵਾਉਂਦੀਆਂ ਹਨ, ਉਸੇ ਤਰ੍ਹਾਂ ਪਰਮਾਤਮਾ ਤੋਂ ਸਭ ਕੁਝ ਪੈਦਾ ਹੋ ਕੇ ਫਿਰ ਉਸੇ ਵਿਚ ਲੀਨ ਹੋ ਜਾਂਦਾ ਹੈ:

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿੰਗੇ ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ,
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈਂ,
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੁਇ,
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ ॥੮੭॥ *(ਅਕਾਲ ਉਸਤਤਿ, ਪਾਤਸ਼ਾਹੀ ੧੦)*

ਅਸਲ ਵਿਚ, ਸਭ ਕੁਝ ਇੱਕੋ ਮੂਲ ਤੱਤ ਪਰਮਾਤਮਾ ਤੋਂ ਉਤਪੰਨ ਹੋ ਕੇ ਉਸੇ ਤੱਤ ਵਿਚ ਸਮਾਅ ਜਾਂਦਾ ਹੈ, ਇਸ ਲਈ ਜਿਨ੍ਹਾਂ ਤੱਤਾਂ ਦਾ ਮੂਲ ਇਕ ਹੈ, ਉਨ੍ਹਾਂ ਵਿਚ ਕੋਈ ਮੂਲਿਕ ਅੰਤਰ ਨਹੀਂ ਹੋ ਸਕਦਾ। ਵਾਸਤਵ ਵਿਚ ਇਹ ਸਭ ਭੁਲੇਖੇ ਗ਼ਲਤ ਢੰਗ ਦੇ ਧਰਮ-ਆਗੂਆਂ ਨੇ ਫੈਲਾਏ ਹੋਏ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਸਪੱਸ਼ਟ ਧਾਰਨਾ ਸੀ ਕਿ "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥"[੧] ਸੱਚਾ ਧਰਮ ਸੱਚ-ਮੁੱਚ ਪ੍ਰੇਮ-ਆਧਾਰਿਤ ਨਿਸ਼ਕਪਟ ਭਗਤੀ ਅਤੇ ਸਦਾਚਰਣ 'ਤੇ ਆਧਾਰਤ ਇਕ ਅਜਿਹੀ ਜੀਵਨ-ਵਿਧੀ ਹੈ, ਜਿਸ ਰਾਹੀਂ ਮਨੁੱਖ ਮਨੁੱਖ ਦੇ ਨੇੜੇ ਆਉਂਦਾ ਹੋਇਆ, ਸਮਾਜ ਨੂੰ ਕਲਿਆਣਕਾਰੀ ਮਾਰਗ ਉੱਤੇ ਅੱਗੇ ਤੋਰਦਾ ਹੈ। ਇਸੇ ਧਰਮ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ਅਤੇ ਇਸੇ ਦਾ ਪ੍ਰਸਾਰਣ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਕੇ ਆਪਣੇ ਸੰਸਾਰ-ਆਗਮਨ ਨੂੰ ਉਦੇਸ਼-ਪੂਰਣ ਬਣਾਇਆ। ਪ੍ਰੇਮਾ-ਭਗਤੀ ਅਤੇ ਸਦਾਚਰਣ ਰਾਹੀਂ ਸਾਰੀ ਮਾਨਵਤਾ ਦਾ ਕਲਿਆਣ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਧਰਮ-ਸਾਧਨਾ ਦਾ ਮੂਲਾਧਾਰ ਹੈ।

•

---

੧. ਅਕਾਲ ਉਸਤਤਿ, ਤ੍ਵਪ੍ਰਸਾਦਿ ਸਵੈਯੇ, ਅੰਕ ੨੯.

ਦਸਮ ਗ੍ਰੰਥ ਦੀ ਮੂਲ-ਭਾਵਨਾ

ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਸੰਬੰਧਿਤ *ਦਸਮ ਗ੍ਰੰਥ* ਦਾ ਸਿਖ ਧਰਮ ਵਿਚ ਬੜਾ ਆਦਰਯੋਗ ਸਥਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਦ ਇਸੇ ਗ੍ਰੰਥ ਨੂੰ ਮਹੱਤਵ ਦਿੱਤਾ ਜਾਂਦਾ ਹੈ, ਪਰ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਜਿਤਨੀ ਸਥਾਪਿਤ ਅਤੇ ਆਧਾਰਭੂਤ ਹੈ, *ਦਸਮ ਗ੍ਰੰਥ* ਦੀ ਉਤਨੀ ਹੀ ਵਿਵਾਦਪੂਰਣ। ਅਠਾਰ੍ਹਵੀਂ ਅਤੇ ਉੱਨੀਵੀਂ ਸਦੀਆਂ ਤਕ ਇਸ ਗ੍ਰੰਥ ਦਾ ਕਾਫ਼ੀ ਪਠਨ-ਪਾਠਨ ਹੁੰਦਾ ਰਿਹਾ, ਇਥੋਂ ਤਕ ਕਿ ਗੁਰੂ ਗ੍ਰੰਥ ਸਾਹਿਬ ਦੇ ਨਾਲ ਹੀ ਕਈ ਗੁਰਦੁਆਰਿਆਂ ਵਿਚ ਇਸ ਗ੍ਰੰਥ ਦਾ ਵੀ ਪ੍ਰਕਾਸ਼ ਹੁੰਦਾ ਸੀ। ਪਰ ਸਿੰਘ ਸਭਾ ਲਹਿਰ ਦੇ ਚੱਲਣ ਅਤੇ ਵੀਹਵੀਂ ਸਦੀ ਦੇ ਧਰਮ-ਸੁਧਾਰਵਾਦੀ ਅੰਦੋਲਨਾਂ ਦੇ ਫਲਸਰੂਪ ਇਸ ਗ੍ਰੰਥ ਪ੍ਰਤਿ ਸ਼ਰਧਾ ਦੀ ਭਾਵਨਾ ਬਦਲਣ ਲੱਗੀ, ਕਿਉਂਕਿ ਇਨ੍ਹਾਂ ਅੰਦੋਲਨਾਂ ਦੇ ਪਿੱਛੇ ਕੰਮ ਕਰ ਰਹੀ ਬੌਧਿਕ ਰੁਚੀ ਪੌਰਾਣਿਕ ਭਾਵਨਾ ਅਤੇ ਭਾਰਤੀ ਕਥਾ-ਪ੍ਰਸੰਗਾਂ ਦੇ ਅਨੁਕੂਲ ਨਹੀਂ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਗੁਰਦੁਆਰਿਆਂ ਵਿੱਚੋਂ ਇਸ ਦੀਆਂ ਬੀੜਾਂ ਹਟਾਈਆਂ ਜਾਣ ਲੱਗ ਪਈਆਂ। ਪਰ ਅਜੇ ਵੀ ਕੁਝ ਗੁਰਦੁਆਰਿਆਂ, ਇਥੋਂ ਤਕ ਕਿ ਜਨਮ-ਅਸਥਾਨ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਨੰਦੇੜ ਵਿਚ ਹੁਣ ਵੀ ਇਸ ਗ੍ਰੰਥ ਦਾ ਪ੍ਰਕਾਸ਼ ਪੁਰਾਣੀ ਮਰਯਾਦਾ ਅਨੁਸਾਰ ਕੀਤਾ ਜਾਂਦਾ ਹੈ ਅਤੇ ਅਰਦਾਸ ਤੋਂ ਬਾਦ *ਗੁਰੂ ਗ੍ਰੰਥ ਸਾਹਿਬ* ਦੇ ਹੁਕਮ ਦੇ ਨਾਲ ਨਾਲ *ਦਸਮ ਗ੍ਰੰਥ* ਤੋਂ ਵੀ ਹੁਕਮ ਲਿਆ ਜਾਂਦਾ ਹੈ। ਇਨ੍ਹਾਂ ਗੱਲਾਂ ਤੋਂ ਸਿਖ ਧਰਮ ਵਿਚ ਇਸ ਗ੍ਰੰਥ ਦਾ ਮਹੱਤਵ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ।

ਸਿਖ ਵਿਦਵਾਨਾਂ ਅਤੇ ਧਰਮਾਚਾਰਯਾਂ ਵਿਚ ਇਸ ਗ੍ਰੰਥ ਸੰਬੰਧੀ ਪਰਸਪਰ ਵਿਰੋਧ ਅਤੇ ਵਿਵਾਦ, ਇਸ ਦੇ ਸੰਕਲਨ ਕਾਲ ਤੋਂ ਹੀ ਚੱਲ ਪਿਆ ਸੀ ਅਤੇ ਜੋ ਅੱਜ ਤਕ ਬਿਨਾਂ ਕਿਸੇ ਸਥਾਈ ਨਿਰਣੇ ਉੱਤੇ ਪਹੁੰਚਣ ਦੇ ਨਿਰੰਤਰ ਚੱਲਦਾ ਆ ਰਿਹਾ ਹੈ। ਕੁਲ ਮਿਲਾ ਕੇ ਇਹ ਵਿਵਾਦ ਦੋ ਧੜਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਧੜਾ ਉਨ੍ਹਾਂ ਵਿਦਵਾਨਾਂ ਦਾ ਹੈ ਜਿਹੜੇ ਸੰਪੂਰਣ *ਦਸਮ ਗ੍ਰੰਥ* ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਦੇ ਹਨ। ਇਹ ਧੜਾ ਪਰੰਪਰਾਵਾਦੀ ਅਖਵਾਉਂਦਾ ਹੈ। ਦੂਜਾ ਧੜਾ ਬੌਧਿਕ ਅਤੇ ਸੁਧਾਰਵਾਦੀ ਵਿਦਵਾਨਾਂ ਦਾ ਹੈ, ਜਿਹੜੇ ਇਸ ਗ੍ਰੰਥ ਵਿੱਚੋਂ ਭਗਤੀ-ਮਈ ਕੁਝ ਕੁ ਰਚਨਾਵਾਂ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਮੰਨਦੇ ਹਨ ਅਤੇ ਚਰਿਤ੍ਰੋਪਾਖਯਾਨ, ਅਵਤਾਰ-ਕਥਾਵਾਂ ਆਦਿ ਨੂੰ ਗੁਰੂ ਸਾਹਿਬ ਦੇ ਦਰਬਾਰੀ ਕਵੀਆਂ ਦੀ ਰਚਨਾ ਸਿੱਧ ਕਰਦੇ ਹਨ। ਇਸ ਵਾਦ-ਵਿਵਾਦ ਦੇ ਵਿਸਥਾਰ ਵਿਚ ਨਾ ਪੈਂਦਿਆਂ ਹੋਇਆਂ ਇਥੇ ਕੇਵਲ ਇਸ ਗ੍ਰੰਥ ਦੀ ਮੂਲ-ਭਾਵਨਾ ਨੂੰ ਵੇਖਣਾ ਹੈ। ਕਿਉਂਕਿ ਕੁਝ

ਵੀ ਹੋਵੇ, ਇਹ ਗੱਲ ਬੜੀ ਸਪੱਸ਼ਟ ਹੈ ਕਿ ਇਸ ਗ੍ਰੰਥ ਵਿਚਲੀਆਂ ਬਾਣੀਆਂ ਦੀ ਰਚਨਾ ਆਨੰਦਪੁਰ ਸਾਹਿਬ ਅਤੇ ਪਾਉਂਟਾ ਸਾਹਿਬ ਵਿਚ ਹੋਈ ਸੀ ਅਤੇ ਇਸ ਸਭ ਪਿੱਛੇ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰੇਰਨਾ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਸੀ।

ਮਹਿਮਾ ਪ੍ਰਕਾਸ਼ (ਵਾਰਤਕ), ਜਿਸ ਦੀ ਰਚਨਾ ੧੭੪੧ ਈ. (੧੭੯੮ ਬਿ:) ਵਿਚ ਹੋਈ ਸੀ, ਵਿਚ ਲਿਖਿਆ ਹੈ ਕਿ ਗੁਰੂ ਜੀ ਨੇ "ਆਗਿਆ ਕਰੀ ਵਿਦਵਾਨ ਪੰਡਤੋਂ ਕੋ ਲਿਆਵੋ। ਪੰਡਤ ਪੁਰਾਨ ਲਾਏ ਬਨਾਰਸ ਤੇ ਲਿਖਾਰੀ ਕੋ ਬੁਲਾ ਕਰ ਕਹਾ ਭਾਖਾ ਲਿਖੋ। ਸਿਆਮ ਕਵੀ ਨਨੂਆ ਬੈਰਾਗੀ ਭਾਈ ਨਿਹਚਲ ਫ਼ਕੀਰ ਫਿਰ ਚੌਬੀਸ ਅਵਤਾਰ ਕੀ ਕਥਾ ਕਰੀ, ਚਾਰ ਸੌ ਚਾਰ ਚਰਿਤਰ ਕਰੇ।" ਇਸ ਕਥਨ ਦੀ ਪੁਸ਼ਟੀ ਬਾਬਾ ਸਰੂਪ ਦਾਸ ਭੱਲਾ ਦੁਆਰਾ ੧੭੭੬ ਈ. (੧੮੩੩ ਬਿ:) ਵਿਚ ਲਿਖੇ *ਮਹਿਮਾ ਪ੍ਰਕਾਸ਼* ਦੀ 'ਬੇਦ ਵਿਦਿਆ ਪ੍ਰਕਾਸ਼ ਕਰਣ ਕੀ, ਅਰ ਬਚਿਤ੍ਰ ਨਾਟਕ ਕੀ ਸੰਗਿਆ ਕੀ' ਸਾਖੀ ਤੋਂ ਹੋ ਜਾਂਦੀ ਹੈ। ਇਸ ਤਰ੍ਹਾਂ ਇਸ ਗ੍ਰੰਥ ਦੀ ਬਾਣੀ ਵਿਚ ਜੋ ਭਾਵਨਾ ਚੱਲ ਰਹੀ ਹੈ, ਉਹ ਅਸਲੋਂ ਦਸਮ ਗੁਰੂ ਜੀ ਦੀ ਦੇਣ ਹੈ। *ਦਸਮ ਗ੍ਰੰਥ* ੧੪੨੮ ਪੰਨਿਆਂ ਦਾ ਇਕ ਵੱਡੇ ਆਕਾਰ ਦਾ ਗ੍ਰੰਥ ਹੈ, ਜਿਸ ਦੇ ਛਪੇ ਹੋਏ ਰੂਪ ਵਿਚ ਰਚਨਾਵਾਂ ਦਾ ਕ੍ਰਮ ਇਸ ਪ੍ਰਕਾਰ ਹੈ—ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ (ਅਪਨੀ ਕਥਾ), ਚੰਡੀ ਚਰਿਤ੍ਰ (ਉਕਤਿ ਬਿਲਾਸ), ਚੰਡੀ ਚਰਿਤ੍ਰ (ਦੂਜਾ), ਵਾਰ ਦੁਰਗਾ ਕੀ (ਵਾਰ ਸ੍ਰੀ ਭਗਉਤੀ ਜੀ ਕੀ), ਗਿਆਨ ਪ੍ਰਬੋਧ, ਚੌਬੀਸ ਅਵਤਾਰ, ਬ੍ਰਹਮਾਵਤਾਰ, ਰੁਦ੍ਰਵਤਾਰ (ਦਤਾਤ੍ਰਿਯ ਅਤੇ ਪਾਰਸ ਨਾਥ), ਸ਼ਬਦ ਹਜ਼ਾਰੇ (ਬਿਸਨਪਦੇ), ਸਵੈਯੇ (੩੩), ਖ਼ਾਲਸਾ ਮਹਿਮਾ, ਸ਼ਸਤ੍ਰ ਨਾਮ ਮਾਲਾ, ਚਰਿਤ੍ਰਪਾਖਯਾਨ, ਜ਼ਫ਼ਰਨਾਮਾ ਅਤੇ ਹਿਕਾਇਤਾਂ।

ਪਰਿਸਥਿਤੀਆਂ ਅਤੇ ਇਤਿਹਾਸਿਕ ਗਤੀਵਿਧੀਆਂ ਹੀ ਸੰਤੁਲਨ ਲਿਆਉਣ ਲਈ ਆਪਣੇ ਵਿੱਚੋਂ ਲੋਕ-ਨਾਇਕਾਂ ਨੂੰ ਜਨਮ ਦਿੰਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਵੇਲੇ ਵੀ ਇਤਿਹਾਸਿਕ ਪਰਿਸਥਿਤੀਆਂ ਕੁਝ ਇਸੇ ਤਰ੍ਹਾਂ ਦੀਆਂ ਸਨ। ਰਾਕਸ਼ੀ ਅਤੇ ਦੇਵਤਾ ਸ਼ਕਤੀਆਂ ਦਾ ਪਰਸਪਰ ਦਵੰਦ ਸੰਸਾਰ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹੀ ਚੱਲ ਪਿਆ ਸੀ। ਰਾਕਸ਼ੀ ਸ਼ਕਤੀ ਅਧਰਮ ਦਾ ਪ੍ਰਤੀਕ ਸੀ ਅਤੇ ਦੇਵਤਾ ਸ਼ਕਤੀ ਧਰਮ ਦਾ। ਜਦ ਵੀ ਰਾਕਸ਼ੀ ਸ਼ਕਤੀ ਦਾ ਬਲ ਵਧਿਆ, ਭਗਵਾਨ ਧਰਮ ਦੀ ਮਰਯਾਦਾ ਕਾਇਮ ਕਰਨ ਲਈ ਅਤੇ ਦੇਵਤਾ ਸ਼ਕਤੀ ਦੀ ਸਹਾਇਤਾ ਲਈ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਹੋਏ। ਇਹੀ ਭਾਵਨਾ ਅਵਤਾਰਵਾਦ ਦੀ ਮੂਲ ਭਾਵਨਾ ਹੈ ਅਤੇ ਅਵਤਾਰ ਦਾ ਮਤਲਬ ਵੀ ਪ੍ਰਕਾਰਾਂਤਰ ਨਾਲ ਅਸੰਤੁਲਿਤ ਸਥਿਤੀ ਨੂੰ ਸਾਵਾਂ ਕਰਨਾ ਰਿਹਾ ਹੈ। ਇਸੇ ਤਰ੍ਹਾਂ ਰਾਕਸ਼ ਅਤੇ ਦੇਵਤਾ, ਅਸਲ ਵਿਚ, ਪ੍ਰਤੀਕਾਤਮਕ ਕਲਪਨਾ ਆਧਾਰਿਤ ਸ਼ਕਤੀਆਂ ਹਨ। ਇਹ ਦੋਵੇਂ ਅਸਤਿ ਅਤੇ ਸਤਿ ਦੀਆਂ ਪ੍ਰਤਿਨਿਧ ਹਨ। ਇਸੇ ਲਈ ਦਸਮ ਗ੍ਰੰਥ ਦੇ 'ਅਪਨੀ ਕਥਾ' ਪ੍ਰਸੰਗ ਵਿਚ ਲਿਖਿਆ ਹੈ:

ਸਾਧ ਕਰਮ ਜੋ ਪੁਰਖ ਕਮਾਵੈ॥
ਨਾਮ ਦੇਵਤਾ ਜਗਤ ਕਹਾਵੈ॥
ਕੁਕ੍ਰਿਤ ਕਰਮ ਜੇ ਜਗ ਮੈ ਕਰਹੀਂ॥
ਨਾਮ ਅਸੁਰ ਤਿਨ ਕੋ ਸਭ ਧਰਹੀਂ॥੧੫॥ *(ਬਚਿਤ੍ਰ ਨਾਟਕ, ਅਧਿ: ੨)*

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਇਨ੍ਹਾਂ ਦਵੰਦ-ਮੂਲਕ ਪਰੰਪਰਾਗਤ-ਸ਼ਕਤੀਆਂ ਵਿਚ ਤੀਬਰ ਵਿਰੋਧ ਉਘੜ ਚੁੱਕਿਆ ਸੀ। ਬੇ-ਸਹਾਰਾ ਭਾਰਤੀ ਜਨਤਾ ਦੇਵਤਾ ਸ਼ਕਤੀ ਦਾ ਪ੍ਰਤੀਕ ਸੀ ਅਤੇ ਰਾਕਸ਼ੀ ਸ਼ਕਤੀ ਕਠੋਰ ਅਤੇ ਨਿਰਦਈ ਮੁਸਲਮਾਨ ਪ੍ਰਸ਼ਾਸਕਾਂ ਦੇ ਰੂਪ ਵਿਚ ਉਪਸਥਿਤ ਹੋਈ ਸੀ। ਨਿਰਬਲ ਦੇਵਤਾ-ਪੱਖ ਦੀ ਸਹਾਇਤਾ ਲਈ ਲੋਕ-ਨਾਇਕ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ। ਗੁਰੂ ਤੇਗ਼ ਬਹਾਦਰ ਜੀ ਦੇ ਬਲੀਦਾਨ ਨੇ ਸਿੱਖਾਂ ਵਿਚ ਇਕ ਨਵੀਂ ਉਤੇਜਨਾ ਭਰ ਦਿੱਤੀ। ਆਪਣੇ ਗੁਰੂ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਜਨਤਾ ਭੜਕ ਉਠੀ। ਪਹਿਲੇ ਨੌਂ ਗੁਰੂਆਂ ਦੇ ਲਗਾਤਾਰ ਪ੍ਰਚਾਰ ਨੇ ਜਨਤਾ ਦੀਆਂ ਸਮਾਜਿਕ ਤੇ ਧਾਰਮਿਕ ਘਾਟਾਂ ਨੂੰ ਪੂਰ ਦਿੱਤਾ ਸੀ। ਹੁਣ ਉਹ ਸੰਗਠਿਤ ਅਤੇ ਅਨੁਸ਼ਾਸਤ ਇਕਾਈ ਦੇ ਰੂਪ ਵਿਚ ਜੱਥੇਬੰਦ ਹੋ ਚੁੱਕੀ ਸੀ। ਅਜੇ ਤਕ ਸਿਖ ਸਾਧਕ ਹਿੰਸਾ ਦਾ ਜਵਾਬ ਅਹਿੰਸਾ ਨਾਲ ਦਿੰਦੇ ਆ ਰਹੇ ਸਨ, ਪਰ ਹੁਣ ਉਨ੍ਹਾਂ ਨੇ ਵੇਖ ਲਿਆ ਕਿ ਮਹਾ-ਬਲੀਦਾਨਾਂ ਨਾਲ ਵੀ ਰਾਜ ਅਧਿਕਾਰੀਆਂ ਦੇ ਅੱਤਿਆਚਾਰਾਂ ਨੂੰ ਰੋਕਿਆ ਨਹੀਂ ਜਾ ਸਕਿਆ, ਇਸ ਲਈ ਹਿੰਸਾ ਦਾ ਉੱਤਰ ਹਿੰਸਾ ਨਾਲ ਦੇਣ ਲਈ ਧਰਮ-ਯੁੱਧ ਦੀ ਤਿਆਰੀ ਸ਼ੁਰੂ ਹੋ ਗਈ। ਜਨਤਾ ਨੂੰ ਇਕ ਨੇਤਾ ਦੀ ਲੋੜ ਸੀ, ਜਿਸ ਨੂੰ ਤੇਜਸਵੀ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਾ ਕੀਤਾ ਅਤੇ ਇਸ ਤਰ੍ਹਾਂ ਸਥਾਪਤੀ ਨੂੰ ਅਸਥਾਪਤੀ ਦੀ ਦਿਸ਼ਾ ਵੱਲ ਮੋੜਨ ਲਈ ਇਕ ਜੋਤਿ ਦਾ ਪ੍ਰਕਾਸ਼ ਹੋਇਆ, ਜਿਸ ਨਾਲ ਸੁਪੱਤ ਵਾਤਾਵਰਣ ਅੰਗੜਾਈ ਲੈ ਕੇ ਉਠ ਪਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਬੀਤੀਆਂ ਘਟਨਾਵਾਂ ਅਤੇ ਸਮਕਾਲੀਨ ਸਥਿਤੀਆਂ ਨੂੰ ਚੰਗੀ ਤਰ੍ਹਾਂ ਨਾਲ ਘੋਖ ਵਿਚਾਰ ਕੇ ਇਹ ਨਿਰਣਾ ਕੀਤਾ ਕਿ ਹੁਣ ਉਨ੍ਹਾਂ ਨੂੰ ਸਿਖ ਧਰਮ ਦੇ ਸਰੂਪ ਨੂੰ ਬਦਲਣਾ ਹੋਵੇਗਾ, ਕਿਉਂਕਿ ਅਧਿਆਤਮਿਕ ਉੱਨਤੀ ਦੇ ਨਾਲ ਨਾਲ ਆਤਮ-ਰੱਖਿਆ ਦੀ ਸਮੱਸਿਆ ਬੜਾ ਗੰਭੀਰ ਰੂਪ ਧਾਰਨ ਕਰ ਚੁੱਕੀ ਸੀ। ਇਹ ਸਭ ਕੁਝ ਤਾਂ ਹੀ ਠੀਕ ਹੋ ਸਕਦਾ ਸੀ ਜੇ ਜ਼ਾਲਮ ਸਾਮਰਾਜਿਕ ਸਥਾਪਤੀ ਵਿਰੁੱਧ ਕੋਈ ਠੋਸ ਯਤਨ ਕੀਤਾ ਜਾਵੇ। ਉਸ ਸਮੇਂ ਮੈਦਾਨੀ ਇਲਾਕੇ ਵਿਚ ਠਹਿਰ ਕੇ ਸ-ਸ਼ਸਤ੍ਰ ਕ੍ਰਾਂਤੀ ਨੂੰ ਕਰ ਸਕਣਾ ਕਠਿਨ ਸੀ। ਫਲਸਰੂਪ ਆਨੰਦਪੁਰ ਸਾਹਿਬ, ਪਾਉਂਟਾ ਸਾਹਿਬ ਆਦਿ ਪਰਬਤੀ ਸਥਾਨਾਂ ਉੱਤੇ ਗੁਰੂ ਸਾਹਿਬ ਸਿੱਖਾਂ ਨੂੰ ਆਤਮ-ਰੱਖਿਆ ਲਈ ਤਿਆਰ ਕਰਨ ਲੱਗ ਗਏ। ਗੁਰੂ ਜੀ ਨੇ ਜਿਥੇ ਸਿੱਖਾਂ ਨੂੰ ਸੈਨਿਕ ਸਿਖਲਾਈ ਦੇਣੀ ਆਰੰਭ ਕੀਤੀ, ਉਥੇ ਉਨ੍ਹਾਂ ਦੀ ਮਾਨਸਿਕ ਪੱਧਰ ਨੂੰ ਦ੍ਰਿੜ੍ਹ ਕੀਤਾ। ਉਨ੍ਹਾਂ ਦੇ ਮਨ ਵਿਚ ਆਤਮ-ਵਿਸ਼ਵਾਸ ਅਤੇ ਸਾਹਸ ਭਰਿਆ। ਹਾਰੇ ਹੋਏ ਨਿਰਾਦਰੇ ਲੋਕਾਂ ਦੀਆਂ ਅਲਸਾਈਆਂ ਸ਼ਕਤੀਆਂ ਨੂੰ ਉਭਾਰਨ ਅਤੇ ਸੁਤੰਤਰਤਾ ਦੀ ਭਾਵਨਾ ਨੂੰ ਜਗਾਉਣ ਵਿਚ ਸਾਹਿੱਤ ਅਤੇ ਪੂਰਵਜਾ ਦੀਆਂ ਕਥਾ-ਕਹਾਣੀਆਂ ਕਿਤਨੀਆਂ ਲਾਭਦਾਇਕ ਸਿਧ ਹੋ ਸਕਦੀਆਂ ਹਨ, ਗੁਰੂ ਸਾਹਿਬ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਕਿ "ਬਾਬਾਣੀਆ ਕਹਾਣੀਆ, ਪੁਤ ਸਪੁਤ ਕਰੇਨਿ॥"[੧] ਇਸ ਲਈ ਗੁਰੂ ਸਾਹਿਬ ਨੇ ਆਪਣੇ ਦਰਬਾਰ ਵਿਚ ਕਵੀਆਂ ਨੂੰ ਆਸਰਾ ਦਿੱਤਾ ਅਤੇ ਉਨ੍ਹਾਂ ਤੋਂ ਪੌਰਾਣਿਕ ਕਥਾ-ਪ੍ਰਸੰਗਾਂ ਨੂੰ ਭਾਖਾ ਵਿਚ ਲਿਖਵਾਇਆ, ਤਾਂ ਜੁ ਪੰਜਾਬ-ਵਾਸੀ ਭੂਤਕਾਲ ਦੇ

---

੧. ਸਲੋਕ ਮ: ੩, ੧॥ ੧੦, ਪੰਨਾ ੯੫੧.

ਭਾਰਤੀ ਵੀਰਾਂ ਦੇ ਜੀਵਨ-ਚਰਿਤ੍ਰਾਂ ਤੋਂ ਜਾਣੂ ਹੋ ਸਕਣ ਅਤੇ ਇਹ ਵੀ ਜਾਣ ਲੈਣ ਕਿ ਹਮੇਸ਼ਾ 'ਸਦ-ਵਿਚਾਰਾਂ' ਨੂੰ 'ਦੁਰ-ਵਿਚਾਰਾਂ' 'ਤੇ ਜਿੱਤ ਪ੍ਰਾਪਤ ਹੋਈ ਹੈ। ਗੁਰੂ ਜੀ ਨੇ ਇਨ੍ਹਾਂ ਕਥਾਵਾਂ ਦੇ ਯੁੱਧ ਸੰਬੰਧੀ ਪ੍ਰਸੰਗਾਂ ਨੂੰ ਵਿਸ਼ੇਸ਼ ਰੂਪ ਵਿਚ ਚਿਤ੍ਰਿਤ ਕਰਵਾਇਆ। ਜਿਨ੍ਹਾਂ ਨਾਇਕਾਂ ਨੇ ਆਪਣੇ ਜੀਵਨ-ਕਾਲ ਵਿਚ ਯੁੱਧ ਬਿਲਕੁਲ ਨਹੀਂ ਕੀਤਾ ਸੀ, ਉਨ੍ਹਾਂ ਨੂੰ ਵੀ ਸ਼ਸਤ੍ਰ-ਬੱਧ ਯੁੱਧ ਲਈ ਤਿਆਰ ਕਰਵਾ ਕੇ ਗ਼ਲਤ ਕੀਮਤਾਂ ਦੀਆਂ ਸੰਸਥਾਪਿਤ ਵਿਰੋਧੀ ਸ਼ਕਤੀਆਂ ਨੂੰ ਮਲੀਆਮੇਟ ਕਰਨ ਲਈ ਇਕ ਨਵਾਂ ਰੂਪ ਦਿੱਤਾ ਅਤੇ ਉਨ੍ਹਾਂ ਦੇ ਵਿਅਕਤਿਤਵ ਦਾ ਸਰੂਪ ਯੁੱਧਮਈ ਬਣਾ ਦਿੱਤਾ। ਯੁੱਧ-ਭੂਮੀ ਨੂੰ ਜਾਣ ਵੇਲੇ ਯੁੱਧਵੀਰ ਸਿੱਖਾਂ ਦੇ ਮਨ ਵਿਚ ਯੁੱਧ ਦੀ ਅੱਗ ਮਚਾਣ ਲਈ ਅਤੇ ਉਨ੍ਹਾਂ ਦੇ ਮਨ ਵਿਚ ਵੀਰ-ਭਾਵਨਾ ਦਾ ਸੰਚਾਰ ਕਰਨ ਲਈ ਕਵੀਆਂ ਦੀ ਵੀਰ-ਰਸ ਪੂਰਨ ਬਾਣੀ ਨਾਲ ਆਕਾਸ਼-ਮੰਡਲ ਗੂੰਜ ਉਠਿਆ। ਸਾਧਾਰਨ ਤੋਂ ਸਾਧਾਰਨ ਵਿਅਕਤੀ ਉੱਤੇ ਵੀ ਇਸ ਬਾਣੀ ਦਾ ਕੀ ਪ੍ਰਭਾਵ ਪਿਆ, ਇਸ ਦੀ ਕੁਝ ਜਾਣਕਾਰੀ ਭੰਗਾਣੀ ਦੇ ਯੁੱਧ ਤੋਂ ਹੀ ਮਿਲ ਜਾਂਦੀ ਹੈ।

ਅਸਲ ਵਿਚ, ਉਸ ਸਮੇਂ ਜਨਤਾ ਦੇ ਚਰਿਤ੍ਰ ਵਿਚ ਇਕ ਮਹੱਤਵਪੂਰਨ ਪਰਿਵਰਤਨ ਲਿਆਉਣ ਦਾ ਸਿਹਰਾ *ਦਸਮ ਗ੍ਰੰਥ* ਦੀ ਵੀਰ-ਬਾਣੀ ਦੇ ਸਿਰ ਹੈ, ਕਿਉਂਕਿ ਇਸੇ ਨੇ ਪ੍ਰੇਰਨਾ ਦੇ ਕੇ ਉਨ੍ਹਾਂ ਨੀਵੇਂ ਵਰਗ ਦੇ ਵਿਅਕਤੀਆਂ ਨੂੰ, ਜਿਨ੍ਹਾਂ ਨੇ ਤਲਵਾਰ ਨੂੰ ਕਦੀ ਛੋਹਿਆ ਤਕ ਨਹੀਂ ਸੀ, ਯੋਧਾ ਬਣਾ ਕੇ ਰਣ-ਖੇਤਰ ਵਿਚ ਭੇਜ ਦਿੱਤਾ। ਪੱਛੜੀਆਂ ਹੋਈਆਂ ਤੇ ਤ੍ਰਿਸਕਾਰੀਆਂ ਜਾਤਾਂ ਦੇ ਵਿਅਕਤੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਨਿਡਰ ਯੋਧਾ ਬਣ ਕੇ ਮੁਗ਼ਲ ਸੈਨਾ ਨਾਲ ਟੱਕਰ ਲੈਣ ਲਈ ਕੇਵਲ ਹੁਕਮ ਦੀ ਉਡੀਕ ਕਰਨ ਲੱਗੇ।

ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਕਿਸੇ ਸੈਨਾ-ਨਾਇਕ ਜਾਂ ਰਾਜੇ ਨੂੰ ਅਛੂਤ ਜਾਤੀਆਂ ਵਿੱਚੋਂ ਸੈਨਾ ਦਾ ਨਿਰਮਾਣ ਕਰਨ ਦੀ ਗੱਲ ਨਹੀਂ ਸੁੱਝੀ ਸੀ। ਨੀਵਿਆਂ ਨੂੰ ਨਾ ਕੇਵਲ ਉੱਚਾ ਚੁੱਕਣ, ਸਗੋਂ ਉਨ੍ਹਾਂ ਚਿੜੀਆਂ ਨੂੰ ਬਾਜ਼ਾਂ ਨਾਲ ਲੜਾਉਣ ਦਾ ਸਿਹਰਾ ਦਸਵੇਂ ਗੁਰੂ ਦੇ ਸਿਰ ਅਤੇ ਲੋਕਾਂ ਦੀਆਂ ਨਸਾਂ ਅੰਦਰ ਉਤਸ਼ਾਹ ਤੇ ਸਾਹਸ ਦੁਆਰਾ ਗਰਮ ਖ਼ੂਨ ਦੌੜਾਉਣ ਦਾ ਮਾਣ *ਦਸਮ ਗ੍ਰੰਥ* ਦੀ ਵੀਰ-ਬਾਣੀ ਦੇ ਸਿਰ ਹੈ। ਇਸ ਤਰ੍ਹਾਂ *ਦਸਮ ਗ੍ਰੰਥ* ਜਿਥੇ ਇਕ ਪਾਸੇ ਸਾਹਿੱਤ ਸੰਬੰਧੀ ਭੁੱਖ ਨੂੰ ਤ੍ਰਿਪਤਾਉਂਦਾ ਹੈ, ਉਥੇ ਦੂਜੇ ਪਾਸੇ ਸਮਕਾਲੀ ਲੋੜ ਨੂੰ ਮੁੱਖ ਰੱਖ ਕੇ ਜਨ-ਜੀਵਨ ਵਿਚ ਆਤਮ-ਰੱਖਿਆ ਲਈ ਧਰਮ-ਯੁੱਧ ਦੀ ਤਿਆਰੀ ਲਈ ਪ੍ਰੇਰਨਾ ਦਿੰਦਾ ਹੈ। ਅਤੇ ਇਸ ਪ੍ਰੇਰਨਾ ਤੋਂ ਸੇਧ ਲੈ ਕੇ ਪੰਜਾਬ ਦੀ ਜਨਤਾ ਆਪਣਾ ਭਵਿੱਖ ਬਦਲ ਕੇ ਇਕ ਅਣਖੀਲੀ ਤੇ ਗੌਰਵਮਈ ਜਥੇਬੰਦੀ ਦੇ ਰੂਪ ਵਿਚ ਸਾਮ੍ਹਣੇ ਆਉਂਦੀ ਹੈ। ਇਸ ਸਭ ਦੇ ਪਿੱਛੇ ਗੁਰੂ ਜੀ ਦਾ ਸੁਰ ਗੂੰਜ ਰਿਹਾ ਸੀ :

ਜਬ ਆਵ ਕੀ ਅਉਧ ਨਿਦਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋਂ ॥੨੩੧॥

(ਚੰਡੀ ਚਰਿਤ੍ਰ ਉਕਤਿ ਬਿਲਾਸ)

•

ਇਕ ਚੋਜ ਵਿਲੱਖਣ

ਸੰਨ ੧੬੯੯ ਦੀ ਵਿਸਾਖੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਵਿਲੱਖਣ ਚੋਜ ਵਿਖਾਇਆ ਸੀ। ਉਸ ਦਿਨ ਭਾਰਤ-ਵਾਸੀਆਂ ਦੇ ਮਨ ਵਿਚ ਇਕ ਨਵਾਂ ਜਜ਼ਬਾ, ਨਵਾਂ ਉਤਸ਼ਾਹ ਭਰਿਆ ਗਿਆ ਸੀ। ਗੁਰੂ ਤੇਗ ਬਹਾਦਰ ਜੀ ਦੇ ਮਹਾ-ਬਲੀਦਾਨ ਨੇ ਸਿਖ ਅਨੁਯਾਈਆਂ ਸਾਹਮਣੇ ਆਤਮ-ਰੱਖਿਆ ਦੀ ਇਕ ਗੰਭੀਰ ਸਮੱਸਿਆ ਖੜੀ ਕਰ ਦਿੱਤੀ ਸੀ। ਇਸ ਸਮੱਸਿਆ ਨੂੰ ਹੱਲ ਕਰਨ ਲਈ ਦਸਮ ਗੁਰੂ ਜੀ ਨੇ ਕਾਫ਼ੀ ਸੋਚ-ਵਿਚਾਰ ਤੋਂ ਬਾਦ ਆਪਣੇ ਅਨੁਯਾਈਆਂ ਦੇ ਸਰੂਪ ਵਿਚ ਪਰਿਵਰਤਨ ਲਿਆਉਣ ਦਾ ਮਨ ਬਣਾਇਆ ਅਤੇ ਇਸ ਲਈ ਵਿਸਾਖੀ ਦਾ ਦਿਨ ਨਿਸ਼ਚਿਤ ਕੀਤਾ।

ਵਿਸਾਖੀ ਦਾ ਦਿਨ ਹੀ ਖ਼ਾਲਸੇ ਦਾ ਜਨਮ-ਦਿਵਸ ਕਿਉਂ ਨਿਸ਼ਚਿਤ ਕੀਤਾ ਗਿਆ ? ਕਾਰਣ ਇਹ ਕਿ ਗੁਰੂ ਸਾਹਿਬ ਉਤਸ਼ਾਹ ਦੀ ਜਿਸ ਭਾਵਨਾ ਨੂੰ ਸਿੱਖਾਂ ਦੇ ਮਨ ਵਿਚ ਪੈਦਾ ਕਰਨਾ ਚਾਹੁੰਦੇ ਸਨ, ਉਸ ਲਈ ਵਾਤਾਵਰਣ ਦਾ ਉਤਸ਼ਾਹ-ਜਨਕ ਹੋਣਾ ਬੜਾ ਜ਼ਰੂਰੀ ਸੀ। ਗਰਮੀ ਦੀ ਰੁੱਤ ਘਬਰਾਹਟ ਪੈਦਾ ਕਰਦੀ ਹੈ, ਪਤਝੜ ਨਾਲ ਹਰ ਪਾਸੇ ਉਦਾਸੀ ਛਾ ਜਾਂਦੀ ਹੈ। ਸਰਦੀ ਉੱਦਮ ਦੀ ਚਾਹ ਨੂੰ ਘਟਾਂਦੀ ਹੈ। ਬਸੰਤ ਵਿਚ ਵਾਤਾਵਰਣ ਵਿਚ ਉਤਸ਼ਾਹ ਦਾ ਸੰਚਾਰ ਹੁੰਦਾ ਹੈ ਅਤੇ ਇਹ ਉਤਸ਼ਾਹ ਵਿਸਾਖੀ ਤਕ ਸਿਖਰ 'ਤੇ ਪਹੁੰਚ ਜਾਂਦਾ ਹੈ। ਉਦੋਂ ਫ਼ਸਲ ਪਕ ਜਾਂਦੀ ਹੈ। ਕਿਸਾਨ ਦੇ ਮਨ ਵਿਚ ਪੱਕੀ ਹੋਈ ਫ਼ਸਲ ਨੂੰ ਵੇਖ ਕੇ ਇਕ ਨਵੀਂ ਉਮੰਗ ਉੱਠਦੀ ਹੈ। ਉਸ ਦਾ ਸਾਰਾ ਸਰੀਰ ਖ਼ੁਸ਼ੀ ਨਾਲ ਥਿਰਕਣ ਲੱਗ ਜਾਂਦਾ ਹੈ। ਉਹ ਪ੍ਰਸੰਨਤਾ-ਪੂਰਬਕ ਆਪਣੀ ਫ਼ਸਲ ਨੂੰ ਸਮੇਟਦਾ ਹੈ। ਉਸ ਦਾ ਮਨ ਉਤਸ਼ਾਹ ਨਾਲ ਭਰ ਜਾਂਦਾ ਹੈ। ਇਸ ਉਤਸ਼ਾਹ-ਜਨਕ ਕੁਦਰਤੀ ਚੌਗਿਰਦੇ ਵਿਚ ਹੀ, ਗੁਰੂ ਜੀ ਨੇ ਉਤਸ਼ਾਹ ਦੇ ਪ੍ਰਤੀਕ ਖ਼ਾਲਸੇ ਨੂੰ ਜਨਮ ਦੇਣ ਦਾ ਨਿਰਣਾ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਵਿਸਾਖ ਦੇ ਮਹੀਨੇ ਦੇ ਕੁਦਰਤੀ ਵਾਤਾਵਰਣ ਨੂੰ ਅਧਿਆਤਮਿਕ ਮਹਾ-ਮਿਲਨ ਲਈ ਢੁਕਵਾਂ ਮੰਨਦੇ ਹੋਇਆਂ ਤੁਖਾਰੀ ਰਾਗ ਦੇ 'ਬਾਰਾਮਾਹ' ਵਿਚ ਫ਼ੁਰਮਾਇਆ ਹੈ ਕਿ ਵਿਸਾਖ ਦਾ ਮਹੀਨਾ ਬਹੁਤ ਸੁਹਾਵਣਾ ਹੈ, ਇਸ ਵਿਚ ਬ੍ਰਿਛਾਂ ਦੀਆਂ ਸ਼ਾਖ਼ਾਵਾਂ ਨਵੇਂ ਫੁਟਾਰੇ ਕਾਰਣ ਸੁਸਜਿਤ ਹੁੰਦੀਆਂ ਹਨ। ਇਸ ਸੁਖਦਾਇਕ ਵਾਤਾਵਰਣ ਨੂੰ ਵੇਖ ਕੇ ਜੀਵਾਤਮਾ ਰੂਪੀ ਇਸਤ੍ਰੀ ਪਰਮਾਤਮਾ ਰੂਪੀ ਪਤੀ ਨੂੰ ਮਿਲਣ ਲਈ ਮਨ-ਮੰਦਿਰ ਦੇ ਦਰਵਾਜ਼ੇ 'ਤੇ ਉਡੀਕ ਕਰਦੀ ਹੈ ਅਤੇ ਪਤੀ ਤੋਂ ਘਰ ਆਉਣ ਦੀ ਮਿਹਰ ਦੀ ਕਾਮਨਾ ਕਰਦੀ ਹੋਈ ਕਹਿੰਦੀ ਹੈ—ਹੇ ਪ੍ਰਿਯ ਪਰਮਾਤਮਾ ! ਮੇਰੇ ਮਨ ਰੂਪੀ ਘਰ ਵਿਚ ਪ੍ਰਵੇਸ਼ ਕਰੋ, ਮੈਨੂੰ ਭਵ-ਸਾਗਰ ਵਿੱਚੋਂ ਪਾਰ

ਉਤਾਰੋ। ਤੇਰੇ ਬਿਨਾਂ ਮੇਰਾ ਕੌਡੀ ਜਿੰਨਾ ਵੀ ਮੁੱਲ ਨਹੀਂ। ਪਰ ਜੇ ਮੈਂ ਤੇਰਾ ਦਰਸ਼ਨ ਕਰ ਲਵਾਂ, ਹੋਰਾਂ ਨੂੰ ਤੇਰੇ ਦਰਸ਼ਨ ਦਾ ਇਹਸਾਸ ਕਰਾ ਦਿਆਂ ਅਤੇ ਤੇਰੇ ਮਨ ਨੂੰ ਭਾਅ ਜਾਵਾਂ ਤਾਂ ਮੇਰਾ ਮੁੱਲ ਪਾਉਣ ਦੇ ਸਮਰੱਥ ਕੌਣ ਹੋ ਸਕਦਾ ਹੈ? ਫਿਰ, ਮੇਰੀ ਭਟਕਣ ਮੁਕ ਜਾਏਗੀ, ਤੈਨੂੰ ਮੈਂ ਆਪਣੇ ਹਿਰਦੇ ਵਿਚ ਸਥਿਤ ਮੰਨ ਲਵਾਂਗੀ ਅਤੇ ਇਸ ਤਰ੍ਹਾਂ ਮੈਂ ਤੇਰੇ ਸਹੀ ਠਿਕਾਣੇ ਦੀ ਪਛਾਣ ਕਰ ਲਵਾਂਗੀ। ਸੱਚਮੁੱਚ ਵਿਸਾਖ ਦੇ ਮਹੀਨੇ ਵਿਚ ਜੀਵਾਤਮਾ ਰੂਪੀ ਇਸਤ੍ਰੀ ਪਰਮਾਤਮਾ ਰੂਪੀ ਪਤੀ ਨੂੰ ਪ੍ਰਾਪਤ ਕਰ ਲੈਂਦੀ ਹੈ, ਉਹਨੂੰ ਚੰਗੀ ਲੱਗਣ ਲੱਗ ਜਾਂਦੀ ਹੈ, ਸ਼ਬਦ ਵਿਚ ਸੁਰਤ ਟਿਕ ਜਾਂਦੀ ਹੈ ਅਤੇ ਮਨ ਪਰਮਾਤਮਾ ਦੇ ਗੁਣ-ਗਾਣ ਵਿਚ ਮਗਨ ਹੋ ਜਾਂਦਾ ਹੈ:

ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥੬॥ *(ਪੰਨਾ ੧੧੦੮)*

ਸਪੱਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨਿਰਉਤਸ਼ਾਹਿਤ ਲੋਕਾਂ ਵਿਚ ਉਤਸ਼ਾਹ ਦਾ ਸੰਚਾਰ ਕਰਨ ਲਈ, ਵਿਸਾਖੀ ਵਾਲਾ ਦਿਨ ਚੁਣ ਕੇ ਖ਼ਾਲਸੇ ਦੇ ਮਨ ਵਿਚ ਉਤਸ਼ਾਹ ਨੂੰ ਸਥਾਈ ਤੌਰ 'ਤੇ ਸਥਾਪਿਤ ਕਰ ਦਿੱਤਾ। ਆਪਣੇ ਇਸ ਮਹਾਨ ਸੰਕਲਪ ਨੂੰ ਸਾਕਾਰ ਕਰਨ ਲਈ ਗੁਰੂ ਜੀ ਨੇ ੧੬੯੯ ਈ. ਦੀ ਵਿਸਾਖੀ ਦਾ ਦਿਨ ਨਿਸ਼ਚਿਤ ਕੀਤਾ। ਉਸ ਦਿਨ ਕੇਸਗੜ੍ਹ (ਆਨੰਦਪੁਰ ਸਾਹਿਬ) ਵਿਚ ਇਕ ਮਹਾਨ ਸਮਾਗਮ ਦੀ ਯੋਜਨਾ ਬਣਾਈ ਗਈ। ਭਾਰਤ ਦੇ ਕੋਨੇ ਕੋਨੇ ਤੋਂ ਅਨੁਯਾਈਆਂ ਨੂੰ ਸੱਦਾ ਦਿੱਤਾ ਗਿਆ। ਵਿਸ਼ਾਲ ਜਨ-ਸਮੂਹ ਦੇ ਸਾਹਮਣੇ ਗੁਰੂ ਜੀ ਨੇ ਆਤਮ-ਰੱਖਿਆ ਵਾਸਤੇ ਧਰਮ-ਯੁੱਧ ਲਈ ਤਿਆਰ ਹੋਣ ਦੀ ਚਾਹ ਪ੍ਰਗਟ ਕੀਤੀ। ਜਨਮ ਜਨਮਾਂਤਰਾਂ ਤੋਂ ਅਲਸਾਏ ਲੋਕਾਂ ਲਈ ਇਹ ਬੜੀ ਅਜੀਬ ਗੱਲ ਸੀ, ਯੁੱਧ ਦੇ ਨਾਂ ਤੋਂ ਹੀ ਉਹ ਭੈ-ਭੀਤ ਹੋ ਗਏ। ਇਸ ਭੈਅ ਨੂੰ ਗੁਰੂ ਜੀ ਨੇ ਭਾਂਪ ਲਿਆ ਅਤੇ ਇਸ ਨੂੰ ਲੋਕਾਂ ਦੇ ਮਨਾਂ ਵਿੱਚੋਂ ਸਦਾ ਲਈ ਖ਼ਤਮ ਕਰਨ ਵਾਸਤੇ ਦ੍ਰਿੜ੍ਹ-ਪ੍ਰਤਿਗ ਹੋ ਗਏ। ਯੁੱਧ ਤੋਂ ਡਰਨ ਵਾਲਿਆਂ ਨੂੰ ਧਰਮ-ਯੁੱਧ ਦਾ ਪ੍ਰਤੀਕ ਬਣਾਉਣਾ ਉਨ੍ਹਾਂ ਦੀ ਇੱਛਾ ਸੀ ਅਤੇ ਅਜਿਹਾ ਉਨ੍ਹਾਂ ਨੇ ਕਰ ਵਿਖਾਇਆ। ਅਜਿਹੇ ਧਰਮ-ਯੁੱਧ ਦੇ ਪ੍ਰਤੀਕ ਦਾ ਜਨਮ ਧੰਨ ਕਰ ਦਿੱਤਾ:

ਧੰਨ ਜੀਓ ਤਿਹ ਕੋ ਜਗ ਮੈ,
ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ ॥੨੪੯੨॥ *(ਕ੍ਰਿਸ਼ਨਾ ਅਵਤਾਰ, ਦਸਮ ਗ੍ਰੰਥ)*

ਉਸ ਇਤਿਹਾਸਿਕ ਵਿਸਾਖੀ ਵਾਲੇ ਦਿਨ ਕੀਰਤਨ, ਪਾਠ ਤੋਂ ਉਪਰੰਤ ਗੁਰੂ ਜੀ ਨੇੜੇ ਹੀ ਲੱਗੇ ਇਕ ਤੰਬੂ ਵਿਚ ਗਏ ਅਤੇ ਕੁਝ ਦੇਰ ਬਾਦ ਫਿਰ ਮੰਚ ਉੱਤੇ ਸੁਸ਼ੋਭਿਤ ਹੋਏ। ਉਨ੍ਹਾਂ ਦੇ ਹੱਥ ਵਿਚ ਨੰਗੀ ਤਲਵਾਰ ਸੀ, ਜਿਸ ਦੀ ਲਿਸ਼ਕ ਨਾਲ ਡਰੂ ਮਨ ਸਹਿਮ ਰਹੇ ਸਨ। ਗੁਰੂ ਸਾਹਿਬ ਦੇ ਮੁਖ 'ਤੇ ਇਕ ਅਗੰਮੀ ਜਲਾਲ ਸੀ। ਉਨ੍ਹਾਂ ਦਾ ਰੂਪ ਇਤਨਾ ਪ੍ਰਚੰਡ ਸੀ ਕਿ ਵੇਖਦਿਆਂ ਹੀ ਸਾਰੇ ਸਮਾਗਮ ਵਿਚ ਸੰਨਾਟਾ ਛਾ ਗਿਆ। ਜਦੋਂ ਗੁਰੂ ਜੀ ਨੇ ਸੀਸ-ਭੇਟ ਦੀ ਮੰਗ ਕੀਤੀ ਤਾਂ ਲੋਕਾਂ ਦਾ ਰਹਿੰਦਾ ਖੂੰਹਦਾ ਸਾਹਸ ਵੀ ਜਾਂਦਾ ਰਿਹਾ। ਆਖ਼ਰ ਉਸ ਘਬਰਾਏ ਹੋਏ ਜਨ-ਸਮੂਹ ਵਿੱਚੋਂ ਵੱਖ ਵੱਖ ਪ੍ਰਦੇਸਾਂ ਅਤੇ ਜਾਤੀਆਂ ਵਾਲੇ ਵਾਰੋ ਵਾਰ ਪੰਜ ਸਿਖ ਨਿਤਰੇ ਅਤੇ ਸੀਸ-ਭੇਟ ਕਰ ਕੇ ਖ਼ਾਲਸੇ ਦੇ ਜਨਮ ਦਾ ਉਦਘਾਟਨ ਕੀਤਾ। ਗੁਰੂ ਜੀ ਨੇ ਉਨ੍ਹਾਂ ਨੂੰ ਅੰਮ੍ਰਿਤਪਾਨ ਕਰਾਇਆ

ਅਤੇ ਫਿਰ ਖ਼ੁਦ ਉਨ੍ਹਾਂ ਤੋਂ ਅੰਮ੍ਰਿਤਪਾਨ ਕੀਤਾ, 'ਆਪੇ ਗੁਰੂ-ਚੇਲਾ' ਦੀ ਨਵੀਂ ਗੀਤ ਚਲਾ ਕੇ ਪਰੰਪਰਾਗਤ ਗੁਰੂ-ਵਾਦ ਦੀ ਭਾਵਨਾ ਵਿਚ ਇਕ ਨਵਾਂ ਮੋੜ ਲਿਆਂਦਾ।

'ਅੰਮ੍ਰਿਤਪਾਨ' ਕਰਨ ਨਾਲ ਸਿਖ ਦਾ ਅਮਰ (ਅੰਮ੍ਰਿਤ) ਹੋਣਾ ਕਿਵੇਂ ਸੰਭਵ ਹੈ ? ਉੱਤਰ ਬੜਾ ਸਰਲ ਹੈ ਕਿ ਅੰਮ੍ਰਿਤ ਵਿਚ ਜਲ ਨਿਰਮਲਤਾ ਦਾ ਪ੍ਰਤੀਕ ਹੈ, ਮਿਠਾਸ (ਪਤਾਸੇ) ਪਰਸਪਰ ਮਾਨਵ-ਪਿਆਰ ਦਾ ਸੂਚਕ ਹੈ, ਬਾਣੀ ਦਾ ਪਾਠ ਅਧਿਆਤਮਿਕਤਾ ਦਾ ਲਖਾਇਕ ਹੈ ਅਤੇ ਖੰਡੇ ਦਾ ਸਪਰਸ਼ ਸ਼ਕਤੀ ਦਾ ਸੰਚਾਰ ਹੈ। ਇਸ ਤਰ੍ਹਾਂ ਅੰਮ੍ਰਿਤ ਨਿਰਮਲ ਭਾਵ-ਭੂਮੀ ਤੋਂ ਬਣੀ ਅਧਿਆਤਮਿਕਤਾ ਦੀ ਉਹ ਔਸ਼ਧੀ ਹੈ, ਜੋ ਨਿਰਬਲ ਨੂੰ ਸ-ਸ਼ਕਤ ਬਣਾ ਕੇ ਪਰਸਪਰ ਪ੍ਰੇਮ-ਭਾਵ ਨੂੰ ਸਥਾਪਿਤ ਕਰਨ ਵਾਲੀ ਸੁਅਸਥਤਾ ਪ੍ਰਦਾਨ ਕਰਦੀ ਹੈ। ਅੰਮ੍ਰਿਤਪਾਨ ਕਰਨ ਉਪਰੰਤ ਮਨੁੱਖ ਦੇ ਵਿਅਕਤਿਤਵ ਵਿਚ ਸਮੂਲਚਾ ਪਰਿਵਰਤਨ ਹੋ ਜਾਂਦਾ ਹੈ। ਉਹ ਸੰਸਾਰ ਵਿਚ ਵਿਚਰਦਾ ਹੋਇਆ ਸੰਸਾਰਿਕ ਪ੍ਰਪੰਚ ਤੋਂ ਮੁਕਤ ਇਕ ਅਜਿਹਾ ਸਮਦਰਸ਼ੀ ਬਣ ਜਾਂਦਾ ਹੈ, ਜਿਸ ਦੇ ਮਨ ਵਿੱਚੋਂ ਜਾਤ-ਪਾਤ, ਨਸਲ, ਦੇਸ, ਕੌਮ, ਰਾਸ਼ਟਰ ਦਾ ਭੇਦ-ਭਾਵ ਖ਼ਤਮ ਹੋ ਜਾਂਦਾ ਹੈ, ਜਿਸ ਲਈ ਸਾਰੀ ਸ੍ਰਿਸ਼ਟੀ ਇਕ ਵਿਸ਼ਾਲ ਕੁਟੰਬ ਸਮਾਨ ਹੈ। ਮਰਦਾ ਉਹ ਹੈ ਜਿਸ ਨੂੰ ਮ੍ਰਿਤੂ ਦਾ ਡਰ ਹੈ। ਜੋ ਮ੍ਰਿਤੂ ਨੂੰ ਵੀ ਜਿਤਣ ਵਾਲਾ ਹੈ, ਉਹ ਮਰ ਨਹੀਂ ਸਕਦਾ। ਇਸ ਲਈ ਉਹ ਅਮਰ ਹੈ।

ਅੰਮ੍ਰਿਤਪਾਨ ਕਰਨ ਵਾਲਾ ਖ਼ਾਲਸਾ ਮਾਨਵਤਾ ਦਾ ਹਿਤੈਸ਼ੀ ਹੈ। ਉਹ ਮਨੁੱਖ ਨਾਲ ਮਨੁੱਖ ਨੂੰ ਜੋੜਦਾ ਹੈ, ਵਿੱਥਾਂ ਖ਼ਤਮ ਕਰਦਾ ਹੈ। ਜਦੋਂ ਮਨੁੱਖਤਾ ਦਾ ਅ-ਹਿਤ ਹੋ ਰਿਹਾ ਹੋਵੇ, ਉਹ ਡਟ ਜਾਂਦਾ ਹੈ, ਆਪਾ ਨਿਛਾਵਰ ਕਰ ਦਿੰਦਾ ਹੈ। ਉਹ ਨਾ ਡਰਦਾ ਹੈ, ਨਾ ਡਰਾਂਦਾ ਹੈ। ਉਹ ਨਾ ਕਿਸੇ ਦਾ ਵੈਰੀ ਹੈ, ਨਾ ਕਿਸੇ ਦੇ ਵੈਰ ਨੂੰ ਸਹਾਰਦਾ ਹੈ। ਉਹ ਨਾ ਕਿਸੇ ਦੇ ਹੱਕ ਨੂੰ ਮਾਰਦਾ ਹੈ, ਨਾ ਕਿਸੇ ਨੂੰ ਆਪਣਾ ਹੱਕ ਮਾਰਨ ਦਿੰਦਾ ਹੈ। ਉਹ ਸਰਵ-ਗੁਣ-ਸੰਪੰਨ ਸੁਹਿਰਦ ਮਾਨਵ ਹੈ। ਪਿਛਲਾ ਇਤਿਹਾਸ ਦੱਸਦਾ ਹੈ ਕਿ ਖ਼ਾਲਸੇ ਦੇ ਜਨਮ ਨਾਲ ਭਾਰਤ ਵਿਚ ਅਤੇ ਖ਼ਾਸ ਕਰ ਪੰਜਾਬ ਵਿਚ ਇਕ ਅਜਿਹੇ ਪ੍ਰਤਾਪੀ ਮਨੁੱਖ ਦੇ ਦਰਸ਼ਨ ਹੁੰਦੇ ਹਨ ਜਿਸ ਦੇ ਗੌਰਵਸ਼ਾਲੀ ਕਾਰਨਾਮਿਆਂ ਨਾਲ ਇਤਿਹਾਸ ਦੇ ਪੰਨੇ ਭਰੇ ਪਏ ਹਨ।

ਖ਼ਾਲਸੇ ਦੀ ਮਹਾਨਤਾ ਨੂੰ ਸਭ ਤੋਂ ਪਹਿਲਾਂ ਇਸ ਦੇ ਪ੍ਰਤਾਪੀ ਗੁਰੂ ਗੋਬਿੰਦ ਸਿੰਘ ਜੀ ਨੇ ਸਮਝਿਆ ਅਤੇ ਸਪੱਸ਼ਟ ਐਲਾਨ ਕੀਤਾ :

ਜੁਧ ਜਿਤੇ ਇਨਹੀ ਕੇ ਪ੍ਰਸਾਦਿ,
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥...
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ,
ਨਹੀ ਮੋ ਸੇ ਗਰੀਬ ਕਰੋਰ ਪਰੇ ॥੨॥

(ਪਾਤਸ਼ਾਹੀ ੧੦)

ਇਸ ਤਰ੍ਹਾਂ ਗੁਰੂ ਜੀ ਨੇ ਵਿਸਾਖੀ ਵਾਲੇ ਦਿਨ ਅਸੰਭਵ ਨੂੰ ਸੰਭਵ ਕਰ ਵਿਖਾਉਣ ਦਾ ਇਕ ਵਿਲੱਖਣ ਚੋਜ ਕੀਤਾ, ਜਿਸ ਦਾ ਵਿਸ਼ਵ ਦੇ ਇਤਿਹਾਸ ਵਿਚ ਅਮਿਟ ਸਥਾਨ ਹੈ।

•



ISBN 81-7205-016-X

9 788172 050160